@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 19 June 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 19 ਜੂਨ 2026, 05 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 225, qpatrika@gmail.com ਫੋਨ : 9971359517 www.qaumipatrika.org

## ਜਲੰਧਰ ਦੇ ਸੀਜੀਐੱਸਟੀ ਅਸਿਸਟੈਂਟ ਕਮਿਸ਼ਨਰ ’ਤੇ ਵਿਜੀਲੈਂਸ ਦਾ ਸ਼ਿਕਜਾ

ਜਲੰਧਰ 18 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ ਸਥਿਤ ਸੈਂਟਰਲ ਗੁਡਸ ਐਂਡ ਸਰਵਿਸਿਜ਼ ਟੈਕਸ ਵਿਭਾਗ ਦੇ ਅਸਿਸਟੈਂਟ ਕਮਿਸ਼ਨਰ ਰਵਿੰਦਰ ਕੁਮਾਰ ਸ਼ਰਮਾ ਖਿਲਾਫ 10 ਲੱਖ ਰੁਪਏ ਦੇ ਕਥਿਤ ਰਿਸ਼ਵਤ ਮਾਮਲੇ ’ਚ ਵੱਡਾ ਕਦਮ ਚੁੱਕਦੇ ਹੋਏ ਅਦਾਲਤ ’ਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਇਸ ਮਾਮਲੇ ’ਚ ਵਿਭਾਗ ਨਾਲ ਜੁੜੇ ਚਾਰਟਰਡ ਅਕਾਊਂਟੈਂਟ ਗੁਰਸੇਵਕ ਸਿੰਘ ਖਿਲਾਫ ਵਿਜੀਲੈਂਸ ਪਹਿਲਾਂ ਹੀ ਚਲਾਨ ਪੇਸ਼ ਕਰ ਚੁੱਕੀ ਹੈ। ਹੁਣ ਜਾਂਚ ਦੇ ਆਧਾਰ ’ਤੇ ਅਸਿਸਟੈਂਟ ਕਮਿਸ਼ਨਰ ਨੂੰ ਵੀ ਦੋਸ਼ ਬਣਾਉਂਦੇ ਹੋਏ ਅਦਾਲਤ ’ਚ ਚਾਰਜਸ਼ੀਟ ਦਾਖਲ ਕੀਤੀ ਗਈ ਹੈ। ਵਿਜੀਲੈਂਸ ਜਾਂਚ ਮੁਤਾਬਕ, ਜਲੰਧਰ ਦੇ ਕਾਰੋਬਾਰੀ ਅਨੀਸ਼ ਗਾਂਧੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਨ੍ਹਾਂ ਦੀ ਫਰਮ ਨੂੰ ਬਲੈਕਲਿਸਟ ਕਰਨ ਅਤੇ ਕਾਰਵਾਈ ਕਰਨ ਦੀ ਧਮਕੀ ਦੇ ਕੇ ਉਨ੍ਹਾਂ ਤੋਂ ਰਿਸ਼ਵਤ ਦੀ ਮੰਗ ਕੀਤੀ ਗਈ। ਸ਼ਿਕਾਇਤ ’ਚ ਦੋਸ਼ ਲਗਾਇਆ ਗਿਆ ਕਿ 24 ਅਪ੍ਰੈਲ 2025 ਨੂੰ ਉਨ੍ਹਾਂ ਨੂੰ ਸੀਜੀਐੱਸਟੀ ਦਫਤਰ ਬੁਲਾਇਆ ਗਿਆ, ਜਿਥੇ ਕਾਰਵਾਈ ਤੋਂ ਬਚਣ ਦੇ ਬਦਲੇ 30 ਲੱਖ ਰੁਪਏ ਦੀ ਰਿਸ਼ਵਤ ਮੰਗੀ ਗਈ। ਸ਼ਿਕਾਇਤ ਮਿਲਣ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਨੇ ਜਾਲ ਵਿਛਾਇਆ। 30 ਮਈ 2025 ਨੂੰ ਰਿਸ਼ਵਤ ਦੀ ਪਹਿਲੀ ਕਿਸ਼ਤ ਦੇ ਰੂਪ ’ਚ 10 ਲੱਖ ਰੁਪਏ ਲੈਂਦੇ ਹੋਏ ਵਿਭਾਗ ਨਾਲ ਜੁੜੇ ਚਾਰਟਰਡ ਅਕਾਊਂਟੈਂਟ ਗੁਰਸੇਵਕ ਸਿੰਘ ਨੂੰ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ ਸੀ। ਵਿਜੀਲੈਂਸ ਨੇ ਉਸ ਸਮੇਂ ਦੋਸ਼ੀ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਸੀ। ਜਾਂਚ ਦੌਰਾਨ ਜੁਟਾਏ ਗਏ ਸਬੂਤਾਂ ਦੇ ਆਧਾਰ ’ਤੇ ਵਿਜੀਲੈਂਸ ਨੇ ਹੁਣ ਸੀਜੀਐੱਸਟੀ ਦੇ ਅਸਿਸਟੈਂਟ ਕਮਿਸ਼ਨਰ ਰਵਿੰਦਰ ਕੁਮਾਰ ਸ਼ਰਮਾ ਨੂੰ ਵੀ ਮਾਮਲੇ ’ਚ ਦੋਸ਼ੀ ਬਣਾਉਂਦੇ ਹੋਏ ਅਦਾਲਤ ’ਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਵਿਜੀਲੈਂਸ ਬਿਊਰੋ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਨਾਲ ਜੁੜੇ ਮਾਮਲਿਆਂ ’ਚ ਕਿਸੇ ਵੀ ਪੱਧਰ ਦੇ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਦੋਸ਼ੀਆਂ ਖਿਲਾਫ ਕਾਨੂੰਨ ਦੇ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

# ਵਿਕਾਸ ਵੀ, ਵਿਰਾਸਤ ਵੀ: UNESCO ਨੇ ਭਾਰਤ ਦੀਆਂ 15 ਹੋਰ ਹੈਰੀਟੇਜ ਸਾਈਟਾਂ ਨੂੰ ਦਿੱਤੀ ਮਾਨਤਾ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 18 ਜੂਨ। ਪਿਛਲੇ 12 ਸਾਲਾਂ ਵਿੱਚ ਭਾਰਤ ਨੇ ਆਪਣੀ ਪ੍ਰਾਚੀਨ ਵਿਰਾਸਤ ਨੂੰ ਆਧੁਨਿਕ ਵਿਕਾਸ ਨਾਲ ਜੋੜਨ ਦੇ ਮਿਸ਼ਨ ’ਚ ਬੇਮਿਸਾਲ ਸਫਲਤਾ ਹਾਸਲ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰਾਸਤ ਅਤੇ ਵਿਕਾਸ ਮੁਹਿੰਮ ਦੇ 12 ਸਾਲ ਪੂਰੇ ਹੋਣ ’ਤੇ ਭਾਰਤ ਦੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਪੁਰਾਤਨ ਵਸਤਾਂ ਦੀ ਵਾਪਸੀ ਅਤੇ ਤੀਰਥ ਸਥਾਨਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ??ਕਰਨ ਵਰਗੇ ਯਤਨਾਂ ਨੇ ਦੇਸ਼ ਨੂੰ ਆਪਣੀਆਂ ਸਦੀਆਂ ਪੁਰਾਣੀਆਂ ਪਰੰਪਰਾਵਾਂ ਨਾਲ ਦੁਬਾਰਾ ਜੋੜਿਆ ਹੈ, ਸੱਭਿਆਚਾਰਕ ਚੇਤਨਾ ਵਿੱਚ ਨਵੀਂ ਊਰਜਾ ਭਰੀ ਹੈ। ਸਰਕਾਰ ਦੇ ਵਿਕਾਸ ਵੀ, ਵਿਰਾਸਤ ਵੀ ਦੇ ਸੰਕਲਪ ਨੇ ਨਾ ਸਿਰਫ਼ ਦੇਸ਼ ਦੇ ਸੱਭਿਆਚਾਰਕ ਮਾਣ ਨੂੰ ਬਹਾਲ ਕੀਤਾ ਹੈ, ਸਗੋਂ ਇਸ ਨੂੰ ਆਰਥਿਕ ਤਰੱਕੀ ਦਾ ਇੱਕ ਮਜ਼ਬੂਤ ਸਤੰਭ ਵੀ ਬਣਾਇਆ ਹੈ। ਵਿਸ਼ਵ ਪੱਧਰੀ ਪਛਾਣ ਤੇ ਯੂਨੇਸਕੋ ਦੀਆਂ ਪ੍ਰਾਪਤੀਆਂ ਭਾਰਤ ਦੀ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਮਜ਼ਬੂਤੀ ਪਿਛਲੇ ਦਹਾਕੇ ਵਿੱਚ ਸਪੱਸ਼ਟ ਰੂਪ ਵਿੱਚ ਦਿਖਾਈ ਦਿੱਤੀ ਹੈ। ਯੂਨੇਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਭਾਰਤੀ ਸਥਾਨਾਂ ਦੀ ਗਿਣਤੀ 31 (2014 ਵਿੱਚ) ਤੋਂ ਵਧ ਕੇ 44 ਹੋ ਗਈ ਹੈ। ਇਸ ਤੋਂ ਇਲਾਵਾ ਭਾਰਤ ਦੀਆਂ 15 ਅਮੂਰਤ ਸੱਭਿਆਚਾਰਕ ਵਿਰਾਸਤਾਂ, ਜਿਵੇਂ ਕਿ



ਯੋਗਾ, ਕੁੰਭ ਮੇਲਾ, ਦੁਰਗਾ ਪੂਜਾ ਅਤੇ ਗਰਬਾ ਨੂੰ ਯੂਨੇਸਕੋ ਦੁਆਰਾ ਵਿਸ਼ਵ ਪੱਧਰੀ ਮਾਨਤਾ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵੀਰਵਾਰ ਨੂੰ ਵਿਰਾਸਤ ਵੀ, ਵਿਕਾਸ ਵੀ ਮੁਹਿੰਮ ਦੀ 12ਵੀਂ ਵਰ੍ਹੇਗੰਢ ’ਤੇ ਪ੍ਰਸ਼ੰਸਾ ਕੀਤੀ। ✓ ’ਤੇ ਇੱਕ ਪੋਸਟ ਵਿੱਚ ਉਨ੍ਹਾਂ ਨੇ ਕਿਹਾ ਕਿ ਵਿਕਾਸ ਦੇ ਨਾਲ-ਨਾਲ ਵਿਰਾਸਤ ਦੇ ਦ੍ਰਿਸ਼ਟੀਕੋਣ ਨੇ ਭਾਰਤ ਦੇ ਵਿਸ਼ਵਾਸ, ਸੱਭਿਆਚਾਰ ਅਤੇ ਇਤਿਹਾਸ ਨੂੰ ਇੱਕ ਨਵੀਂ ਪਛਾਣ ਦਿੱਤੀ ਹੈ। ਕਾਸ਼ੀ ਵਿਸ਼ਵਨਾਥ ਧਾਮ: 355 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਕਾਰੀਡੋਰ ਨੇ ਵਾਰਾਣਸੀ ਦੀ ਨੁਹਾਰ ਬਦਲ ਦਿੱਤੀ ਹੈ। ਦਸੰਬਰ 2021 ਤੋਂ ਹੁਣ ਤੱਕ ਇੱਥੇ 25.28 ਕਰੋੜ ਤੋਂ ਵੱਧ ਸ਼ਰਧਾਲੂ ਆ ਚੁੱਕੇ ਹਨ, ਜਿਸ ਨਾਲ ਲਗਭਗ 1.25 ਲੱਖ ਕਰੋੜ ਰੁਪਏ ਦਾ ਆਰਥਿਕ ਪ੍ਰਭਾਵ ਪਿਆ ਹੈ। ਅਯੁੱਧਿਆ ਰਾਮ ਮੰਦਰ: ਜਨਵਰੀ 2024 ਵਿੱਚ ਪ੍ਰਾਣ ਪ੍ਰਤਿਸ਼ਠਾ ਤੋਂ ਬਾਅਦ, ਅਯੁੱਧਿਆ ਇੱਕ ਪ੍ਰਮੁੱਖ ਅਧਿਆਤਮਿਕ ਕੇਂਦਰ ਵਜੋਂ ਉੱਭਰਿਆ ਹੈ। ਸਾਲ 2025 ਦੇ ਪਹਿਲੇ ਛੇ ਮਹੀਨਿਆਂ ਵਿੱਚ ਹੀ ਇੱਥੇ 230 ਮਿਲੀਅਨ (23 ਕਰੋੜ) ਤੋਂ ਵੱਧ ਸ਼ਰਧਾਲੂ ਨਤਮਸਤਕ ਹੋਏ ਹਨ। ਅਨੁਮਾਨ ਹੈ ਕਿ 2028 ਤੱਕ ਇੱਥੋਂ ਦਾ ਸਾਲਾਨਾ ਮਾਲੀਆ 18,000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਕੇਦਾਰਨਾਥ ਅਤੇ ਸੋਮਨਾਥ: ਕੇਦਾਰਨਾਥ ਵਿੱਚ 4,081 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ 12.9 ਕਿਲੋਮੀਟਰ ਲੰਬਾ ਰੋਪਵੇਅ ਯਾਤਰਾ ਦੇ ਸਮੇਂ ਨੂੰ 8-9 ਘੰਟਿਆਂ ਤੋਂ ਘਟਾ ਕੇ ਸਿਰਫ਼ 36 ਮਿੰਟ ਕਰ ਦੇਵੇਗਾ।

## ਐੱਨਆਈਏ ਨੇ ਬਾਰਾਮੂਲਾ ’ਚ ਅੱਤਵਾਦ ਮਾਮਲੇ ਦੇ ਦੋਸ਼ੀ ਦੀ ਜ਼ਮੀਨ ਕੀਤੀ ਜ਼ਬਤ

ਸ਼੍ਰੀਨਗਰ 18 ਜੂਨ। ਜੰਮੂ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ’ਚ ਰਾਸ਼ਟਰੀ ਜਾਂਚ ਬਿਊਰੋ (ਐੱਨਆਈਏ) ਨੇ ਬੁੱਧਵਾਰ ਨੂੰ ਗੈਰ-ਕਾਨੂੰਨੀ ਰੋਕਥਾਮ ਐਕਟ (ਯੂਏਪੀਏ) ਦੇ ਅਧੀਨ 2 ਜ਼ਮੀਨਾਂ ਜ਼ਬਤ ਕੀਤੀਆਂ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ ਕਨਿਸਪੋਰਾ ’ਚ 7.5 ਮਰਲਾ (2,050 ਵਰਗ ਫੁੱਟ) ਅਤੇ 6 ਮਰਲਾ (1,632 ਵਰਗ ਫੁੱਟ) ਦੀਆਂ 2 ਜ਼ਮੀਨਾਂ ਸ਼ਾਹੀਨ ਅਹਿਮਦ ਲੋਨ ਦੀਆਂ ਹਨ, ਜੋ 2020 ’ਚ ਐੱਨਆਈਏ ਵਲੋਂ ਦਰਜ ਇਕ ਮਾਮਲੇ ’ਚ ਦੋਸ਼ੀ ਹੈ। ਅਧਿਕਾਰੀਆਂ ਅਨੁਸਾਰ, ਇਹ ਜ਼ਬਤੀ ਕਾਰਵਾਈ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਦੀ ਧਾਰਾ 33 (1) ਦੇ ਅਧੀਨ ਜੰਮੂ ਸਥਿਤ ਐੱਨਆਈਏ ਦੀ ਵਿਸ਼ੇਸ਼ ਅਦਾਲਤ ਵਲੋਂ ਜਾਰੀ ਆਦੇਸ਼ ਦੇ ਆਧਾਰ ’ਤੇ ਕੀਤੀ ਗਈ। ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਹਿਜ਼ਬੁਲ ਮੁਜਾਹੀਦੀਨ ਅਤੇ ਪਾਕਿਸਤਾਨ ਦੀਆਂ ਸਰਕਾਰੀ ਏਜੰਸੀਆਂ ਦੀ ਸ਼ਮੂਲੀਅਤ ਵਾਲੀ ਡੂੰਘੀ ਸਾਜਿਸ਼ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਜ਼ਬਤੀ ਇਸੇ ਜਾਂਚ ਦਾ ਇਕ ਹਿੱਸਾ ਹੈ। ਐੱਨਆਈਏ ਅਨੁਸਾਰ, ਇਹ ਸਾਜਿਸ਼ ਭਾਰਤ ’ਚ ਅੱਤਵਾਦੀ ਗਤੀਵਿਧੀਆਂ ਨੂੰ ਉਤਸ਼ਾਹ ਦੇਣ ਅਤੇ ਉਨ੍ਹਾਂ ਨੂੰ ਸਮਰਥਨ ਦੇਣ ਦੇ ਮਕਸਦ ਨਾਲ ਰਚੀ ਗਈ ਸੀ। ਜਾਂਚ ਦਾ ਕੇਂਦਰ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ, ਅੱਤਵਾਦ ਲਈ ਪੈਸੇ ਜੁਟਾਉਣ (ਟੈਰਰ ਫੰਡਿੰਗ) ਅਤੇ ਹਿਜ਼ਬੁਲ ਮੁਜਾਹੀਦੀਨ ਦੇ ਅੱਤਵਾਦੀਆਂ ਅਤੇ ਸਾਬਕਾ ਪੁਲਸ ਡਿਪਟੀ ਸੁਪਰਡੈਂਟ (ਡੀਐੱਸਪੀ) ਦੇਵੇਂਦਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਜੁੜੇ ਮਾਮਲੇ ਹਨ। ਅਧਿਕਾਰੀਆਂ ਅਨੁਸਾਰ, ਜਾਂਚ ਏਜੰਸੀਆਂ ਇਨ੍ਹਾਂ ਸਾਰੇ ਪਹਿਲੂਆਂ ਦੀ ਡੂੰਘੀ ਜਾਂਚ ਕਰ ਰਹੀਆਂ ਹਨ।

## ਸਮਾਜਵਾਦੀ ਪਾਰਟੀ ਦੇ 25 ਸੰਸਦ ਮੈਂਬਰ ਭਾਜਪਾ ’ਚ ਸ਼ਾਮਲ ਹੋਣ ਲਈ ਤਿਆਰ: ਕੇਸ਼ਵ ਪ੍ਰਸਾਦ

ਲਖਨਊ/ਕਾਨਪੁਰ 18 ਜੂਨ। ਉੱਤਰ ਪ੍ਰਦੇਸ਼ ਦੀ ਸਿਆਸਤ ’ਚ ਇੱਕ ਵਾਰ ਫਿਰ ਸਿਆਸੀ ਭੂਚਾਲ ਆਉਣ ਦੀਆਂ ਸੰਭਾਵਨਾਵਾਂ ਜਤਾਈਆਂ ਜਾ ਰਹੀਆਂ ਹਨ। ਸੂਬੇ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਇੱਕ ਵੱਡਾ ਦਾਅਵਾ ਕਰਦਿਆਂ ਕਿਹਾ ਹੈ ਕਿ ਸਮਾਜਵਾਦੀ ਪਾਰਟੀ (ਸਪਾ) ਦੇ ਲਗਭਗ 25 ਤੋਂ 26 ਸੰਸਦ ਮੈਂਬਰ ਪਾਰਟੀ ਛੱਡਣ ਤੇ ਪਾਲਾ ਬਦਲਣ ਲਈ ਬਿਲਕੁਲ ਤਿਆਰ ਬੈਠੇ ਹਨ। ਕਾਨਪੁਰ ’ਚ ਮੀਡੀਆ ਨਾਲ ਗੱਲਬਾਤ ਕਰਦਿਆਂ ਕੇਸ਼ਵ ਮੌਰਿਆ ਨੇ ਟੀਐੱਮਸੀ ਤੇ ਸ਼ਿਵ ਸੈਨਾ ’ਚ ਹੋਈ ਫੁੱਟ ਦਾ ਉਦਾਹਰਣ ਦਿੰਦਿਆਂ ਕਿਹਾ ਕਿ ਸਪਾ ’ਚ ਵੀ ਅਜਿਹੀ ਹੀ ਦਰਾਰ ਨਜ਼ਰ ਆ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਜਪਾ ਫਿਲਹਾਲ ਪਾਰਟੀ ਨੂੰ ਖੁਦ ਨਹੀਂ ਤੋੜ ਰਹੀ, ਪਰ 2027 ਦੀਆਂ ਯੂਪੀ ਵਿਧਾਨ ਸਭਾ ਚੋਣਾਂ ਤੱਕ ਇਹ ਨੇਤਾ ਆਪਣੇ ਆਪ ਹੀ ਟੁੱਟ ਕੇ ਚਲੇ ਜਾਣਗੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਵੀ ਸੋਸ਼ਲ ਮੀਡੀਆ ਰਾਹੀਂ ਦਾਅਵਾ ਕੀਤਾ ਸੀ ਕਿ ਸਪਾ ਵਿੱਚ ਵੱਡੀ ਟੁੱਟ ਹੋਣ ਵਾਲੀ ਹੈ ਅਤੇ ਰਾਮ ਗੋਪਾਲ ਯਾਦਵ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਵੀ ਸੌਂਪੀ ਹੈ। ਰਾਜਭਰ ਮੁਤਾਬਕ, ਵੱਖ-ਵੱਖ ਘੁਟਾਲਿਆਂ ਦੀ ਜਾਂਚ ਦੇ ਡਰ ਕਾਰਨ ਸਪਾ ਨੇਤਾ ਪਰੇਸ਼ਾਨ ਹਨ ਅਤੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਸਮਾਜਵਾਦੀ ਪਾਰਟੀ ਨੇ ਇਨ੍ਹਾਂ ਦਾਅਵਿਆਂ ’ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਵਿਧਾਨ ਸਭਾ ਵਿੱਚ ਨੇਤਾ ਪ੍ਰਤੀਪੱਖ ਮਾਤਾ ਪ੍ਰਸਾਦ ਪਾਂਡੇ ਨੇ ਰਾਜਭਰ ’ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਨੂੰ ਖੁਦ ਇੱਕ ਸਕੈਮ ਦੱਸਿਆ। ਸਪਾ ਨੇਤਾ ਰਵਿਦਾਸ ਮੇਹਰੋਤਰਾ ਨੇ ਦਾਅਵਾ ਕੀਤਾ ਕਿ ਸਪਾ ਦਾ ਇੱਕ ਵੀ ਨੇਤਾ ਭਾਜਪਾ ਵਿੱਚ ਨਹੀਂ ਜਾਵੇਗਾ ਅਤੇ 2027 ਵਿੱਚ ਅਖਿਲੇਸ਼ ਯਾਦਵ ਦੀ ਅਗਵਾਈ ਵਿੱਚ ਹੀ ਸਰਕਾਰ ਬਣੇਗੀ। ਉਨ੍ਹਾਂ ਦੋਸ਼ ਲਾਇਆ ਕਿ ਰਾਜਭਰ ਸਿਰਫ ਮੰਤਰੀ ਦਾ ਅਹੁਦਾ ਬਚਾਉਣ ਲਈ ਅਜਿਹੇ ਬਿਆਨ ਦੇ ਰਹੇ ਹਨ। ਇਸੇ ਦੌਰਾਨ ਕੇਸ਼ਵ ਮੌਰਿਆ ਨੇ ਅਯੁੱਧਿਆ ਰਾਮ ਮੰਦਰ ਦੇ ਦਾਨਪਾਤਰ ਵਿੱਚੋਂ ਪੈਸੇ ਚੋਰੀ ਹੋਣ ਦੇ ਮਾਮਲੇ ’ਤੇ ਵੀ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਜਿਸ ਨੇ ਵੀ ਦਾਨ ਦਾ ਪੈਸਾ ਖਾਧਾ ਹੈ

## ਜ਼ਮੀਨ ਤੋਂ ਹਮਲਾ ਕਰਨ ਵਾਲੀ ਲੰਬੀ ਦੂਰੀ ਦੀ ਕਰੂਜ਼ ਮਿਜ਼ਾਈਲ ਦਾ ਕੀਤਾ ਸ.ਫਲ ਪ੍ਰੀਖਣ

ਨਵੀਂ ਦਿੱਲੀ 18 ਜੂਨ। ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ. ਆਰ. ਡੀ. ਓ.) ਨੇ ਸੋਮਵਾਰ ਨੂੰ ਓਡਿਸ਼ਾ ਦੇ ਤੱਟ ’ਤੇ ਸਥਿਤ ਡਾ. ਏ. ਪੀ. ਜੇ. ਅਬਦੁਲ ਕਲਾਮ ਟਾਪੂ ਤੋਂ ਜ਼ਮੀਨ ’ਤੇ ਹਮਲਾ ਕਰਨ ਵਾਲੀ ਲੰਬੀ ਦੂਰੀ ਦੀ ਕਰੂਜ਼ ਮਿਜ਼ਾਈਲ ਦਾ ਸ.ਫਲ ਉਡਾਣ ਪ੍ਰੀਖਣ ਕੀਤਾ ਗਿਆ। ਇਸ ਦੀ ਜਾਣਕਾਰੀ ਰੱਖਿਆ ਮੰਤਰਾਲਾ ਵਲੋਂ ਦਿੱਤੀ ਗਈ। ਉਨ੍ਹਾਂ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਏਕੀਕ੍ਰਿਤ ਪ੍ਰੀਖਣ ਰੇਂਜ, ਚਾਂਦੀਪੁਰ ਵਿਚ ਵੱਖ-ਵੱਖ ਟ?ਰੈਕਿੰਗ ਯੰਤਰਾਂ ਤੋਂ ਮਿਲੇ ਡਾਟਾ ਅਨੁਸਾਰ, ਪ੍ਰੀਖਣ ਦੇ ਸਾਰੇ ਟੀਚੇ ਪੂਰੀ ਤਰ੍ਹਾਂ ਹਾਸਲ ਕਰ ਲਏ ਗਏ। ਉਨ੍ਹਾਂ ਕਿਹਾ ਕਿ ਇਹ ਦੇਸ਼ ਵਿਚ ਹੀ ਵਿਕਸਿਤ ਕੀਤੀ ਗਈ ਮਿਜ਼ਾਈਲ ਹੈ, ਜਿਸ ਦੇ ਸਾਰੇ ਸਬ-ਸਿਸਟਮ ਡੀ. ਆਰ. ਡੀ. ਓ. ਦੀਆਂ ਵੱਖ-ਵੱਖ ਪ੍ਰਯੋਗਸ਼ਾਲਾਵਾਂ ਅਤੇ ਭਾਰਤੀ ਉਦਯੋਗ ਭਾਈਵਾਲਾਂ (ਇੰਡਸਟਰੀ ਪਾਰਟਨਰਜ਼) ਵੱਲੋਂ ਵਿਕਸਿਤ ਕੀਤੇ ਗਏ ਹਨ। ਇਸ ਦੇ ਨਾਲ ਹੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ.ਫਲ ਉਡਾਣ ਪ੍ਰੀਖਣ ’ਤੇ ਡੀ. ਆਰ. ਡੀ. ਓ. ਟੀਮ ਅਤੇ ਉਦਯੋਗ ਭਾਈਵਾਲਾਂ ਨੂੰ ਵਧਾਈ ਦਿੱਤੀ ਹੈ।

## ਮਨੀ ਲਾਂਡਰਿੰਗ ਮਾਮਲੇ ’ਚ ਪਿਨਰਾਈ ਵਿਜਯਨ ਦੀ ਧੀ ਵੀਣਾ ਈਡੀ ਸਾਹਮਣੇ ਹੋਈ ਪੇਸ਼

ਕੋਚੀ 18 ਜੂਨ। ਕੇਰਲ ਦੇ ਸਾਬਕਾ ਮੁੱਖ ਮੰਤਰੀ ਪਿਨਾਰਾਈ ਵਿਜਯਨ ਦੀ ਧੀ ਵੀਣਾ ਟੀ. ਬੁੱਧਵਾਰ ਨੂੰ ਆਪਣੀ ਬੰਦ ਹੋ ਚੁੱਕੀ ਆਈਟੀ ਕੰਪਨੀ ਅਤੇ ਮਾਈਨਿੰਗ ਕੰਪਨੀ ਸੀਐੱਮਆਰਐੱਲ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸਾਹਮਣੇ ਪੇਸ਼ ਹੋਈ। ਕੇਂਦਰੀ ਏਜੰਸੀ ਵੱਲੋਂ ਜਾਰੀ ਕੀਤੇ ਗਏ ਨਵੇਂ ਸੰਮਨ ਤੋਂ ਬਾਅਦ ਵੀਣਾ ਅੱਜ ਸਵੇਰੇ 10:30 ਵਜੇ ਦੇ ਕਰੀਬ ਈਡੀ ਦਫ਼ਤਰ ਪਹੁੰਚੀ। ਈਡੀ ਦਫ਼ਤਰ ਦੇ ਬਾਹਰ ਭਾਰੀ ਪੁਲਸ ਤਾਇਨਾਤ ਸੀ, ਜਿੱਥੇ ਵੀਣਾ ਆਪਣੀ ਕਾਰ ਤੋਂ ਉਤਰ ਕੇ ਸਿੱਧੀ ਅੰਦਰ ਚਲੀ ਗਈ। ਇਸ ਤੋਂ ਪਹਿਲਾਂ ਏਜੰਸੀ ਨੇ ਉਸਨੂੰ 12 ਜੂਨ ਨੂੰ ਕੋਚੀ ਯੂਨਿਟ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਸੀ ਪਰ ਉਨ੍ਹਾਂ ਨੇ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਪਣੀ ਅਸਮਰੱਥਾ ਜ਼ਾਹਰ ਕੀਤੀ। ਉਸਨੂੰ ਉਸਦੀ ਬੰਦ ਹੋ ਚੁੱਕੀ ਆਈਟੀ ਫਰਮ, ਐਕਸਾਲੋਜਿਕ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਦੇ ਲੈਣ-ਦੇਣ ਨਾਲ ਸਬੰਧਤ ਦਸਤਾਵੇਜ਼ਾਂ ਨਾਲ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਈਡੀ ਨੇ ਮੰਗਲਵਾਰ ਨੂੰ ਇਸ ਮਾਮਲੇ ਦੇ ਸਬੰਧ ਵਿੱਚ ਸੀਐੱਮਆਰਐੱਲ ਦੇ ਸੰਸਥਾਪਕ ਸ਼ਸ਼ੀਧਰਨ ਕਾਰਥਾ ਦੇ ਪੁੱਤਰ ਅਤੇ ਪਤਨੀ ਤੋਂ ਪੁੱਛਗਿੱਛ ਕੀਤੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਏਜੰਸੀ ਨੇ ਇਸੇ ਮਾਮਲੇ ਵਿੱਚ ਕਾਰਥਾ ਦੀ ਧੀ ਤੋਂ ਵੀ ਪੁੱਛਗਿੱਛ ਕੀਤੀ ਸੀ। ਇਹ ਜਾਂਚ ਉਨ੍ਹਾਂ ਦੋਸ਼ਾਂ ਨਾਲ ਸਬੰਧਤ ਹੈ, ਜਿਸ ਵਿਚ ਕੋਚੀਨ ਮਿਨਰਲਜ਼ ਐਂਡ ਰੂਟਾਈਲ ਲਿਮਟਿਡ ਨੇ ਬਿਨਾਂ ਕਿਸੇ ਸੇਵਾ ਦੇ ਐਕਸਾਲੋਜਿਕ ਨੂੰ 2.78 ਕਰੋੜ ਦਾ ਭੁਗਤਾਨ ਕੀਤਾ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਨੁਸਾਰ, ਦੇ ਮੈਨੇਜਿੰਗ ਡਾਇਰੈਕਟਰ ਕਾਰਥਾ ਦੁਆਰਾ ਚਲਾਇਆ ਜਾਂਦਾ ਇੱਕ ਹੋਰ ਕੰਪਨੀ, ਐਂਪੋਰ ਇੰਡੀਆ ਕੈਪੀਟਲ ਇਨਵੈਸਟਮੈਂਟਸ ਪ੍ਰਾਈਵੇਟ ਲਿਮਟਿਡ ਨੇ ਵੀ 50 ਲੱਖ ਦਾ ਕਰਜ਼ਾ ਦਿੱਤਾ ਸੀ, ਜਦਕਿ ਕੰਪਨੀ ਕਥਿਤ ਤੌਰ ’ਤੇ ਸਮੇਂ ਸਿਰ ਇਸਦਾ ਭੁਗਤਾਨ ਕਰਨ ਵਿੱਚ ਅਸਫਲ ਰਹੀ। ਏਜੰਸੀ ਦਾ ਦੋਸ਼ ਹੈ ਕਿ ਵੀਣਾ ਅਤੇ ਕਾਰਥਾ ਦੀ ਅਗਵਾਈ ਹੇਠ ਪ੍ਰਬੰਧਨ ਨੇ ਇਨ੍ਹਾਂ ਲੈਣ-ਦੇਣਾਂ ਰਾਹੀਂ ਅਪਰਾਧ ਦੀ ਕਮਾਈ ਕਮਾਈ ਕੀਤੀ। ਈਡੀ ਨੇ ਅਪ੍ਰੈਲ 2025 ਵਿੱਚ ਏਰਨਾਕੁਲਮ ਦੀ ਇੱਕ ਅਦਾਲਤ ਵਿੱਚ ਗੰਭੀਰ ਧੋਖਾਧੜੀ ਜਾਂਚ ਦਫ਼ਤਰ ਦੁਆਰਾ ਦਾਇਰ ਕੀਤੀ ਗਈ ਇੱਕ ਮੁਕੱਦਮੇ ਦੀ ਸ਼ਿਕਾਇਤ ਦੇ ਆਧਾਰ ’ਤੇ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਸੀ। ਜ਼ਿਕਰਯੋਗ ਹੈ ਕਿ SFIO ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੀ ਜਾਂਚ ਸ਼ਾਖਾ ਹੈ। ਜਨਵਰੀ 2019 ਵਿੱਚ ਆਮਦਨ ਕਰ ਵਿਭਾਗ ਦੇ ਛਾਪੇਮਾਰੀ ਤੋਂ ਬਾਅਦ CMRL ਕੇਂਦਰੀ ਏਜੰਸੀਆਂ ਦੇ ਰਡਾਰ ’ਤੇ ਆ ਗਿਆ ਸੀ।

# ਪੰਜਾਬ ਦੀ ਨੁਹਾਰ ਬਦਲੇਗਾ ਹਰਿਆਣਾ ਦਾ ਵਿਕਾਸ ਮਾਡਲ : ਨਾਇਬ ਸਿੰਘ ਸੈਣੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਜਲੰਧਰ 18 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ ਕਾਰਜਕਾਲ ਦੇ 12 ਸਾਲ ਪੂਰੇ ਹੋ ਗਏ ਹਨ। ਭਾਰਤੀ ਜਨਤਾ ਪਾਰਟੀ ਆਪਣੇ ਸ਼ਾਸਨ ਦੀਆਂ ਪ੍ਰਾਪਤੀਆਂ ਅਤੇ ਨੀਤੀਆਂ ਰਾਹੀਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਅੰਦਰ ਵੀ ਆਪਣੀ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੀ ਹੈ। ਇਸ ਨੂੰ ਲੈ ਕੇ ਭਾਜਪਾ ਨੇ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਸੂਬੇ ਵਿਚ ਸਰਗਰਮੀਆਂ ਵੀ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਅੰਦਰ ਸਭ ਤੋਂ ਸਰਗਰਮ ਭਾਜਪਾ ਆਗੂਆਂ ਵਿਚ ਸ਼ਾਮਲ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ‘ਜਗ ਬਾਣੀ’ ਨਾਲ ਵਿਸ਼ੇਸ਼ ਇੰਟਰਵਿਊ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਲੋਕ ਭਲਾਈ ਲਈ ਕੀਤੇ ਕੰਮਾਂ ਦਾ ਹਵਾਲਾ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਵੀ ਭਾਜਪਾ ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਦੀ ਸਿਆਸਤ ਨਾਲ ਜੁੜੇ ਕਈ ਅਹਿਮ ਮਸਲਿਆਂ ’ਤੇ ਵੀ ਖੁੱਲ੍ਹ ਕੇ



ਗੱਲਬਾਤ ਕੀਤੀ। ਪੇਸ਼ ਹਨ ਇਸ ਇੰਟਰਵਿਊ ਦੇ ਮੁੱਖ ਅੰਸ਼- ਪਿਛਲੇ 12 ਸਾਲਾਂ ਦੌਰਾਨ ਹਰਿਆਣਾ ਵਿਚ ਬਹੁਤ ਵੱਡਾ ਬਦਲਾਅ ਵੇਖਣ ਨੂੰ ਮਿਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਿਚ ਹਰਿਆਣਾ ਦੇ ਪਿੰਡਾਂ ਤੇ ਸ਼ਹਿਰਾਂ ਦੀ ਨੁਹਾਰ ਬਦਲੀ ਗਈ ਹੈ। ਭਾਜਪਾ ਨੇ ਆਪਣੇ ਸੰਕਲਪ ਪੱਤਰ ਵਿਚ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਲਗਾਤਾਰ ਪੂਰਾ ਕੀਤਾ ਗਿਆ ਹੈ। ਅੱਜ ਹਰਿਆਣਾ ਇੰਡਸਟ?ਰੀਅਲ ਗ੍ਰੋਥ ਅਤੇ ਇਨਫਰਾਸਟ?ਰਕਚਰ ਵਿਚ ਬਹੁਤ ਅੱਗੇ ਵਧਿਆ ਹੈ। ਇਸ ਦੇ ਨਾਲ ਹੀ ਭਾਜਪਾ ਵੱਲੋਂ ਕਿਸਾਨਾਂ ਦੀ ਮਜ਼ਬੂਤੀ ਲਈ ਵੀ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਕੁਦਰਤੀ ਆਫ਼ਤਾਂ ਕਾਰਨ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਭਾਜਪਾ ਸਰਕਾਰ ਹਰ ਸਾਲ ਐੱਮ. ਐੱਸ. ਪੀ. ਵਿਚ 50 ਫ਼ੀਸਦੀ ਦਾ ਵਾਧਾ ਕਰ ਰਹੀ ਹੈ। ਸਾਡੀ ਸਰਕਾਰ ਨੇ ਕਿਸਾਨਾਂ ਨਾਲ ਚੋਣਾਂ ’ਚ ਵਾਅਦਾ ਕੀਤਾ ਸੀ ਕਿ ਅਸੀਂ ਪੂਰੀ ਫ਼ਸਲ ਐੱਮ. ਐੱਸ. ਪੀ. ’ਤੇ ਖਰੀਦਾਂਗੇ ਤੇ ਅਸੀਂ ਇਹ ਵਾਅਦਾ ਪੂਰਾ ਵੀ ਕੀਤਾ ਹੈ। ਹਰਿਆਣਾ ਅਜਿਹਾ ਪਹਿਲਾ ਸੂਬਾ ਹੈ, ਜਿੱਥੇ ਕਿਸਾਨਾਂ ਦੀ ਸਾਰੀ ਫ਼ਸਲ ਐੱਮ. ਐੱਸ. ਪੀ. ’ਤੇ ਖ਼ਰੀਦੀ ਜਾ ਰਹੀ ਹੈ। ਜੇਕਰ ਕਿਸਾਨਾਂ ਨੂੰ ਮੰਡੀ ਵਿਚ ਕਿਸੇ ਫਲ?-ਸਬਜ਼ੀ ਨੂੰ ਵੇਚਣ ਵਿਚ ਵੀ ਘਾਟਾ ਪੈਂਦਾ ਹੈ ਤਾਂ ਹਰਿਆਣਾ ਸਰਕਾਰ ਉਸ ਦੀ ਭਰਪਾਈ ਕਰ ਰਹੀ ਹੈ। ਹੁਣ ਹਰਿਆਣਾ ਦੇ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਰਾਲੀ ਸਾੜਨ ਲਈ ਕਿਸਾਨਾਂ ’ਤੇ ਸਿਰਫ਼ ਦੋਸ਼ ਮੜ੍ਹਨ ਦੀ ਬਜਾਏ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਲਈ ਲੋੜੀਂਦੀ ਮਸ਼ੀਨਰੀ ਅਤੇ ਮੁਆਵਜ਼ਾ ਦਿੱਤਾ, ਜਿਸ ਨਾਲ ਹਰਿਆਣਾ ਵਿਚ ਪਰਾਲੀ ਸਾੜਨ ਦੇ ਮਾਮਲੇ ਬਹੁਤ ਘੱਟ ਹੋ ਗਏ। ਅਸੀਂ ਕਿਸਾਨਾਂ ਨੂੰ 1.20 ਲੱਖ ਬੇਲਰ ਦਿੱਤੇ ਅਤੇ ਪਰਾਲੀ ਨਾ ਸਾੜਨ ਲਈ 1,200 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ। ਨਤੀਜਾ ਇਹ ਹੈ ਕਿ ਹਰਿਆਣਾ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ 90 ਫ਼ੀਸਦੀ ਤੱਕ ਘਟ ਗਏ ਤੇ ਆਉਣ ਵਾਲੇ ਸਮੇਂ ਵਿਚ ਕਿਸਾਨ 100 ਫ਼ੀਸਦੀ ਪਰਾਲੀ ਸਾੜਨੀ ਬੰਦ ਕਰ ਦੇਣਗੇ। ਉੱਥੇ ਹੀ ਪੰਜਾਬ ਵਿਚ ਅਜਿਹੇ ਪ੍ਰਬੰਧ ਨਾ ਹੋਣ ਕਾਰਨ ਪਿਛਲੇ 5 ਸਾਲਾਂ ਵਿਚ ਪਰਾਲੀ ਸਾੜਨ ਦੇ ਮਾਮਲੇ 3 ਗੁਣਾ ਵਧ ਗਏ ਹਨ। ਸੁਪਰੀਮ ਕੋਰਟ ਨੇ ਵੀ ਪੰਜਾਬ ਸਰਕਾਰ ਨੂੰ ਝਾੜ ਪਾਉਂਦਿਆਂ ਨਸੀਹਤ ਦਿੱਤੀ ਹੈ ਕਿ ਉਹ ਹਰਿਆਣਾ ਤੋਂ ਸਿੱਖ ਕੇ ਅਜਿਹੀ ਯੋਜਨਾ ਬਣਾਵੇ। ਮੈਂ ਕਿਸਾਨ ਪਰਿਵਾਰ ਨਾਲ ਸਬੰਧਤ ਹਾਂ ਤੇ ਬਚਪਨ ਤੋਂ ਹੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਬਹੁਤ ਨੇੜਿਓਂ ਵੇਖਿਆ ਹੈ। ਸਾਡਾ ਇੱਕੋ ਮੁੱਦਾ ਹੈ ਕਿ ਸਾਡਾ ਕਿਸਾਨ ਮਜ਼ਬੂਤ ਤੇ ਖ਼ੁਸ਼ਹਾਲ ਹੋਣਾ ਚਾਹੀਦਾ ਹੈ। ਅਸੀਂ ਉਸੇ ਨੀਅਤ ਨਾਲ ਕੰਮ ਕਰਦੇ ਹਾਂ। ਜੇਕਰ ਕਿਸੇ ਗੱਲੋਂ ਵਖਰੇਵੇਂ ਆਉਂਦੇ ਵੀ ਹਨ ਤਾਂ ਆਪਸੀ ਗੱਲਬਾਤ ਨਾਲ ਹੀ ਹੱਲ ਕੀਤੇ ਜਾ ਸਕਦੇ ਹਨ। ਕਿਸਾਨ ਦੇਸ਼ ਦੀ ਮਜ਼ਬੂਤੀ ਲਈ ਕੰਮ ਕਰਦਾ ਹੈ, ਉਹ ਭਾਰਤ ਮਾਤਾ ਨੂੰ ਪਿਆਰ ਕਰਦਾ ਹੈ। ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਵਾਅਦਾ ਕੀਤਾ ਸੀ ਕਿ ਅਸੀਂ ਐੱਮ. ਐੱਸ. ਪੀ. ’ਤੇ ਫ਼ਸਲਾਂ ਖਰੀਦਾਂਗੇ ਪਰ ਉਹ ਪੂਰਾ ਨਹੀਂ ਕੀਤਾ। ਇੱਥੋਂ ਤਕ ਕਿ ਜਿਹੜੀਆਂ 2 ਫ਼ਸਲਾਂ (ਕਣਕ ਤੇ ਝੋਨਾ) ਨੂੰ ਕੇਂਦਰ ਖਰੀਦ ਰਿਹਾ ਹੈ, ਉਸ ਦੇ ਲਈ ਵੀ ਪੰਜਾਬ ਸਰਕਾਰ ਵੱਲੋਂ ਚੰਗੇ ਪ੍ਰਬੰਧ ਮੁਹੱਈਆ ਨਹੀਂ ਕਰਵਾਏ ਜਾ ਰਹੇ। ਉੱਥੇ ਹੀ ਹਰਿਆਣਾ ਵਿਚ ਅਸੀਂ ਆਪਣੇ ਵਾਅਦੇ ਮੁਤਾਬਕ 24 ਦੀਆਂ 24 ਫ਼ਸਲਾਂ ਐੱਮ. ਐੱਸ. ਪੀ. ’ਤੇ ਖ਼ਰੀਦ ਰਹੇ ਹਾਂ। ਜਿਹੜੀਆਂ ਖ਼ੇਤਰੀ ਫ਼ਸਲਾਂ ਹੁੰਦੀਆਂ ਹਨ, ਉਨ੍ਹਾਂ ਨੂੰ ਐੱਮ. ਐੱਸ. ਪੀ. ’ਤੇ ਖਰੀਦਣ ਦਾ ਕੰਮ ਸੂਬਾ ਸਰਕਾਰ ਦਾ ਹੀ ਹੈ।

## ਅਮਿਤ ਸ਼ਾਹ ਨੂੰ ਮਿਲਣਗੇ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ

ਨੈਸ਼ਨਲ ਡੈਸਕ 18 ਜੂਨ। ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨ ਵਾਲੇ ਹਨ, ਜਿਸ ਦੇ ਲਈ ਉਹ ਦਿੱਲੀ ਰਵਾਨਾ ਹੋ ਗਏ। ਦੱਸ ਦੇਈਏ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ 3$



ਸੁਖਵਿੰਦਰ ਸੁੱਖੂ ਹਿੱਸਾ ਲੈਣਗੇ। ਇਸ ਮੁਲਾਕਾਤ ਦੌਰਾਨ ਕਿਸ਼ਾਊ ਡੈਮ ਪ੍ਰੋਜੈਕਟ ’ਤੇ ਵਿਚਾਰ-ਚਰਚਾ ਕੀਤੀ ਜਾਵੇਗੀ। ਇਸ ਬੈਠਕ ਦੌਰਾਨ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਅਤੇ ਅਮਿਤ ਸ਼ਾਹ ਦੇ ਨਾਲ-ਨਾਲ ਉਤਰਾਖੰਡ ਦੇ ਮੁੱਖ ਮੰਤਰੀ ਵੀ ਮੌਜੂਦ ਰਹਿਣਗੇ। ਜਾਣਕਾਰੀ ਮੁਤਾਬਕ ਗ੍ਰਹਿ ਮੰਤਰੀ ਨੇ ਬੀਤੇ ਦਿਨ ਪਹਿਲਾਂ ਇਨ੍ਹਾਂ ਰਾਜਾਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ ਸੀ। ਜਿਸ ਦੌਰਾਨ ਉਨ੍ਹਾਂ ਵਿਚਾਰ ਪੇਸ਼ ਕੀਤਾ ਕਿ ਹਿਮਾਚਲ ਅਤੇ ਉਤਰਾਖੰਡ ਸਰਹੱਦ ’ਤੇ ਯੋਜਨਾਬੱਧ ਇਹ ਡੈਮ ਏਸ਼ੀਆ ਦਾ ਦੂਜਾ ਸਭ ਤੋਂ ਵੱਡਾ ਡੈਮ ਹੋਵੇਗਾ। ਇਸ ਡੈਮ ਤੋਂ ਲਗਭਗ ਸੱਤ ਰਾਜਾਂ ਨੂੰ ਪਾਣੀ ਮਿਲੇਗਾ। ਦੱਸ ਦੇਈਏ ਕਿ ਹਿਮਾਚਲ ਪ੍ਰਦੇਸ਼ ਨੇ ਇਸ ਪ੍ਰਾਜੈਕਟ ਸਬੰਧੀ ਆਪਣੇ ਹਿੱਤ ਵਿੱਚ ਕੁਝ ਸ਼ਰਤਾਂ ਰੱਖੀਆਂ ਹਨ, ਜਿਨ੍ਹਾਂ ਬਾਰੇ ਮੀਟਿੰਗ ਵਿੱਚ ਚਰਚਾ ਕੀਤੀ ਜਾਵੇਗੀ। ਇਸ ਪ੍ਰਾਜੈਕਟ ਸਬੰਧੀ ਪਿਛਲੀ ਮੀਟਿੰਗ 22 ਮਈ, 2026 ਨੂੰ ਭਾਰਤ ਸਰਕਾਰ ਦੇ ਜਲ ਸਰੋਤ ਵਿਭਾਗ ਦੇ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਸੀ।

## ਅਲ ਨੀਨੋ ਦਾ 12 ਸੂਬਿਆਂ ’ਚ ਪੈ ਸਕਦਾ ਹੈ ਗੰਭੀਰ ਅਸਰ, ਖੇਤੀਬਾੜੀ ਮੰਤਰਾਲੇ ਨੇ ਦਿੱਤੇ ਜ਼ਿਲਾ ਪੱਧਰ ’ਤੇ ਤਾਲਮੇਲ ਦੇ ਹੁਕਮ

ਨਵੀਂ ਦਿੱਲੀ, 18 ਜੂਨ। ਖੇਤੀਬਾੜੀ ਮੰਤਰਾਲੇ ਨੇ ਉਲਟ ਮੌਸਮੀ ਹਾਲਾਤ ‘ਅਲ ਨੀਨੋ’ ਦਾ ਦੇਸ਼ ਦੇ 12 ਸੂਬਿਆਂ ’ਚ ਸਾਉਣੀ ਦੇ ਮੌਸਮ



ਦੌਰਾਨ ਮੁਕਾਬਲਤਨ ਗੰਭੀਰ ਅਸਰ ਪੈਣ ਦਾ ਖਦਸ਼ਾ ਪ੍ਰਗਟਾਇਆ ਹੈ। ਇਸ ਨਾਲ ਨਜਿੱਠਣ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਖੇਤਰਾਂ ’ਚ ਜ਼ਿਲਾ ਪੱਧਰ ’ਤੇ ਤਾਲਮੇਲ ਵਾਲੀ ਕਾਰਵਾਈ ਦੇ ਹੁਕਮ ਦੇ ਦਿੱਤੇ ਗਏ ਹਨ। ਅਲ ਨੀਨੋ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੇ ਖਦਸ਼ੇ ਵਾਲੇ ਸੂਬਿਆਂ ’ਚ ਉੱਤਰ ਪ੍ਰਦੇਸ਼, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਓਡਿਸ਼ਾ, ਗੁਜਰਾਤ, ਰਾਜਸਥਾਨ, ਬਿਹਾਰ, ਮੱਧ ਪ੍ਰਦੇਸ਼, ਝਾਰਖੰਡ ਅਤੇ ਮਹਾਰਾਸ਼ਟਰ ਸ਼ਾਮਲ ਹਨ। ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਾਉਣੀ ਸੈਸ਼ਨ 2026 ਦੀਆਂ ਤਿਆਰੀਆਂ ਦੀ ਹਫ਼ਤਾਵਾਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਕਿਹਾ, “ਜਿਨ੍ਹਾਂ 9-10 ਸੂਬਿਆਂ ’ਚ ਅਲ ਨੀਨੋ ਦਾ ਅਸਰ ਵੱਧ ਹੋ ਸਕਦਾ ਹੈ, ਉੱਥੇ ਜ਼ਿਲਾ ਅਧਿਕਾਰੀਆਂ, ਖੇਤੀਬਾੜੀ ਵਿਭਾਗ, ਖੇਤੀ ਵਿਗਿਆਨ ਕੇਂਦਰ (ਕੇ. ਵੀ. ਕੇ.) ਅਤੇ ਹੋਰ ਵਿਸਥਾਰ ਤੰਤਰ ਨਾਲ ਤਾਲਮੇਲ ਮੀਟਿੰਗਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।” ਉਨ੍ਹਾਂ ਨੇ ਮੀਂਹ ਦੀ ਕਮੀ ਵਾਲੇ ਜ਼ਿਲਿਆਂ ’ਚ ਅਗਾਊਂ ਬਦਲਵੀਂ ਯੋਜਨਾ ਤਿਆਰ ਕਰਨ ’ਤੇ ਜ਼ੋਰ ਦਿੰਦੇ ਹੋਏ ਕਪਾਹ ਤੇ ਦਾਲਾਂ ਦੇ ਰਕਬੇ ਨੂੰ ਵਧਾਉਣ ਦੀ ਲੋੜ ਵੀ ਦੱਸੀ।

# ਦਿੱਲੀ ਗੁਰਦੁਆਰਾ ਕਮੇਟੀ ਨੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ

### ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਮਿਸਾਲ ਦੁਨੀਆਂ ਵਿਚ ਹੋਰ ਕੋਈ ਨਹੀਂ: ਕਾਲਕਾ, ਕਾਹਲੋਂ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 18 ਜੂਨ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਦਿਹਾੜੇ ’ਤੇ ਦਿੱਲੀ ਗੁਰਦੁਆਰਾ ਕਮੇਟੀ ਅਧੀਨ ਵੱਖ-ਵੱਖ ਗੁਰੂ ਘਰਾਂ ਵਿਚ ਗੁਰਮਤਿ ਸਮਾਗਮ ਆਯੋਜਿਤ ਕੀਤੇ ਗਏ ਤੇ ਮੁੱਖ ਸਮਾਗਮ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਹੋਇਆ ਜਿਥੇ ਰਾਗੀ ਸਿੰਘਾਂ ਦੇ ਜੱਥਿਆਂ ਨੇ ਗੁਰੂ ਕੀ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਿੱਖ ਪੰਥ ਵਿਚ ਗੁਰੂ ਸਾਹਿਬਾਨ, ਜਰਨੈਲਾਂ ਤੇ ਸਿੱਖ ਸ਼ਰਧਾਲੂਆਂ ਨੇ ਸ਼ਹਾਦਤਾਂ ਦਿੱਤੀਆਂ ਪਰ ਸ਼ਹੀਦਾਂ ਦਾ ਸਿਰਤਾਜ ਗੁਰੂ ਅਰਜਨ ਦੇਵ ਜੀ ਨੂੰ ਇਸ ਕਰ ਕੇ ਕਿਹਾ ਜਾਂਦਾ ਹੈ ਕਿਉਂਕਿ ਇਥੋਂ ਹੀ ਸ਼ਹੀਦੀਆਂ ਦੇਣ ਦੀ ਸ਼ੁਰੂਆਤ ਹੋਈ। ਉਹਨਾਂ ਕਿਹਾ ਕਿ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਅਨਮੋਲ ਦਾਤ ਆਦਿ ਗ੍ਰੰਥ ਦੀ ਸੰਪਾਦਨਾ ਸੀ ਜਿਸ ਵਿਚ ਉਹਨਾਂ ਚਾਰ ਗੁਰੂ ਸਾਹਿਬਾਨ ਤੇ ਭੱਟਾਂ ਤੇ ਭਗਤਾਂ ਦੀ ਬਾਣੀ ਸ਼ਾਮਲ ਕੀਤੀ। ਉਹਨਾਂ ਨੇ ਹਮੇਸ਼ਾ ਆਦਿ ਗ੍ਰੰਥ ਦਾ ਸਤਿਕਾਰ ਕੀਤਾ ਤੇ ਆਪ ਥੱਲੇ ਸੁੱਤੇ ਤੇ ਆਦਿ ਗ੍ਰੰਥ



ਨੂੰ ਉਪਰ ਰੱਖਿਆ। ਉਹਨਾਂ ਕਿਹਾ ਕਿ ਉਹਨਾਂ ਉਪਰੰਤ ਦਸਮ ਪਿਤਾ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਸਾਹਿਬ ਦੀ ਪਵਿੱਤਰ ਧਰਤੀ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ। ਉਹਨਾਂ ਕਿਹਾ ਕਿ ਅਸੀਂ ਸਾਰੇ ਅੱਜ ਗੁਰੂ ਸਾਹਿਬ ਅੱਗੇ ਅਕੀਦਤ ਭੇਂਟ ਕਰਦੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਮੁਤਾਬਕ ਹੀ ਆਪਣਾ ਜੀਵਨ ਬਤੀਤ ਕਰਨ ਦਾ ਯਤਨ ਕਰਦੇ ਹਾਂ। ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸੇ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦਾ ਵਾਰਿਸ ਤਿਆਰ ਕੀਤਾ ਤੇ ਜ਼ਿੰਮੇਵਾਰੀ ਲਗਾਈ ਕਿ ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਤੇ ਪ੍ਰਚਾਰ ਤੇ ਪ੍ਰਸਾਰ ਦੀ ਜ਼ਿੰਮੇਵਾਰੀ ਨਿਭਾਵਾਂਗੇ। ਉਹਨਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਅਵੱਲ ਅੱਲ੍ਹਾ ਨੂਰ ਉਪਾਇਆ ਦਾ ਉਪਦੇਸ਼ ਦਿੱਤਾ ਤੇ ਸਾਨੂੰ ਸਭ ਨੂੰ ਬਰਾਬਰ ਸਮਝਣ ਦਾ ਹੁਕਮ ਦਿੱਤਾ। ਉਹਨਾਂ ਕਿਹਾ ਕਿ ਅੱਜ ਵੀ ਬਹੁਤ ਸਾਰੇ ਮਾੜੇ ਅਨਸਰ ਹਨ ਜੋ ਆਪਣੀਆਂ ਦੁਕਾਨਾਂ ਖੋਲ੍ਹ ਕੇ ਬੈਠੇ ਹਨ ਤੇ ਗੁਰੂ ਸਾਹਿਬ ਦੇ ਨਾਮ ’ਤੇ ਆਪਣੇ ਕਾਰੋਬਾਰ ਚਲਾ ਰਹੇ ਹਨ। ਉਹਨਾਂ ਕਿਹਾ ਕਿ ਅੱਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ’ਤੇ ਸਾਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੇ ਘਰਾਂ ਵਿਚ ਸਹਿਜ ਪਾਠਾਂ ਦੀ ਲੜੀ ਲਗਾਤਾਰ ਚਲਾਵਾਂਗੇ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਨੇ ਗਰਮੀ ਦੀਆਂ ਛੁੱਟੀਆਂ ਵਿਚ ਗੁਰਮਤਿ ਕੈਂਪ ਲਗਾਉਣੇ ਸ਼ੁਰੂ ਕੀਤੇ ਹਨ ਤੇ ਹਰ ਸਾਲ ਇਹ ਕੈਂਪ ਲੱਗ ਰਹੇ ਹਨ। ਇਸ ਵਾਰ ਵੀ ਇਹਨਾਂ ਕੈਂਪਾਂ ਦੀ ਸਮਾਪਤੀ 20 ਅਤੇ 21 ਜੂਨ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਹੀ ਹੋਣੀ ਹੈ। ਉਹਨਾਂ ਨੇ ਸੰਗਤ ਨੂੰ ਇਹਨਾਂ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਉਹਨਾਂ ਦੱਸਿਆ ਕਿ ਪਹਿਲੇ ਸਾਲ ਇਹਨਾਂ ਕੈਂਪਾਂ ਵਿਚ 4 ਹਜ਼ਾਰ ਵਿਦਿਆਰਥੀ ਪਹੁੰਚੇ, ਫਿਰ ਅਗਲੇ ਸਾਲ 9 ਹਜ਼ਾਰ, ਫਿਰ 14 ਹਜ਼ਾਰ ਤੇ ਫਿਰ 20 ਹਜ਼ਾਰ ਬੱਚਾ ਇਸ ਸਾਲ ਕੈਂਪਾਂ ਵਿਚ ਗੁਰਮਤਿ ਦੀ ਸਿੱਖਲਾਈ ਹਾਸਲ ਕਰ ਰਿਹਾ ਹੈ। ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਉਹਨਾਂ ਦੀ ਸੰਪਰਦਾ ਨੂੰ ਦਿੱਲੀ ਵਿਚ ਸੇਵਾ ਕਰਦਿਆਂ 50 ਸਾਲ ਹੋ ਗਏ ਹਨ। ਦਿੱਲੀ, ਯੂ ਪੀ ਤੇ ਪੰਜਾਬ ਵਿਚ ਕੋਈ ਗੁਰੂ ਘਰ ਨਹੀਂ ਹੋਵੇਗਾ ਜਿਥੇ ਇਹਨਾਂ ਦੀ ਸੰਪਰਦਾ ਦੀ ਕਾਰ ਸੇਵਾ ਨਹੀਂ ਚਲ ਰਹੀ। ਉਹਨਾਂ ਕਿਹਾ ਕਿ ਹੁਣ ਸੇਵਾ ਦੀ ਅਗਵਾਈ ਬਾਬਾ ਬਚਨ ਸਿੰਘ ਜੀ ਕਰ ਰਹੇ ਹਨ। ਉਹਨਾਂ ਦੱਸਿਆ ਕਿ ਬਾਬਾ ਹਰਬੰਸ ਸਿੰਘ ਜੀ ਦੀ ਯਾਦ ਵਿਚ 20 ਜੂਨ ਨੂੰ ਸ਼ਾਮ ਨੂੰ ਦੀਵਾਨ ਸਜਾਏ ਜਾ ਰਹੇ ਹਨ ਜਿਸ ਵਿਚ ਸੰਗਤਾਂ ਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਵੀ ਕਰਨੀ ਚਾਹੀਦੀ ਹੈ ਤੇ ਬਾਬਾ ਜੀ ਦੀ ਸੰਪਰਦਾ ਵੱਲੋਂ ਦਿੱਲੀ ਵਿਚ ਕੀਤੀ ਜਾ ਰਹੀ ਕਾਰ ਸੇਵਾ ਵਿਚ ਆਪਣਾ ਯੋਗਦਾਨ ਵੀ ਪਾਉਣਾ ਚਾਹੀਦਾ ਹੈ।

# ਗੰਗਾ ਘਾਟ ’ਤੇ ਵਾਪਰਿਆ ਵੱਡਾ ਹਾਦਸਾ: ਨਹਾਉਣ ਗਏ 6 ਦੋਸਤ ਪਾਣੀ ਦੇ ਤੇਜ਼ ਵਹਾਅ ’ਚ ਡੁੱਬੇ

ਕੌਮੀ ਪਤ੍ਰਿਕਾ

ਅਮਰੋਹਾ 18 ਜੂਨ। ਉੱਤਰ ਪ੍ਰਦੇਸ਼ ਦੇ ਅਮਰੋਹਾ ਅਤੇ ਬੁਲੰਦਸ਼ਹਿਰ ਦੀ ਸਰਹੱਦ ’ਤੇ ਮੰਗਲਵਾਰ ਨੂੰ ਸਥਿਤ ਗੰਗਾ ਘਾਟ ’ਤੇ ਨਹਾਉਂਦੇ ਸਮੇਂ ਇੱਕ ਵੱਡਾ ਹਾਦਸਾ ਵਾਪਰ ਗਿਆ। ਇਸ ਦੌਰਾਨ ਗੰਗਾ ਵਿੱਚ ਨਹਾਉਣ ਗਏ ਛੇ ਨੌਜਵਾਨਾਂ ਵਿੱਚੋਂ ਦੋ ਦੋਸਤ ਪਾਣੀ ਦੇ ਤੇਜ਼ ਵਹਾਅ ਵਿੱਚ ਡੁੱਬ ਗਏ, ਜਦੋਂ ਕਿ ਬਾਕੀ ਚਾਰ ਨੂੰ ਸਥਾਨਕ ਲੋਕਾਂ ਦੀ ਮਦਦ ਨਾਲ ਸੁਰੱਖਿਅਤ ਬਚਾ ਲਿਆ ਗਿਆ। ਸੂਚਨਾ ਮਿਲਣ ’ਤੇ ਪੁਲਸ, ਸਥਾਨਕ ਗੋਤਾਖੋਰ ਅਤੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਦੀ ਇੱਕ ਟੀਮ ਮੌਕੇ ’ਤੇ ਪਹੁੰਚ ਗਈ। ਘਟਨਾ ਸਥਾਨ ’ਤੇ ਪਹੁੰਚੇ ਅਧਿਕਾਰੀਆਂ ਵਲੋਂ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ, ਜੋ ਜਾਰੀ ਰਹੀ। ਪੁਲਸ ਸੂਤਰਾਂ ਅਨੁਸਾਰ, ਅਮਰੋਹਾ ਜ਼ਿਲ੍ਹੇ ਦੇ ਹਸਨਪੁਰ ਥਾਣਾ ਖੇਤਰ ਦੇ ਡਾਂਕੇ ਵਾਲੀ ਪਿੰਡ ਦੇ ਰਹਿਣ ਵਾਲੇ ਛੇ ਨੌਜਵਾਨ ਮੰਗਲਵਾਰ ਨੂੰ ਮੋਟਰਸਾਈਕਲਾਂ ’ਤੇ ਗੰਗਾ ਵਿੱਚ ਇਸ਼ਨਾਨ ਕਰਨ ਲਈ ਨਿਕਲੇ ਸਨ। ਸਾਰੇ ਨੌਜਵਾਨ ਰਹਰਾ ਥਾਣਾ ਖੇਤਰ ਦੇ ਗੰਗਾਨਗਰ ਪਿੰਡ ਦੇ ਨੇੜੇ ਬੁਲੰਦਸ਼ਹਿਰ ਸਰਹੱਦ ’ਤੇ ਸਥਿਤ ਗੰਗਾ ਘਾਟ ’ਤੇ ਪਹੁੰਚੇ ਅਤੇ ਨਦੀ ਵਿੱਚ ਨਹਾਉਣ ਲੱਗ ਪਏ। ਇਸ ਦੌਰਾਨ ਨਹਾਉਂਦੇ ਸਮੇਂ ਜਸਪਾਲ (18) ਪੁੱਤਰ ਛੱਤਰ ਸਿੰਘ ਅਤੇ ਮਨੋਜ (19) ਪੁੱਤਰ ਹਰਪਾਲ ਅਚਾਨਕ ਵਹਾਅ ਤੇਜ਼ ਹੋਣ ਕਾਰਨ ਡੂੰਘੇ ਪਾਣੀ ਵਿੱਚ ਡੁੱਬ ਗਏ। ਇਸ ਦੌਰਾਨ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਕੁਝ ਹੀ ਪਲਾਂ ਵਿੱਚ ਦੋਵੇਂ ਨੌਜਵਾਨ ਦਰਿਆ ਦੇ ਵਹਾਅ ਵਿੱਚ ਗਾਇਬ ਹੋ ਗਏ। ਇਸ ਘਟਨਾ ਨੂੰ ਦੇਖ ਕੇ ਉਨ੍ਹਾਂ ਨਾਲ ਮੌਜੂਦ ਹੋਰ ਨੌਜਵਾਨਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਰੌਲਾ ਸੁਣ ਕੇ ਆਸ-ਪਾਸ ਦੇ ਲੋਕ ਤੁਰੰਤ ਘਟਨਾ ਸਥਾਨ ’ਤੇ ਪਹੁੰਚ ਗਏ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਸਥਾਨਕ ਲੋਕਾਂ ਦੀ ਮਦਦ ਨਾਲ ਚਾਰ ਨੌਜਵਾਨਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ, ਜਦੋਂ ਕਿ ਜਸਪਾਲ ਅਤੇ ਮਨੋਜ ਲਾਪਤਾ ਰਹੇ। ਹਾਦਸੇ ਦੀ ਸੂਚਨਾ ਮਿਲਦੇ ਹੀ ਰਹਿਰਾ ਪੁਲਸ ਮੌਕੇ ’ਤੇ ਪਹੁੰਚ



ਗਈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਦੋਵਾਂ ਨੌਜਵਾਨਾਂ ਦੇ ਪਰਿਵਾਰ ਵੀ ਗੰਗਾ ਘਾਟ ’ਤੇ ਪਹੁੰਚ ਗਏ, ਜਿੱਥੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਪੁਲਸ ਪ੍ਰਸ਼ਾਸਨ ਨੇ ਸਥਾਨਕ ਗੋਤਾਖੋਰਾਂ ਦੇ ਨਾਲ ਐੱਨਡੀਆਰਐਫ ਦੀ ਟੀਮ ਨੂੰ ਤਲਾਸ਼ੀ ਮੁਹਿੰਮ ਵਿਚ ਲਗਾਇਆ ਗਿਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਤੇਜ਼ ਵਹਾਅ ਅਤੇ ਨਦੀ ਦੀ ਡੂੰਘਾਈ ਕਾਰਨ ਬਚਾਅ ਕਾਰਜ ਵਿੱਚ ਰੁਕਾਵਟ ਆਈ। ਦੇਰ ਸ਼ਾਮ ਤੱਕ ਜਾਰੀ ਰਹੀ ਇੱਕ ਤੀਬਰ ਤਲਾਸ਼ੀ ਮੁਹਿੰਮ ਦੇ ਬਾਵਜੂਦ ਦੋਵੇਂ ਨੌਜਵਾਨਾਂ ਦਾ ਪਤਾ ਨਹੀਂ ਲੱਗ ਸਕਿਆ। ਪੁਲਸ ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੰਗਾ ਅਤੇ ਹੋਰ ਨਦੀਆਂ ਵਿੱਚ ਇਸ਼ਨਾਨ ਕਰਦੇ ਸਮੇਂ ਖਾਸ ਸਾਵਧਾਨੀ ਵਰਤਣ ਅਤੇ ਡੂੰਘੇ ਪਾਣੀ ਵਿੱਚ ਜਾਣ ਤੋਂ ਬਚਣ।

## ਲੁੱਟ ਦਾ ਵਿਰੋਧ ਕਰਨ ’ਤੇ ਜਵੈਲਰੀ ਕਾਰੋਬਾਰੀ ਦਾ ਗੋਲੀ ਮਾਰ ਕੇ ਕਤਲ, ਇਲਾਕੇ ’ਚ ਦਹਿਸ਼ਤ

ਵੈੱਬ ਡੈਸਕ 18 ਜੂਨ। ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ’ਚ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਇੱਕ ਜਵੈਲਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਪੁਲਸ ਨੂੰ ਸ਼ੱਕ ਹੈ ਕਿ ਇਹ ਕਤਲ ਲੁੱਟ ਦੀ ਕੋਸ਼ਿਸ਼ ਦਾ ਵਿਰੋਧ ਕਰਨ ਕਾਰਨ ਹੋਇਆ ਹੈ। ਇਹ ਘਟਨਾ ਸੋਮਵਾਰ ਰਾਤ ਨੂੰ ਉਸ ਸਮੇਂ ਵਾਪਰੀ, ਜਦੋਂ 50 ਸਾਲਾ ਦੀਪਕ ਕੁਮਾਰ ਆਪਣੀ ਦੁਕਾਨ ਬੰਦ ਕਰ ਕੇ ਘਰ ਪਰਤ ਰਹੇ ਸਨ। ਸਬ-ਡਿਵੀਜ਼ਨਲ ਪੁਲਸ ਅਫਸਰ ਵਿਨੀਤਾ ਸਿਨਹਾ ਨੇ ਦੱਸਿਆ ਕਿ ਸਥਾਨਕ ਲੋਕਾਂ ਅਨੁਸਾਰ, ਅਣਪਛਾਤੇ ਹਮਲਾਵਰਾਂ ਨੇ ਦੀਪਕ ਕੁਮਾਰ ਨੂੰ ਰਸਤੇ ਵਿੱਚ ਰੋਕਿਆ ਅਤੇ ਫਰਾਰ ਹੋਣ ਤੋਂ ਪਹਿਲਾਂ ਉਨ੍ਹਾਂ ’ਤੇ ਗੋਲੀ ਚਲਾ ਦਿੱਤੀ। ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਹਮਲਾਵਰ ਵਾਰਦਾਤ ਨੂੰ ਅੰਜਾਮ ਦੇ ਕੇ ਭੱਜਦੇ ਸਮੇਂ ਹਥਿਆਰ ਲਹਿਰਾ ਰਹੇ ਸਨ, ਜਿਸ ਕਾਰਨ ਸਥਾਨਕ ਲੋਕਾਂ ’ਚ ਭਾਰੀ ਦਹਿਸ਼ਤ ਫੈਲ ਗਈ। ਅਨੁਸਾਰ ਮੁੱਢਲੀ ਜਾਂਚ ’ਚ ਇਹ ਮਾਮਲਾ ਲੁੱਟ ਦੇ ਵਿਰੋਧ ਦਾ ਲੱਗਦਾ ਹੈ, ਪਰ ਪੁਲਸ ਪੁਰਾਣੀ ਰੰਜਿਸ਼ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕਰ ਰਹੀ ਹੈ।

## ਪੰਜਾਬ ਰੋਡਵੇਜ਼ ਦੀ ਹੜਤਾਲ ਹੋਈ ਖ਼ਤਮ ! ਕੱਚੇ ਕਾਮੇ ਡਿਊਟੀ ’ਤੇ ਪਰਤੇ

ਕੌਮੀ ਪਤ੍ਰਿਕਾ

ਜਲੰਧਰ 18 ਜੂਨ। ਪੰਜਾਬ ਰੋਡਵੇਜ਼ ਦੇ ਕੱਚੇ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੜਤਾਲ ਹੁਣ ਖ਼ਤਮ ਹੋ ਗਈ ਹੈ। ਸਰਕਾਰ ਤੇ ਪ੍ਰਦਰਸ਼ਨਕਾਰੀ ਮੁਲਾਜ਼ਮਾਂ ਵਿਚਕਾਰ ਮੰਗਾਂ ਨੂੰ ਲੈ ਕੇ ਸਹਿਮਤੀ ਬਣ ਗਈ ਹੈ, ਜਿਸ ਤੋਂ ਬਾਅਦ ਸਾਰੇ ਕਾਮੇ ਆਪਣੀ ਡਿਊਟੀ ’ਤੇ ਪਰਤ ਆਏ ਹਨ। ਹੜਤਾਲ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਾਜ਼ਮਾਂ ਨੂੰ ਇੱਕ ਮਹੀਨੇ ਦੇ ਅੰਦਰ ਰਿਹਾਅ ਕਰ ਦਿੱਤਾ ਜਾਵੇਗਾ। ਇਹ ਫੈਸਲਾ ਲਿਆ ਗਿਆ ਹੈ ਕਿ ਕਿਲੋਮੀਟਰ ਸਕੀਮ ਦੇ ਤਹਿਤ ਵਿਭਾਗ ਵਿੱਚ ਕੋਈ ਵੀ ਨਵੀਂ ਬੱਸ ਸ਼ਾਮਲ ਨਹੀਂ ਕੀਤੀ ਜਾਵੇਗੀ। ਇਸ ਸਹਿਮਤੀ ਨਾਲ ਰੋਡਵੇਜ਼ ਸੇਵਾਵਾਂ ਮੁੜ ਬਹਾਲ ਹੋ ਗਈਆਂ ਹਨ, ਜਿਸ ਨਾਲ ਆਮ ਜਨਤਾ ਨੂੰ ਵੱਡੀ ਰਾਹਤ ਮਿਲੀ ਹੈ। ਦੱਸ ਦਈਏ ਕਿ ਪੰਜਾਬ ’ਚ ਅੱਜ ਦੁਪਹਿਰ 12 ਵਜੇ ਤੋਂ ਸਰਕਾਰੀ ਬੱਸਾਂ ਦਾ ਚੱਕਾ ਜਾਮ ਕਰ ਦਿੱਤਾ ਸੀ। ਪੰਜਾਬ ਰੋਡਵੇਜ਼, ਪਨਬਸ ਅਤੇ ਪੀ. ਆਰ. ਟੀ. ਸੀ. ਕੰਟਰੈਕਟ ਵਰਕਰਜ਼ ਯੂਨੀਅਨ ਵਲੋਂ ਅੱਜ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਕੀਤੀ ਜਾ ਰਹੀ ਸੀ। ਬੱਸਾਂ ਬੰਦ ਹੋਣ ਕਾਰਨ ਪੂਰੇ ਸੂਬੇ ’ਚ ਮੁਸਾਫ਼ਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮੁਲਾਜ਼ਮਾਂ ਵਲੋਂ ਵੱਖ-ਵੱਖ ਬੱਸ ਅੱਡਿਆਂ ’ਤੇ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ। ਇਸ ਦੌਰਾਨ ਸਵਾਰੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। 10 ਜੂਨ ਤੋਂ ਸੂਬੇ ਭਰ ’ਚ ਪੰਜਾਬ ਰੋਡਵੇਜ਼, ਪਨਬਸ/ਪੀ. ਆਰ. ਟੀ. ਸੀ. ਵੱਲੋਂ ਸੰਕੇਤਕ ਚੱਕਾ ਜਾਮ ਕਰ ਕੇ ਹੜਤਾਲ ਸ਼ੁਰੂ ਕੀਤੀ ਗਈ। ਸਰਕਾਰ ਵੱਲੋਂ ਲਗਾਤਾਰ ਮੁਲਾਜ਼ਮਾਂ ਦੀਆਂ ਮੰਗਾਂ ਨਜ਼ਰ-




ਅੰਦਾਜ਼ ਕਰ ਕੇ ਵਿਭਾਗਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਸੀ ਤੇ ਸੰਘਰਸ਼ ਕਰਦੇ ਮੁਲਾਜ਼ਮਾਂ ’ਤੇ ਨਾਜਾਇਜ਼ ਪਰਚੇ ਦਰਜ ਕਰ ਕੇ ਜੇਲ੍ਹਾਂ ’ਚ ਬੰਦ ਕੀਤਾ ਗਿਆ ਸੀ। 4 ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਇਕ ਵੀ ਸਰਕਾਰੀ ਬੱਸ ਨਹੀਂ ਪਾਈ ਗਈ ਅਤੇ ਇਕ ਵੀ ਮੁਲਾਜ਼ਮ ਪੱਕਾ ਨਹੀ ਕੀਤਾ ਗਿਆ। ਇਸ ਦੇ ਰੋਸ ’ਚ ਜੱਥੇਬੰਦੀ ਵੱਲੋਂ ਸੰਘਰਸ਼ ਵਿੱਢਿਆ। ਇਸ ਦੇ ਮੱਦੇਨਜ਼ਰ ਅੱਜ ਤੋਂ ਅਣਮਿੱਥੇ ਸਮੇਂ ਲਈ ਸਰਕਾਰੀ ਬੱਸਾਂ ਦਾ ਚੱਕਾ ਜਾਮ ਕੀਤਾ ਗਿਆ ਸੀ।

# ਢਾਬੇ ਦੀ ਆੜ ’ਚ ਚੱਲ ਰਹੇ ਦੇਹ ਵਪਾਰ ਦਾ ਪਰਦਾਫਾਸ਼, ਇਤਰਾਜ਼ਯੋਗ ਹਾਲਤ ’ਚ ਫੜੇ 8 ਜੋੜੇ

ਸ੍ਰੀ ਮੁਕਤਸਰ ਸਾਹਿਬ 18 ਜੂਨ। ਸਥਾਨਕ ਅਬੋਹਰ ਰੋਡ ’ਤੇ ਨਗਰ ਕੌਂਸਲ ਦਫ਼ਤਰ ਦੇ ਨੇੜੇ ਸਥਿਤ ਇੱਕ ਢਾਬੇ ਵਿੱਚ ਚੱਲ ਰਹੇ ਕਥਿਤ ਦੇਹ ਵਪਾਰ ਦੇ ਧੰਦੇ ਦਾ ਥਾਣਾ ਸਿਟੀ ਪੁਲਸ ਨੇ ਵੱਡਾ ਪਰਦਾਫਾਸ਼ ਕੀਤਾ ਹੈ। ਡੀ.ਐੱਸ.ਪੀ. ਬਚਨ ਸਿੰਘ ਅਤੇ ਥਾਣਾ ਮੁਖੀ ਰਵਿੰਦਰ ਕੌਰ ਦੀ ਅਗਵਾਈ




ਵਿੱਚ ਬੁੱਧਵਾਰ ਦੁਪਹਿਰ ਕਰੀਬ 1:00 ਵਜੇ ਸ਼ੁਰੂ ਹੋਈ ਇਹ ਤਾਬੜਤੋੜ ਛਾਪੇਮਾਰੀ ਦੀ ਕਾਰਵਾਈ ਦੇਰ ਸ਼ਾਮ ਤੱਕ ਜਾਰੀ ਰਹੀ। ?ਪੁਲਸ ਪ੍ਰਸ਼ਾਸਨ ਨੂੰ ਪੁਖ਼ਤਾ ਗੁਪਤ ਸੂਚਨਾ ਮਿਲੀ ਸੀ ਕਿ ਨਗਰ ਕੌਂਸਲ ਦਫ਼ਤਰ ਦੇ ਬਿਲਕੁੱਲ ਨਜ਼ਦੀਕ ਸਥਿਤ ਇਸ ਢਾਬੇ ਵਿੱਚ ਗੁਪਤ ਰੂਪ ਵਿੱਚ ਕਮਰੇ ਕਿਰਾਏ ’ਤੇ ਦਿੱਤੇ ਜਾਂਦੇ ਹਨ ਅਤੇ ਉੱਥੇ ਦੇਹ ਵਪਾਰ ਦਾ ਧੰਦਾ ਧੜੱਲੇ ਨਾਲ ਚਲਾਇਆ ਜਾ ਰਿਹਾ ਹੈ। ਸੂਚਨਾ ਮਿਲਦਿਆਂ ਹੀ ਪੁਲਸ ਨੇ ਬਿਨਾਂ ਸਮਾਂ ਗਵਾਏ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਅਤੇ ਢਾਬੇ ’ਤੇ ਅਚਾਨਕ ਛਾਪੇਮਾਰੀ ਕੀਤੀ। ਪੁਲਸ ਦੀ ਇਸ ਅਚਨਚੇਤ ਕਾਰਵਾਈ ਨਾਲ ਮੌਕੇ ’ਤੇ ਹੜਕੰਪ ਮਚ ਗਿਆ। ?ਛਾਪੇਮਾਰੀ ਦੌਰਾਨ ਪੁਲਸ ਨੇ ਮੌਕੇ ਤੋਂ 8 ਜੋੜਿਆਂ (ਨੌਜਵਾਨ ਲੜਕੇ-ਲੜਕੀਆਂ) ਨੂੰ ਇਤਰਾਜ਼ਯੋਗ ਹਾਲਤ ਵਿੱਚ ਹਿਰਾਸਤ ਵਿੱਚ ਲਿਆ ਹੈ। ਇਸ ਦੇ ਨਾਲ ਹੀ ਗ਼ੈਰ-ਕਾਨੂੰਨੀ ਗਤੀਵਿਧੀਆਂ ਨੂੰ ਸ਼ਹਿ ਦੇਣ ਅਤੇ ਧੰਦਾ ਚਲਾਉਣ ਦੇ ਦੋਸ਼ ਵਿੱਚ ਢਾਬਾ ਸੰਚਾਲਕ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕਾਰਵਾਈ ਤੋਂ ਤੁਰੰਤ ਬਾਅਦ ਪੁਲਸ ਨੇ ਉਕਤ ਢਾਬੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਰਵਿੰਦਰ ਕੌਰ ਨੇ ਦੱਸਿਆ ਕਿ ਹਿਰਾਸਤ ’ਚ ਲਏ ਗਏ ਵਿਅਕਤੀਆਂ ਅਤੇ ਢਾਬਾ ਸੰਚਾਲਕ ਤੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਰਿਕਾਰਡ ਅਤੇ ਹੋਰ ਜਾਣਕਾਰੀਆਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ। ਮੁਲਜ਼ਮਾਂ ਖ਼?ਲਾਫ਼ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਡੀ.ਐੱਸ.ਪੀ. ਬਚਨ ਸਿੰਘ ਨੇ ਇਸ ਸਫ਼ਲ ਕਾਰਵਾਈ ਤੋਂ ਬਾਅਦ ਸਖ਼ਤ ਲਹਿਜੇ ਵਿੱਚ ਕਿਹਾ ਕਿ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੀ ਗ਼ੈਰ-ਕਾਨੂੰਨੀ ਗਤੀਵਿਧੀ ਜਾਂ ਅਨੈਤਿਕ ਧੰਦਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੁਲਸ ਲਗਾਤਾਰ ਅਜਿਹੇ ਸਮਾਜ ਵਿਰੋਧੀ ਅਨਸਰਾਂ ਅਤੇ ਸ਼ੱਕੀ ਟਿਕਾਣਿਆਂ ’ਤੇ ਤਿੱਖੀ ਨਜ਼ਰ ਰੱਖ ਰਹੀ ਹੈ। ?ਫਿਲਹਾਲ, ਪੁਲਸ ਇਸ ਗੱਲ ਦੀ ਤਫ਼ਤੀਸ਼ ਵਿੱਚ ਜੁਟੀ ਹੈ ਕਿ ਇਹ ਕਾਲਾ ਧੰਦਾ ਕਦੋਂ ਤੋਂ ਫਲ-ਫੁੱਲ ਰਿਹਾ ਸੀ ਅਤੇ ਇਸ ਦੇ ਤਾਰ ਕਿੱਥੇ-ਕਿੱਥੇ ਜੁੜੇ ਹੋਏ ਹਨ।

# ਭਵਾਨੀਗੜ੍ਹ ਵਾਸੀਆਂ ਦੇ ਸੰਘਰਸ਼ ਦੀ ਵੱਡੀ ਜਿੱਤ ! ਹਾਈਵੇਅ ਬਣਾਉਣ ਦਾ ਕੰਮ ਸ਼ੁਰੂ

ਕੌਮੀ ਪਤ੍ਰਿਕਾ

ਭਵਾਨੀਗੜ੍ਹ 18 ਜੂਨ। ਭਵਾਨੀਗੜ੍ਹ ਵਿਚੋਂ ਲੰਘਦੇ ਨੈਸ਼ਨਲ ਹਾਈਵੇ ਨੰਬਰ 7 ਦੇ ਫਲਾਈਓਵਰ ਓਵਰਬ੍ਰਿਜ ਹੇਠਾਂ ਨਾਭਾ ਬਾਈਪਾਸ ਸਥਿਤ ਰਾਸ਼ਟਰੀ ਰਾਜਮਾਰਗ ਦੀ ਬਦਹਾਲੀ ਖ਼?ਲਾਫ਼ ਚੱਲੇ ਲੋਕ ਸੰਘਰਸ਼ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ ਜਦੋਂ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਨੇ ਜੰਗੀ ਪੱਧਰ ’ਤੇ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰ ਦਿੱਤੀ। ਸਮਾਜ ਸੇਵੀ ਜਤਿੰਦਰ ਕਾਲੜਾ ਅਤੇ ਐਡਵੋਕੇਟ ਕਮਲ ਆਨੰਦ ਦੀ ਅਗਵਾਈ ਹੇਠ ਚੱਲੇ ਅੰਦੋਲਨ ਨੇ ਆਖ਼ਰਕਾਰ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਮਜਬੂਰ ਕਰ ਦਿੱਤਾ। ਜਤਿੰਦਰ ਕਾਲੜਾ ਅਤੇ ਐਡਵੋਕੇਟ ਕਮਲ ਆਨੰਦ ਨੇ ਦੱਸਿਆ ਕਿ ਇਸ ਵਾਰ ਸੜਕ ਦੀ ਉਸਾਰੀ ਲਈ ਹੈਵੀ ਡਿਊਟੀ ਟਾਈਲਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਮੀਂਹ ਦੇ ਪਾਣੀ ਕਾਰਨ ਸੜਕ ਦੇ ਵਾਰ-ਵਾਰ ਟੁੱਟਣ ਦੀ ਸਮੱਸਿਆ ਤੋਂ ਕਾਫ਼ੀ ਹੱਦ ਤੱਕ ਛੁਟਕਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰਸ਼ਾਸਨ ਵੱਲੋਂ ਇਕ ਸ਼ਲਾਘਾਯੋਗ ਕਦਮ ਹੈ, ਜਿਸ ਨਾਲ ਸੜਕ ਲੰਬੇ ਸਮੇਂ ਤੱਕ ਟਿਕਾਊ ਰਹੇਗੀ। ਉਨ੍ਹਾਂ ਦੱਸਿਆ ਕਿ ਹਾਈਵੇਅ ਦੇ ਨਾਲ ਲੱਗਦੀਆਂ ਸਟੋਰਮ ਸਾਈਡ ਨਾਲੀਆਂ ਉੱਪਰ ਸਲੈਬਾਂ ਰੱਖਣ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਸ਼ਹਿਰ ਦੇ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦੇ ਹੱਲ ਲਈ ਕੁਝ ਹਿੱਸਿਆਂ ਵਿਚ ਨਵਾਂ ਸੀਵਰੇਜ ਪਾਉਣ ਦਾ ਕੰਮ ਵੀ ਚੱਲ ਰਿਹਾ ਹੈ। ਆਗੂਆਂ ਨੇ ਕਿਹਾ ਕਿ ਇਹ ਅੰਦੋਲਨ ਭਵਾਨੀਗੜ੍ਹ ਦੀ ਜਨਤਾ ਦੇ ਹੱਕਾਂ ਦੀ ਲੜਾਈ ਸੀ। ਉਨ੍ਹਾਂ ਪ੍ਰਸ਼ਾਸਨ ਤੋਂ ਸਵਾਲ ਕੀਤਾ ਸੀ ਕਿ ਜਦੋਂ ਲੋਕਾਂ ਨੂੰ ਸੁਰੱਖਿਅਤ ਸੜਕ ਹੀ ਨਹੀਂ ਮਿਲ ਰਹੀ, ਤਾਂ ਉਨ੍ਹਾਂ ਤੋਂ ਟੋਲ ਟੈਕਸ ਕਿਉਂ ਵਸੂਲਿਆ ਜਾ ਰਿਹਾ ਹੈ? ਜਨਤਾ ਦੀ ਇਸ ਆਵਾਜ਼ ਅਤੇ ਹਾਈਕੋਰਟ ਵਿਚ ਕੇਸ ਦਾਇਰ ਕਰਨ ਦੀ ਚਿਤਾਵਨੀ ਤੋਂ ਬਾਅਦ ਪ੍ਰਸ਼ਾਸਨ ਨੂੰ ਹਰਕਤ ਵਿਚ ਆਉਣਾ ਪਿਆ। ਉਨ੍ਹਾਂ ਇਸ ਮੌਕੇ ’ਤੇ ’ਜਗ ਬਾਣੀ ਤੇ ਹੋਰ ਮੀਡੀਆ ਅਦਾਰਿਆਂ ਦਾ ਵਿਸ਼ੇਸ਼ ਧੰਨਵਾਦ



ਕਰਦਿਆਂ ਕਿਹਾ ਕਿ ਮੀਡੀਆ ਵੱਲੋਂ ਇਸ ਜਾਨਲੇਵਾ ਸਮੱਸਿਆ ਨੂੰ ਲਗਾਤਾਰ ਉਠਾਉਣ ਕਾਰਨ ਮਾਮਲਾ ਉੱਚ ਅਧਿਕਾਰੀਆਂ ਤੱਕ ਪਹੁੰਚਿਆ। ਇਸ ਦੇ ਨਤੀਜੇ ਵਜੋਂ ਐਸ.ਡੀ.ਐਮ. ਭਵਾਨੀਗੜ੍ਹ ਨੂੰ ਵੀ ਨਗਰ ਕੌਂਸਲ ਦੀ ਲਾਪਰਵਾਹੀ ਸਬੰਧੀ ਸਖ਼ਤ ਰਿਪੋਰਟ ਜਾਰੀ ਕਰਨੀ ਪਈ। ਜਤਿੰਦਰ ਕਾਲੜਾ ਅਤੇ ਐਡਵੋਕੇਟ ਕਮਲ ਆਨੰਦ ਨੇ ਸਪੱਸ਼ਟ ਕੀਤਾ ਕਿ ਭਾਵੇਂ ਨਿਰਮਾਣ ਕਾਰਜ ਸ਼ੁਰੂ ਹੋ ਗਿਆ ਹੈ, ਪਰ ਉਹ ਇਸ ਪ੍ਰੋਜੈਕਟ ਦੀ ਗੁਣਵੱਤਾ ਅਤੇ ਪ੍ਰਗਤੀ ’ਤੇ ਲਗਾਤਾਰ ਨਜ਼ਰ ਰੱਖਣਗੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਭਵਾਨੀਗੜ੍ਹ ਦੇ ਲੋਕਾਂ ਅਤੇ ਰਾਹਗੀਰਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਸੁਵਿਧਾਜਨਕ ਰਸਤਾ ਨਹੀਂ ਮਿਲ ਜਾਂਦਾ, ਉਦੋਂ ਤੱਕ ਉਨ੍ਹਾਂ ਦੀ ਨਿਗਰਾਨੀ ਅਤੇ ਸੰਘਰਸ਼ ਜਾਰੀ ਰਹੇਗਾ।

## ਫਲਾਈਓਵਰ ਹੇਠੋਂ ਲੰਘਦੀ ਕਾਰ ’ਤੇ ਆ ਡਿੱਗਾ ਸਰੀਆ ! ਹੋ ਗਿਆ ਆਰ-ਪਾਰ, ਵਾਲ-ਵਾਲ ਬਚਿਆ ਡਰਾਈਵਰ

ਗੁਰੂਗ੍ਰਾਮ 18 ਜੂਨ। ਗੁਰੂਗ੍ਰਾਮ ਦੇ ਨਿਰਮਾਣ ਅਧੀਨ ਗੁਰੂਗ੍ਰਾਮ-ਪਟੌਦੀ-ਰੇਵਾੜੀ ਨੈਸ਼ਨਲ ਹਾਈਵੇਅ ’ਤੇ ਵੱਡਾ ਹਾਦਸਾ ਟਲ ਗਿਆ। ਤੇਜ਼ ਹਨ੍ਹੇਰੀ ਕਾਰਨ ਨਿਰਮਾਣ ਅਧੀਨ ਫਲਾਈਓਵਰ ਤੋਂ ਲੋਹੇ ਦਾ ਸਰੀਆ ਹੇਠੋਂ ਲੰਘ ਰਹੀ ਇਕ ਕਾਰ ’ਤੇ ਆ ਡਿੱਗਿਆ। ਸਰੀਆ ਗੱਡੀ ਦੀ ਛੱਤ ਨੂੰ ਚੀਰਦੇ ਹੋਏ ਅੰਦਰ ਸੀਟ ਤੱਕ ਪਹੁੰਚ ਗਿਆ, ਜਿਸ ਨਾਲ ਵੱਡਾ ਹਾਦਸਾ ਹੋ ਸਕਦਾ ਸੀ। ਹਾਦਸੇ ਦੇ ਸਮੇਂ ਕਾਰ ’ਚ ਸਿਰਫ਼ ਡਰਾਈਵਰ ਸਵਾਰ ਸੀ ਅਤੇ ਸ਼ੁਕਰ ਹੈ ਕਿ ਨਾਲ ਦੀ ਸੀਟ ਖਾਲੀ ਸੀ ਨਹੀਂ ਵੱਡਾ ਜਾਨੀ ਨੁਕਸਾਨ ਹੋ ਸਕਦਾ ਸੀ। ਇਸ ਘਟਨਾ ’ਚ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ ਪਰ ਇਸ ਨੂੰ ਲੈ ਕੇ ਨਿਰਮਾਣ ਕੰਮ ਦੀਆਂ ਸੁਰੱਖਿਆ ਵਿਵਸਥਾਵਾਂ ’ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਵੀਡੀਓ ’ਚ ਸਾਫ਼ ਤੌਰ ’ਤੇ ਦੇਖਿਆ ਜਾ ਸਕਦਾ ਹੈ ਕਿ ਇਕ ਲੋਹੇ ਦਾ ਸਰੀਆ ਕਾਰ ਦੀ ਛੱਤ ’ਤੇ ਡਿੱਗਦਾ ਹੈ ਅਤੇ ਉਸ ਨੂੰ ਚੀਰਦੇ ਹੋਏ ਸਿੱਧੇ ਡਰਾਈਵਰ ਦੀ ਸੀਟ ਤੱਕ ਪਹੁੰਚ ਜਾਂਦਾ ਹੈ। ਇਸ ਘਟਨਾ ਬੇਹੱਦ ਭਿਆਨਕ ਹੋ ਸਕਦੀ ਸੀ। ਜੇਕਰ ਡਰਾਈਵਰ ਦੇ ਨਾਲ ਵਾਲੀ ਸੀਟ ’ਤੇ ਕੋਈ ਵਿਅਕਤੀ ਬੈਠਾ ਹੁੰਦਾ ਤਾਂ ਸਰੀਆ ਸਿੱਧੇ ਉਸ ਦੇ ਸਿਰ ਨਾਲ ਟਕਰਾ ਸਕਦਾ ਸੀ, ਜਿਸ ਕਾਰਨ ਵੱਡਾ ਹਾਦਸਾ ਹੋ ਸਕਦਾ ਸੀ।

# ਹਰਿਆਣਾ ਕਾਂਗਰਸ ਨੇ ਕੀਤੀ 100 ਤੋਂ ਵੱਧ ਬਲਾਕ ਪ੍ਰਧਾਨਾਂ ਦੀ ਨਿਯੁਕਤੀ

ਚੰਡੀਗੜ੍ਹ 18 ਜੂਨ। ਹਰਿਆਣਾ ਕਾਂਗਰਸ ਨੇ ਸੰਗਠਨ ਨੂੰ ਬੂਥ ਅਤੇ ਬਲਾਕ ਪੱਧਰ ’ਤੇ ਮਜ਼ਬੂਤ ਕਰਨ ਦੇ ਮਕਸਦ ਨਾਲ ਪ੍ਰਦੇਸ਼ ਭਰ ’ਚ ਬਲਾਕ ਕਾਂਗਰਸ ਕਮੇਟੀਆਂ ਦੇ ਪ੍ਰਧਾਨਾਂ ਦੀ ਨਿਯੁਕਤੀ ਕਰ ਦਿੱਤੀ ਹੈ। ਪ੍ਰਦੇਸ਼ ਕਾਂਗਰਸ ਪ੍ਰਧਾਨ ਰਾਵ ਨਰੇਂਦਰ ਸਿੰਘ ਦੇ ਨਿਰਦੇਸ਼ ’ਤੇ ਬੁੱਧਵਾਰ ਨੂੰ 17 ਜ਼ਿਲ੍ਹਿਆਂ ਲਈ 100 ਤੋਂ ਵੱਧ ਬਲਾਕ ਪ੍ਰਧਾਨਾਂ ਦੀ ਸੂਚੀ ਜਾਰੀ ਕੀਤੀ ਗਈ। ਪਾਰਟੀ ਵਲੋਂ ਜਾਰੀ ਆਦੇਸ਼ ਅਨੁਸਾਰ, ਇਨ੍ਹਾਂ ਨਿਯੁਕਤੀਆਂ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਪ੍ਰਧਾਨਾਂ, ਸੀਨੀਅਰ ਨੇਤਾਵਾਂ ਅਤੇ ਪਾਰਟੀ ਵਰਕਰਾਂ ਤੋਂ ਪ੍ਰਾਪਤ ਸੁਝਾਵਾਂ ਦੇ ਆਧਾਰ ’ਤੇ ਅੰਤਿਮ ਰੂਪ ਦਿੱਤਾ ਗਿਆ ਹੈ। ਨਿਯੁਕਤੀਆਂ ਤੋਂ ਪਹਿਲੇ ਹਰਿਆਣਾ ਦੇ ਪਾਰਟੀ ਇੰਚਾਰਜ ਬੀ.ਕੇ. ਹਰੀਪ੍ਰਸਾਦ ਨਾਲ ਵੀ ਵਿਸਤ੍ਰਿਤ ਚਰਚਾ ਕੀਤੀ ਗਈ। ਕਾਂਗਰਸ ਲੀਡਰਸ਼ਿਪ ਦਾ ਮੰਨਣਾ ਹੈ ਕਿ ਨਵੀਆਂ ਨਿਯੁਕਤੀਆਂ ਨਾਲ ਸੰਗਠਨ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤੀ ਮਿਲੇਗੀ ਅਤੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਪਿੰਡ, ਵਾਰਡ ਅਤੇ ਬੂਥ ਪੱਧਰ ’ਤੇ ਪ੍ਰਭਾਵੀ ਢੰਗ ਨਾਲ ਪਹੁੰਚਾਇਆ ਜਾ ਸਕੇਗਾ। ਨਵੇਂ ਨਿਯੁਕਤ ਬਲਾਕ ਪ੍ਰਧਾਨਾਂ ਨੂੰ ਮੈਂਬਰਤਾ ਮੁਹਿੰਮ ਨੂੰ ਗਤੀ ਦੇਣ, ਬੂਥ ਪ੍ਰਬੰਧਨ ਨੂੰ ਮਜ਼ਬੂਤ ਬਣਾਉਣ, ਪਾਰਟੀ ਪ੍ਰੋਗਰਾਮਾਂ ਦੇ ਸੰਚਾਲਨ ਅਤੇ ਸਥਾਨਕ ਪੱਧਰ ’ਤੇ ਵਰਕਰਾਂ ਨਾਲ ਬਿਹਤਰ ਤਾਲਮੇਲ ਸਥਾਪਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ। ਪਾਰਟੀ ਸੂਤਰਾਂ ਅਨੁਸਾਰ, ਆਉਣ ਵਾਲੀਆਂ ਰਾਜਨੀਤਕ ਗਤੀਵਿਧੀਆਂ ਅਤੇ ਚੋਣ ਤਿਆਰੀਆਂ ਨੂੰ ਧਿਆਨ ’ਚ ਰੱਖਦੇ ਹੋਏ ਸੰਗਠਨਾਤਮਕ ਢਾਂਚਿਆਂ ਨੂੰ ਮਜ਼ਬੂਤ ਕਰਨ ਵੱਲ ਇਹ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

## ਵੈਲਡਿੰਗ ਕਰਦਿਆਂ ਹੋਇਆ ਜ਼ਬਰਦਸਤ ਧਮਾਕਾ, ਮਕੈਨਿਕ ਦੀ ਅੱਗ ਦੀ ਲਪੇਟ ’ਚ ਆਉਣ ਕਾਰਨ ਮੌਤ

ਲੋਹੀਆਂ ਖ਼ਾਸ 18 ਜੂਨ। ਲੋਹੀਆਂ ਦੇ ਟੀ-ਪੁਆਇੰਟ ਨਜ਼ਦੀਕ ਰਿੰਕੂ ਫਿਲਿੰਗ ਸਟੇਸ਼ਨ ਦੇ ਬਿਲਕੁਲ ਸਾਹਮਣੇ ਉਸ ਸਮੇਂ ਇਕ ਭਿਆਨਕ ਹਾਦਸਾ ਵਾਪਰਿਆ, ਜਦੋਂ ਇਕ ਵੈਲਡਿੰਗ ਮਕੈਨਿਕ ਨੇ ਟਾਟਾ ਕੈਂਪਰ ਗੱਡੀ ’ਚ ਪਈ ਡੀਜ਼ਲ ਨਾਲ ਲਿੱਬੜੀ ਕੰਪਾਈਨ ਦੀ ਟੈਂਕੀ ਨੂੰ ਵੈਲਡਿੰਗ ਕਰਨ ਦੀ ਕੋਸ਼ਿਸ਼ ਕੀਤੀ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸ ਦੀ ਆਵਾਜ਼ ਕਰੀਬ ਦੋ ਕਿਲੋਮੀਟਰ ਦੂਰ ਤੱਕ ਸੁਣੀ ਗਈ। ਸੁਰੱਖਿਆ ਦੇ ਮੱਦੇਨਜ਼ਰ



ਪਾਵਰਕਾਮ ਸਬ-ਡਵੀਜ਼ਨ ਲੋਹੀਆਂ ਵੱਲੋਂ ਸ਼ਹਿਰ ਦੀ ਬਿਜਲੀ ਸਪਲਾਈ ਤੁਰੰਤ ਬੰਦ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਕੁਝ ਲੋਕ ਟਾਟਾ ਕੈਂਪਰ ਗੱਡੀ ’ਚ ਸਵਾਰ ਹੋ ਕੇ ਜਸਵੰਤ ਸਿੰਘ ਪੁੱਤਰ ਕੁਲਦੀਪ ਸਿੰਘ, ਵਾਸੀ ਰਾਈਵਾਲ ਬੇਟ (40) ਦੀ ਵੈਲਡਿੰਗ ਵਾਲੀ ਦੁਕਾਨ ’ਤੇ ਪਹੁੰਚੇ। ਉਨ੍ਹਾਂ ਨੇ ਗੱਡੀ ’ਚ ਪਈ ਡੀਜ਼ਲ ਤੇਲ ਦੀ ਟੈਂਕੀ ਨੂੰ ਵੈਲਡਿੰਗ ਕਰਨ ਲਈ ਆਖਿਆ। ਦੁਕਾਨ ਦੇ ਮਾਲਕ ਜਸਵੰਤ ਸਿੰਘ ਉਰਫ਼ ਜੱਸੋ ਨੇ ਡੀਜ਼ਲ ਨਾਲ ਲਿੱਬੜੀ ਹੋਈ ਟੈਂਕੀ ਦਾ ਬਿਨਾਂ ਢੱਕਣ ਖੋਲ੍ਹੇ ਹੀ ਵੈਲਡਿੰਗ ਕਰਨੀ ਸ਼ੁਰੂ ਕਰ ਦਿੱਤੀ। ਜਿਉਂ ਹੀ ਉਸ ਨੇ ਵੈਲਡਿੰਗ ਟਾਰਚ ਲਾਈ, ਟੈਂਕੀ ਵਿਚ ਜ਼ਬਰਦਸਤ ਧਮਾਕਾ ਹੋ ਗਿਆ। ਧਮਾਕਾ ਹੁੰਦੇ ਹੀ ਜਸਵੰਤ ਸਿੰਘ ਨੂੰ ਅੱਗ ਨੇ ਬੁਰੀ ਤਰ੍ਹਾਂ ਘੇਰ ਲਿਆ ਤੇ ਮੌਕੇ ’ਤੇ ਹੀ ਸੜਨ ਕਾਰਨ ਉਸ ਦੀ ਦਰਦਨਾਕ ਮੌਤ ਹੋ ਗਈ। ਹਾਦਸਾ ਦੇਖ ਕੇ ਆਸ-ਪਾਸ ਦੇ ਲੋਕ ਅਤੇ ਟੈਂਕੀ ਲੈ ਕੇ ਆਏ ਵਿਅਕਤੀ ਮੌਕੇ ਤੋਂ ਫ਼ਰਾਰ ਹੋ ਗਏ। ਐੱਸ. ਐੱਚ. ਓ. ਲੋਹੀਆਂ ਦੀ ਅਗਵਾਈ ’ਚ ਪਹੁੰਚੀ ਪੁਲਸ ਟੀਮ ਨੇ ਸੜ ਚੁੱਕੀ ਗੱਡੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ। ਗੱਡੀ ਪੂਰੀ ਤਰ੍ਹਾਂ ਸੜ ਚੁੱਕੀ ਸੀ ਪਰ ਪੁਲਸ ਨੂੰ ਉਸਦੀ ਨੰਬਰ ਪਲੇਟ ਮਿਲ ਗਈ ਹੈ, ਜਿਸ ਦੇ ਆਧਾਰ ’ਤੇ ਗੱਡੀ ਦੇ ਮਾਲਕਾਂ ਦੀ ਭਾਲ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਲਾਸ਼ ਨੂੰ ਐਂਬੂਲੈਂਸ ਰਾਹੀਂ ਉਸ ਦੇ ਪਿੰਡ ਰਾਈਵਾਲ ਬੇਟ ਭੇਜ ਦਿੱਤਾ ਗਿਆ ਹੈ।

## ਆਸਾਮ ’ਚ ਪਤੀ ਦੇ ਸਾਹਮਣੇ ਔਰਤ ਦੇ ਪਾੜੇ ਕੱਪੜੇ

ਉੱਤਰ ਲਖੀਮਪੁਰ 18 ਜੂਨ। ਆਸਾਮ ਦੇ ਲਖੀਮਪੁਰ ਜ਼ਿਲੇ ਵਿਚ ਸੜਕ ਕਿਨਾਰੇ ਇਕ ਅਸਥਾਈ ਸ਼ੈੱਡ ਬਣਾਉਣ ਨੂੰ ਲੈ ਕੇ ਹੋਏ ਵਿਵਾਦ ਦੌਰਾਨ ਇਕ ਔਰਤ ਦੇ ਕਥਿਤ ਤੌਰ ’ਤੇ ਕੱਪੜੇ ਪਾੜੇ ਜਾਣ ਦੇ ਮਾਮਲੇ ਵਿਚ ਇਕ ਸ਼ਖਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ 6 ਹੋਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਲਖੀਮਪੁਰ ਦੇ ਸੀਨੀਅਰ ਪੁਲਸ ਸੁਪਰਡੈਂਟ ਗੁਣੇਂਦਰ ਡੇਕਾ ਨੇ ਕਿਹਾ ਕਿ ਇਕ ਜੋੜੇ ਨੇ ਸੜਕ ਕਿਨਾਰੇ ਛੋਟੀ ਜਿਹੀ ਦੁਕਾਨ ਖੋਲ੍ਹੀ ਸੀ ਅਤੇ ਉਹ ਉੱਥੇ ਹੀ ਰਹਿ ਰਹੇ ਸਨ। ਹਾਲ ਹੀ ਵਿਚ ਉਨ੍ਹਾਂ ਨੇ ਦੁਕਾਨ ਦੇ ਪਿੱਛੇ ਬਾਂਸ ਅਤੇ ਟੀਨ ਦਾ ਇਕ ਸ਼ੈੱਡ ਬਣਾਇਆ ਸੀ। ਕੁਝ ਲੋਕਾਂ ਨੇ ਇਸ ’ਤੇ ਇਤਰਾਜ਼ ਜਤਾਉਂਦੇ ਹੋਏ ਦੋਸ਼ ਲਗਾਇਆ ਕਿ ਉਨ੍ਹਾਂ ਨੇ ਸਰਕਾਰੀ ਜ਼ਮੀਨ ’ਤੇ ਕਬਜ਼ਾ ਕੀਤਾ ਹੈ। ਇਸ ਤੋਂ ਬਾਅਦ ਮਿਸਿੰਗ ਭਾਈਚਾਰੇ ਦੇ ਕੁਝ ਲੋਕ ਉੱਥੇ ਪਹੁੰਚੇ ਅਤੇ ਜੋੜੇ ਨਾਲ ਬਹਿਸ ਕਰਨ ਲੱਗੇ। ਅਧਿਕਾਰੀ ਨੇ ਦੱਸਿਆ ਕਿ ਇਸੇ ਦੌਰਾਨ ਕੁਝ ਲੋਕਾਂ ਨੇ ਔਰਤ ਦੀ ਕੁੱਟਮਾਰ ਕਰ ਦਿੱਤੀ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਉਸ ਸਮੇਂ ਉੱਥੋਂ ਕਈ ਲੋਕ ਲੰਘੇ, ਪਰ ਬਦਕਿਸਮਤੀ ਨਾਲ ਕਿਸੇ ਨੇ ਵੀ ਬਚਾਅ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਸਭ ਉਸ ਦੇ ਪਤੀ ਦੇ ਸਾਹਮਣੇ ਹੋਇਆ, ਜੋ ਬੇਬਸ ਖੜ੍ਹਾ ਰਿਹਾ।

# ਸਸਤਾ ਹੋਇਆ ਸੋਨਾ-ਚਾਂਦੀ, ਕੀਮਤਾਂ ’ਚ ਆਈ ਜ਼ਬਰਦਸਤ ਗਿਰਾਵਟ

ਕੌਮੀ ਪਤ੍ਰਿਕਾ

ਨਵੀਂ ਦਿੱਲੀ 18 ਜੂਨ। ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਲਗਾਤਾਰ



ਤੀਜੇ ਦਿਨ ਗਿਰਾਵਟ ਦੇਖਣ ਨੂੰ ਮਿਲੀ ਹੈ । ਬੁੱਧਵਾਰ (10 ਜੂਨ ) ਨੂੰ $3✓ ’ਤੇ ਸੋਨੇ ਦੀ ਕੀਮਤ 2843 ਰੁਪਏ ਟੁੱਟ ਕੇ 1,49,600 ਰੁਪਏ ਪ੍ਰਤੀ 10 ਗ੍ਰਾਮ ’ਤੇ ਆ ਗਈ ਹੈ । ਉੱਥੇ ਹੀ ਚਾਂਦੀ ਦੀ ਕੀਮਤ ਵੀ 4651 ਰੁਪਏ ਤੋਂ ਘਟ ਕੇ 2,33,877 ਰੁਪਏ ਪ੍ਰਤੀ ਕਿਲੋਗ੍ਰਾਮ ’ਤੇ ਰਹੀ ਹੈ । ਇੰਟਰਨੈਸ਼ਨਲ ਮਾਰਕਿਟ ਵਿੱਚ ਵੀ ਦੋਵੇਂ ਕੀਮਤਾਂ ਧਾਤੂਆਂ ਦੇ ਭਾਅ ਟੁੱਟੀ ਹੈ। ਰਾਸ਼ਟਰੀ ਰਾਜਧਾਨੀ ਦੇ ਸਰਾਫਾ ਬਾਜ਼ਾਰ ਵਿੱਚ ਮੰਗਲਵਾਰ ਨੂੰ ਕਮਜ਼ੋਰ ਡਾਲਰ ਅਤੇ ਧਾਰਣਾ ਵਿੱਚ ਸੁਧਾਰ ਦੇ ਕਾਰਨ ਸੋਨੇ ਦੀਆਂ ਕੀਮਤਾਂ ਵਿੱਚ 1,500 ਰੁਪਏ ਦੀ ਮਜ਼ਬੂਤੀ ਦੇਖੀ ਗਈ ਅਤੇ ਇਹ ਫਿਰ ਤੋਂ 1.60 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਪੱਧਰ ਦੇ ਪਾਰ ਪਹੁੰਚ ਗਈ । ਸਥਾਨਕ ਬਾਜ਼ਾਰ ਦੇ ਜਾਣਕਾਰਾਂ ਦੇ ਅਨੁਸਾਰ 99.9 ਫੀਸਦੀ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ ਸੋਮਵਾਰ ਨੂੰ 1,58,800 ਰੁਪਏ ਪ੍ਰਤੀ 10 ਗ੍ਰਾਮ ਦੇ ਬੰਦ ਭਾਅ ਤੋਂ 1500 ਰੁਪਏ ਵਧ ਕੇ 1,60,300 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸ ਸਮੇਤ) ਹੋ ਗਈ । ਹਾਲਾਂਕਿ ਚਾਂਦੀ ਦੀਆਂ ਕੀਮਤਾਂ 2,55,700 ਰੁਪਏ ਪ੍ਰਤੀ ਕਿਲੋਗ੍ਰਾਮ ’ਤੇ ਸਥਿਰ ਰਹੀ । ਈਰਾਨ ਅਤੇ ਇਜ਼ਰਾਇਲ ਦੇ ਇਕ-ਦੂਜੇ ’ਤੇ ਹਮਲੇ ਰੋਕਣ ’ਤੇ ਸਹਿਮਤੀ ਹੋਣ ਦੇ ਬਾਅਦ ਬਾਜ਼ਾਰ ਵਿੱਚ ਮੁੜ ਸੁਧਾਰ ਆਇਆ, ਜਦਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟਿੱਪਣੀਆਂ ਤੋਂ ਜੰਗਬੰਦੀ ਲੱਗਣ ਦੇ ਸੰਕੇਤ ਮਿਲੇ । ਜਿਸ ਨਾਲ ਇਸ ਜੰਗ ਦੇ ਖਤਮ ਹੋਣ ਦੀ ਉਮੀਦ ਵਧੀ ।

## ਫਗਵਾੜਾ ਹਾਈਵੇ ’ਤੇ ਮੌਤ ਦਾ ਤਾਂਡਵ, ਇੱਕੋ ਝਟਕੇ ’ਚ ਉੱਜੜਿਆ ਪਰਿਵਾਰ, ਪਿਓ-ਧੀ ਨੇ ਤੋੜਿਆ ਦਮ

ਜਲੰਧਰ 18 ਜੂਨ। ਇੱਥੇ ਫਗਵਾੜਾ ਹਾਈਵੇ ’ਤੇ ਉਸ ਵੇਲੇ ਚੀਕ-ਚਿਹਾੜਾ ਪੈ ਗਿਆ, ਜਦੋਂ ਭਿਆਨਕ ਹਾਦਸੇ ਦੌਰਾਨ ਪਿਓ ਅਤੇ ਮਾਸੂਮ ਧੀ ਦੀ ਮੌਤ ਹੋ ਗਈ, ਜਦੋਂ ਕਿ 2 ਲੋਕ ਗੰਭੀਰ ਰੂਪ



’ਚ ਜ਼ਖਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਸੁਖਬੀਰ ਸਿੰਘ ਵਾਸੀ ਹੁਸ਼ਿਆਰਪੁਰ ਅਤੇ ਉਸ ਦੀ ਧੀ ਦੇ ਤੌਰ ’ਤੇ ਕੀਤੀ ਗਈ ਹੈ। ਫਿਲਹਾਲ ਪੁਲਸ ਨੇ ਲਾਸ਼ ਨੂੰ ਕਬਜ਼ੇ ’ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਸੁਖਬੀਰ ਸਿੰਘ ਆਪਣੀ ਧੀ ਅਤੇ ਪਤਨੀ ਨਾਲ ਮੋਟਰਸਾਈਕਲ ’ਤੇ ਸਵਾਰ ਹੋ ਕੇ ਫਗਵਾੜਾ ਵੱਲ ਆ ਰਿਹਾ ਸੀ। ਚੰਡੀਗੜ੍ਹ ਬਾਈਪਾਸ ’ਤੇ ਹਾਈਵੇਅ ’ਤੇ ਇਕ ਟਰੱਕ ਪੈਂਚਰ ਹੋਣ ਕਾਰਨ ਸੜਕ ਕਿਨਾਰੇ ਖੜ੍ਹਾ ਸੀ। ਦੱਸਿਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਨੇ ਰਾਹ ’ਚ ਖੜ੍ਹੇ ਟਰੱਕ ਨੂੰ ਦੇਖ ਮੋਟਰਸਾਈਕਲ ਦੀ ਰਫ਼ਤਾਰ ਹੌਲੀ ਕਰ ਲਈ। ਇਸ ਦੌਰਾਨ ਪਿੱਛੇ ਤੋਂ ਆ ਰਹੀ ਤੇਜ਼ ਰਫ਼ਤਾਰ ਇਕ ਕਾਰ ਨੇ ਉਸ ਦੇ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਕਾਰਨ ਮੋਟਰਸਾਈਕਲ ਸਵਾਰ ਸੁਖਬੀਰ ਸਿੰਘ, ਉਸ ਦੀ ਪਤਨੀ ਅਤੇ 7 ਸਾਲਾ ਮਾਸੂਮ ਧੀ ਟਰੱਕ ਹੇਠਾਂ ਜਾ ਡਿੱਗੇ ਅਤੇ ਗੰਭੀਰ ਰੂਪ ’ਚ ਜ਼ਖਮੀ ਹੋ ਗਏ। ਸਥਾਨਕ ਲੋਕਾਂ ਦੀ ਮਦਦ ਨਾਲ ਜ਼ਖਮੀਆਂ ਨੂੰ ਤੁਰੰਤ ਫਗਵਾੜਾ ਦੇ ਸਿਵਲ ਹਸਪਤਾਲ ਪੁਹੰਚਾਇਆ ਗਿਆ, ਜਿੱਥੇ ਪਿਓ-ਧੀ ਦੀ ਮੌਤ ਹੋ ਗਈ, ਜਦੋਂ ਕਿ ਪਤਨੀ ਨੂੰ ਮੁੱਢਲਾ ਇਲਾਜ ਦੇਣ ਤੋਂ ਬਾਅਦ ਜਲੰਧਰ ਦੇ ਸਿਵਲ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜ਼ਖਮੀਆਂ ਨੂੰ ਹਸਪਤਾਲ ਲਿਜਾਣ ਵਾਲੇ ਲਖਬੀਰ ਨੇ ਦੱਸਿਆ ਕਿ ਉਹ ਵੀ ਉਸੇ ਸਮੇਂ ਘਰ ਵਾਪਸ ਜਾ ਰਿਹਾ ਸੀ ਤਾਂ ਉਸ ਨੇ ਇਹ ਹਾਦਸਾ ਦੇਖਿਆ ਅਤੇ ਤੁਰੰਤ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੱਤਿਆਂ ਨੂੰ ਲਾਈ ਅੱਗ ਨੇ ਧਾਰਿਆ ਭਿਆਨਕ ਰੂਪ, ਦਰੱਖਤਾਂ ਸਮੇਤ ਅਨੇਕਾਂ ਮੀਟਰ ਚੜ੍ਹੇ ਅੱਗ ਦੀ ਭੇਟ

ਕੌਮੀ ਪਤ੍ਰਿਕਾ

ਸੰਗਰੂਰ 18 ਜੂਨ। ਸਥਾਨਕ ਸ਼ਹਿਰ ਦੇ ਕੋਲਾ ਪਾਰਕ ਮਾਰਕੀਟ ਦੇ ਕੋਲ ਸਥਿਤ ਬੀ.



ਐੱਸ. ਐੱਨ. ਐੱਲ. ਕਾਲੋਨੀ ਨੇੜੇ ਬਿਜਲੀ ਬੋਰਡ ਤੇ ਬੀ. ਐੱਸ. ਐੱਨ. ਐੱਲ. ਦੇ ਗੋਦਾਮ ’ਚ ਅੱਜ ਦੁਪਹਿਰ ਉਸ ਵੇਲੇ ਹਫੜਾ-ਦਫੜੀ ਮੱਚ ਗਈ ਜਦੋਂ ਇਥੇ ਦਰੱਖਤਾਂ ਦੇ ਪੱਤਿਆਂ ਦੇ ਢੇਰਾਂ ਨੂੰ ਲਾਈ ਅੱਗ ਭਾਂਬੜ ਬਣ ਮੱਚ ਉਠੇ। ਇਸ ਅੱਗ ਨਾਲ ਭਾਵੇਂ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਪਰ ਇਥੇ ਸਥਿਤ ਕਈ ਦਰਖੱਤਾਂ ਅਤੇ ਪਿਆ ਸਾਮਾਨ ਅੱਗ ਨਾਲ ਨੁਕਸਾਨਿਆ ਗਿਆ। ਜਾਣਕਾਰੀ ਅਨੁਸਾਰ ਇਥੇ ਦਰੱਖਤਾਂ ਦੇ ਹੇਠਾਂ ਡਿੱਗੇ ਪੱਤਿਆਂ ਨੂੰ ਕਿਸੇ ਨੇ ਅੱਗ ਲਗਾ ਦਿੱਤੀ ਤੇ ਇਹ ਅੱਗ ਨੇ ਥੋੜੇ ਸਮੇਂ ’ਚ ਹੀ ਭਿਆਨਕ ਰੂਪ ਧਾਰਨ ਕਰ ਲਿਆ। ਜਿਉਂ ਹੀ ਅੱਗ ਦੀਆਂ ਲਾਟਾਂ ਉਪਰ ਅਸਮਾਨ ਵੱਲ ਨੂੰ ਪਹੁੰਚੀਆਂ ਤੁਰੰਤ ਨੇੜੇ-ਤੇੜੇ ਦੇ ਲੋਕਾਂ ਨੇ ਅੱਗ ’ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਅੱਗ ਲੱਗਣ ’ਤੇ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਵੀ ਘਟਨਾ ਸਥਾਨ ’ਤੇ ਪਹੁੰਚੀਆਂ, ਜਿਨ੍ਹਾਂ ਨੇ ਅੱਗ ’ਤੇ ਕਾਬੂ ਪਾ ਕੇ ਹੋਰ ਨੁਕਸਾਨ ਹੋਣ ਤੋਂ ਬਚਾਅ ਕੀਤਾ। ਇਸ ਮੌਕੇ ਹਾਜ਼ਰ ਲੋਕਾਂ ਨੇ ਫਾਇਰ ਬ੍ਰਿਗੇਡ ਸੰਗਰੂਰ ’ਤੇ ਵੀ ਸਵਾਲ ਚੁੱਕੇ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਜਲਦੀ ਨਹੀਂ ਆਈਆਂ ਤੇ ਜਦੋਂ ਲੋਕਾਂ ਨੇ ਆਪ ਫਾਇਰ ਬ੍ਰਿਗੇਡ ਵਾਲਿਆਂ ਦੀ ਮਦਦ ਕਰਨੀ ਚਾਹੀ ਤਾਂ ਪਤਾ ਲੱਗਾ ਕਿ ਫਾਇਰ ਬ੍ਰਿਗੇਡ ਦੀ ਗੱਡੀ ਦੀ ਇਕ ਪਾਈਪ ਦੀ ਨਿਓਜਲ ਕੰਮ ਹੀ ਨਹੀਂ ਕਰ ਰਹੀ ਸੀ। ਲੋਕਾਂ ਨੇ ਇਹ ਵੀ ਇਤਰਾਜ਼ ਜਤਾਇਆ ਕਿ ਫਾਇਰ ਬ੍ਰਿਗੇਡ ਕਰਮਚਾਰੀਆਂ ’ਚੋਂ ਕਈਆਂ ਦੇ ਵਰਦੀ ਵੀ ਨਹੀਂ ਪਾਈ ਹੋਈ ਸੀ ਜਿਸ ਕਾਰਨ ਪਤਾ ਨਹੀਂ ਲੱਗ ਰਿਹਾ ਸੀ ਕਿ ਇਹ ਫਾਇਰ ਬ੍ਰਿਗੇਡ ਵਾਲੇ ਹਨ ਜਾਂ ਕੋਈ ਹੋਰ। ਜਿਸ ਥਾਂ ’ਤੇ ਅੱਗ ਲੱਗੀ ਸੀ ਉਸ ਦੇ ਨੇੜੇ ਹੀ ਵੱਡੀ ਤਦਾਦ ’ਚ ਮੀਟਰ ਰੱਖੇ ਹੋਏ ਸਨ ਤੇ ਅੱਗ ਨਾਲ ਇਨ੍ਹਾਂ ਮੀਟਰਾਂ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ। ਮੌਕੇ ’ਤੇ ਹਾਜ਼ਰ ਵਿਭਾਗ ਦੇ ਮੁਲਾਜ਼ਮਾਂ ਨੇ ਕਿਹਾ ਕਿ ਨੁਕਸਾਨ ਕਿੰਨਾ ਹੋਇਆ ਇਹ ਤਾਂ ਅੱਗ ਬੁਝਣ ’ਤੇ ਪਤਾ ਲੱਗੂ।

## ਰਿਸ਼ਤੇਦਾਰ ਦੀ ਮੰਗਣੀ ’ਚ ਆਈ ਕੁੜੀ ਨਾਲ ਜਬਰ-ਜ਼ਨਾਹ, 3 ਗ੍ਰਿਫ਼ਤਾਰ

ਸਿਮਡੇਗਾ, 18 ਜੂਨ। ਛੱਤੀਸਗੜ੍ਹ ਦੀ ਰਹਿਣ ਵਾਲੀ ਇਕ ਕੁੜੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਵਿਚ 3 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੁੜੀ ਆਪਣੇ ਇਕ ਰਿਸ਼ਤੇਦਾਰ ਦੇ ਮੰਗਣੀ ਸਮਾਰੋਹ ਵਿਚ ਸ਼ਾਮਲ ਹੋਣ ਲਈ ਝਾਰਖੰਡ ਦੇ ਸਿਮਡੇਗਾ ਜ਼ਿਲੇ ਵਿਚ ਆਈ ਸੀ। ਪੁਲਸ ਸੁਪਰਡੈਂਟ (ਐੱਸ. ਪੀ.) ਸ਼੍ਰੀਕਾਂਤ ਐੱਸ. ਖੋਤਰੇ ਨੇ ਦੱਸਿਆ ਕਿ ਕੁੜੀ ਨੇ ਦੋਸ਼ ਲਗਾਇਆ ਹੈ ਕਿ ਸਮਾਰੋਹ ਦੌਰਾਨ 3 ਸਥਾਨਕ ਨੌਜਵਾਨ ਉਸ ਨੂੰ ਜ਼ਬਰਦਸਤੀ ਇਕ ਘਰ ਵਿਚ ਲੈ ਗਏ ਅਤੇ ਉਸ ਨਾਲ ਜਬਰ-ਜ਼ਨਾਹ ਕੀਤਾ। ਘਟਨਾ ਤੋਂ ਬਾਅਦ ਕੁੜੀ ਛੱਤੀਸਗੜ੍ਹ ਸਥਿਤ ਆਪਣੇ ਘਰ ਪਰਤ ਆਈ ਅਤੇ ਸਥਾਨਕ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪ੍ਰਨਿਤ ਮੋਰੇ ਦੇ ਸ਼ੋਅ 'ਚ 370 ਦੀ ਬਿਰਯਾਨੀ ਵਾਲੀ ਟਿੱਪਣੀ ਪਈ ਮਹਿੰਗੀ: ਨੌਜਵਾਨ ਨੂੰ ਕੰਪਨੀ ਨੇ ਨੌਕਰੀ ਤੋਂ ਕੱਢਿਆ

**ਕੌਮੀ ਪੱਤ੍ਰਿਕਾ**

ਗੁਰੁਗ੍ਰਾਮ 18 ਜੂਨ। ਇੱਕ ਨਿੱਜੀ ਕੰਪਨੀ ਨੇ ਆਪਣੇ ਕਰਮਚਾਰੀ ਹਿਮਾਂਸ਼ੂ ਜਾਂਗੜਾਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਇਸ ਕਰਮਚਾਰੀ ਨੇ ਹਾਲ ਹੀ ਵਿੱਚ ਸਟੈਂਡ-ਅੱਪ ਕਾਮੇਡੀਅਨ ਪ੍ਰਨਿਤ ਮੋਰੇ ਦੇ ਸ਼ੋਅ ਦੌਰਾਨ 370 ਰੁਪਏ ਦੀ ਬਿਰਯਾਨੀ ਵਾਲੀ ਵਿਵਾਦਪੂਰਨ ਟਿੱਪਣੀ ਕੀਤੀ ਸੀ, ਜਿਸ ਮਗਰੋਂ ਇਸ ਘਟਨਾ 'ਤੇ ਸੋਸ਼ਲ ਮੀਡੀਆ 'ਤੇ ਵਿਆਪਕ ਰੋਸ ਸੀ। ਗੁਰੂਗ੍ਰਾਮ ਸਥਿਤ ਕੰਪਨੀ 'ਸਟਾਰਕਿਕ ਡਿਜ਼ਾਈਨ' ਨੇ ਇਹ ਕਾਰਵਾਈ ਸੋਸ਼ਲ ਮੀਡੀਆ 'ਤੇ ਹੋਏ ਭਾਰੀ ਵਿਰੋਧ ਤੋਂ ਬਾਅਦ ਕੀਤੀ ਹੈ। ਕੰਪਨੀ ਦੇ ਸੰਸਥਾਪਕ ਵਿਵੇਕ ਵਿਸ਼ਵਕਰਮਾ ਨੇ ਐਕਸ 'ਤੇ ਪੋਸਟ ਕੀਤੀ ਇੱਕ ਵੀਡੀਓ ਵਿੱਚ ਇਸਦੀ ਪੁਸ਼ਟੀ ਕੀਤੀ। ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਸ਼ੋਅ ਦੌਰਾਨ ਵੈੱਬ ਡਿਵੈਲਪਰ ਹਿਮਾਂਸ਼ੂ ਜਾਂਗੜਾ ਨੇ ਇਕ 'ਡੇਟ' ਦਾ ਜ਼ਿਕਰ ਕੀਤਾ, ਜਿਸ ਵਿੱਚ ਹਿਮਾਂਸ਼ੂ ਨੇ ਦੱਸਿਆ ਕਿ ਉਸ ਨੇ ਇੱਕ ਮਹਿਲਾ ਨਾਲ ਡੇਟ 'ਤੇ ਚਿਕਨ ਬਿਰਯਾਨੀ ਦੀ ਇੱਕ ਪਲੇਟ 'ਤੇ 370 ਰੁਪਏ ਖਰਚ ਕੀਤੇ ਸਨ। ਜਾਂਗੜਾ ਨੇ ਦਾਅਵਾ ਕੀਤਾ ਕਿ ਜਦੋਂ ਮਹਿਲਾ ਨੇ ਉਸਨੂੰ ਘਰ ਛੱਡਣ ਲਈ ਕਿਹਾ, ਤਾਂ ਉਸਨੇ ਬਿਰਯਾਨੀ 'ਤੇ ਖਰਚ ਕੀਤੇ ਗਏ ਪੈਸਿਆਂ ਬਦਲੇ ਜਿਨਸੀ ਸਬੰਧਾਂ ਦੀ ਮੰਗ ਕੀਤੀ। ਮੋਰੇ ਨੂੰ ਜਾਂਗੜਾ ਦੀ ਇਸ ਟਿੱਪਣੀ 'ਤੇ ਹੱਸਦੇ ਹੋਏ ਦੇਖਿਆ ਗਿਆ। ਬਾਅਦ ਵਿੱਚ, ਸੋਸ਼ਲ ਮੀਡੀਆ 'ਤੇ ਆਲੋਚਨਾ ਹੋਣ ਤੋਂ ਬਾਅਦ ਮੋਰੇ ਅਤੇ ਜਾਂਗੜਾ ਦੋਵਾਂ ਨੇ ਇਸ ਘਟਨਾ ਲਈ ਮੁਆਫੀ ਮੰਗੀ। ਜਾਂਗੜਾ ਨੇ ਆਪਣਾ ਇੰਸਟਾਗ੍ਰਾਮ ਅਕਾਊਂਟ ਵੀ ਡੀਐਕਟੀਵੇਟ ਕਰ ਦਿੱਤਾ। ਵਿਸ਼ਵਕਰਮਾ ਨੇ ਪੋਸਟ ਵਿੱਚ ਕਿਹਾ, ਅਸੀਂ ਹਿਮਾਂਸ਼ੂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਹਾਲਾਂਕਿ ਗਲਤੀਆਂ ਦੇ ਨਤੀਜੇ ਨਿਕਲਦੇ ਹਨ, ਪਰ ਸਾਨੂੰ ਉਮੀਦ ਹੈ ਕਿ ਇਹ ਘਟਨਾ ਆਤਮ-ਚਿੰਤਨ ਅਤੇ ਸਕਾਰਾਤਮਕ ਤਬਦੀਲੀ ਦਾ ਮੌਕਾ ਬਣੇਗੀ। ਸਥਿਤੀ ਦੀ ਧਿਆਨ ਨਾਲ ਸਮੀਖਿਆ ਕਰਨ ਤੋਂ ਬਾਅਦ, ਅਸੀਂ ਫੈਸਲਾ ਲਿਆ ਹੈ। ਇਹ ਸਾਡਾ ਜਵਾਬ ਹੈ। ਟਿੱਪਣੀ ਵਾਇਰਲ ਹੋਣ ਤੋਂ ਬਾਅਦ, ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਇਸਨੂੰ ਔਰਤਾਂ ਪ੍ਰਤੀ ਅਸੰਵੇਦਨਸ਼ੀਲ ਅਤੇ ਅਪਮਾਨਜਨਕ ਦੱਸਿਆ। ਕੁਝ ਲੋਕਾਂ ਨੇ ਮੋਰੇ ਵੱਲੋਂ ਟਿੱਪਣੀ 'ਤੇ ਇਤਰਾਜ਼ ਨਾ ਕਰਨ ਅਤੇ ਇਸ ਦੀ ਬਜਾਏ ਇਸ 'ਤੇ ਹੱਸਣ ਲਈ ਆਲੋਚਨਾ ਵੀ ਕੀਤੀ।



## ਇਨ੍ਹਾਂ ਖ਼ਪਤਕਾਰਾਂ ਦੇ ਬਿਜਲੀ ਕੁਨੈਕਸ਼ਨਾਂ ਨੂੰ ਲੈ ਕੇ ਰਾਹਤ ਭਰੀ ਖ਼ਬਰ, ਪਾਵਰਕਾਮ ਨੇ ਸ਼ੁਰੂ ਕੀਤੀ ਕਾਰਵਾਈ

ਜ਼ੀਰਕਪੁਰ 18 ਜੂਨ। ਇੱਥੇ ਸੁਸ਼ਮਾ ਵਲੈਂਸੀਆ ਸੁਸਾਇਟੀ ਦੇ ਬਿਜਲੀ ਸੰਕਟ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪਾਵਰਕਾਮ ਨੇ ਇਕ ਪਾਸੇ ਵਸਨੀਕਾਂ ਨੂੰ ਆਰਜ਼ੀ ਬਿਜਲੀ ਕੁਨੈਕਸ਼ਨ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਦੂਜੇ ਪਾਸੇ ਸੁਸਾਇਟੀ ਦੇ ਫ਼ਰਾਰ ਹੋ ਚੁੱਕੇ ਬਿਲਡਰ ਖ਼ਿਲਾਫ਼ ਵਿੱਤੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਪਾਵਰਕਾਮ ਨੇ ਗਮਾਡਾ ਸਮੇਤ ਸਬੰਧਿਤ ਵਿਭਾਗਾਂ ਨੂੰ ਪੱਤਰ ਲਿਖ ਕੇ ਬਿਲਡਰ ਵੱਲੋਂ ਜਮ੍ਹਾਂ ਕਰਵਾਈਆਂ ਗਈਆਂ ਬੈਂਕ ਗਾਰੰਟੀਆਂ 'ਚੋਂ ਆਪਣੇ ਬਣਦੇ ਕਰੀਬ 4 ਕਰੋੜ 32 ਲੱਖ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਹੈ। ਬਿਜਲੀ ਕੁਨੈਕਸ਼ਨਾਂ ਦੇ ਮਾਮਲੇ 'ਚ ਹੋ ਰਹੀ ਦੇਰੀ ਤੋਂ ਨਾਰਾਜ਼ ਸੁਸ਼ਮਾ ਵਲੈਂਸੀਆ ਦੇ ਵਸਨੀਕਾਂ ਨੇ ਪਾਵਰਕਾਮ ਦੇ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ। ਵਸਨੀਕਾਂ ਨੇ ਮੰਗ ਕੀਤੀ ਕਿ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਤੁਰੰਤ ਆਰਜ਼ੀ ਬਿਜਲੀ ਕੁਨੈਕਸ਼ਨ ਜਾਰੀ ਕੀਤੇ ਜਾਣ। ਜਾਣਕਾਰੀ ਅਨੁਸਾਰ ਹਾਈਕੋਰਟ ਨੇ 5 ਜੂਨ ਨੂੰ ਜਾਰੀ ਆਪਣੇ ਹੁਕਮਾਂ 'ਚ ਪਾਵਰਕਾਮ ਨੂੰ ਸੁਸਾਇਟੀ ਦੇ ਯੋਗ ਖ਼ਪਤਕਾਰਾਂ ਨੂੰ ਆਰਜ਼ੀ ਬਿਜਲੀ ਕੁਨੈਕਸ਼ਨ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਪਾਵਰਕਾਮ ਨੂੰ 15 ਦਿਨਾਂ ਦੇ ਅੰਦਰ ਇਹ ਪ੍ਰਕਿਰਿਆ ਪੂਰੀ ਕਰਨ ਲਈ ਕਿਹਾ ਹੈ। ਹਾਈਕੋਰਟ ਦੇ ਹੁਕਮਾਂ ਦੇ ਅਗਲੇ ਹੀ ਦਿਨ 6 ਜੂਨ ਨੂੰ ਪਾਵਰਕਾਮ ਵੱਲੋਂ ਗਮਾਡਾ ਅਤੇ ਹੋਰ ਸਬੰਧਿਤ ਅਥਾਰਟੀਆਂ ਨੂੰ ਪੱਤਰ ਭੇਜੇ ਗਏ। ਪਾਵਰਕਾਮ ਨੇ ਕਿਹਾ ਹੈ ਕਿ ਸੁਸਾਇਟੀ ਦੇ ਬਿਲਡਰ ਵੱਲੋਂ ਵਿਭਾਗ ਦੇ ਕਰੀਬ 4.32 ਕਰੋੜ ਰੁਪਏ ਬਕਾਇਆ ਹਨ ਕਿਉਂਕਿ ਬਿਲਡਰ ਫ਼ਰਾਰ ਦੱਸਿਆ ਜਾ ਰਿਹਾ ਹੈ। ਇਸ ਲਈ ਵਿਭਾਗ ਨੇ ਵੱਖ-ਵੱਖ ਸਰਕਾਰੀ ਅਥਾਰਟੀਆਂ ਕੋਲ ਜਮ੍ਹਾਂ ਕਰਵਾਈਆਂ ਗਈਆਂ ਉਸ ਦੀਆਂ ਬੈਂਕ ਗਾਰੰਟੀਆਂ 'ਚੋਂ ਆਪਣੀ ਬਣਦੀ ਰਕਮ ਜਾਰੀ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਪਾਵਰਕਾਮ ਸੁਪਰੀਟੈਂਡਿੰਗ ਇੰਜੀਨੀਅਰ ਅਮਨਦੀਪ ਸਿੰਘ ਗਿੱਲ ਨੇ ਦੱਸਿਆ ਕਿ ਵਿਭਾਗ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਰਜ਼ੀ ਕੁਨੈਕਸ਼ਨ ਜਾਰੀ ਕਰਨ ਲਈ ਖ਼ਪਤਕਾਰਾਂ ਤੋਂ ਲੋੜੀਂਦੇ ਦਸਤਾਵੇਜ਼ ਮੰਗੇ ਜਾ ਰਹੇ ਹਨ। ਇਸ ਦੇ ਨਾਲ-ਨਾਲ ਖ਼ਪਤਕਾਰਾਂ ਤੋਂ ਇਹ ਜਾਣਕਾਰੀ ਵੀ ਲਈ ਜਾ ਰਹੀ ਹੈ ਕਿ ਉਨ੍ਹਾਂ ਨੂੰ ਕਿੰਨੇ ਬਿਜਲੀ ਲੋਡ ਦੀ ਲੋੜ ਹੈ।

## ਪੰਜਾਬ ਦੇ ਨੈਸ਼ਨਲ ਹਾਈਵੇ 'ਤੇ ਭਿਆਨਕ ਹਾਦਸਾ, ਕਾਰ 'ਚੋਂ ਮਸਾਂ ਕੱਢਿਆ ਡਰਾਈਵਰ

ਭਵਾਨੀਗੜ੍ਹ 18 ਜੂਨ। ਸਥਾਨਕ ਸ਼ਹਿਰ ਤੋਂ ਸੰਗਰੂਰ ਨੂੰ ਜਾਂਦੇ ਨੈਸ਼ਨਲ ਹਾਈਵੇ ਉੱਪਰ ਪਿੰਡ ਘਾਬਦਾਂ ਦੇ ਪੀਜੀਆਈ ਹਸਪਤਾਲ ਨੇੜੇ ਬੁੱਧਵਾਰ ਸਵੇਰੇ ਤੜਕਸਾਰ ਇਕ ਕਾਰ ਤੇ ਟਰੱਕ ਵਿਚਕਾਰ ਹੋਏ ਦਰਦਨਾਕ ਹਾਦਸੇ ਵਿਚ ਕਾਰ ਸਵਾਰ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਸੜਕ ਸੁਰੱਖਿਆ ਫੋਰਸ ਦੇ ਸਹਾਇਕ ਸਾਹਿਬ ਇੰਸਪੈਕਟਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਤੜਕੇ ਪੌਣੇ ਚਾਰ ਵਜੇ ਸੰਗਰੂਰ ਤੋਂ ਪਟਿਆਲਾ ਸਾਈਡ ਨੂੰ ਜਾ ਰਹੀ ਇਕ ਕ੍ਰਸ਼ੀਨਾ ਕਾਰ ਜਦੋਂ ਪਿੰਡ ਘਾਬਦਾਂ ਵਿਖੇ ਸਥਿਤ ਪੀਜੀਆਈ ਹਸਪਤਾਲ ਨੇੜੇ ਪਹੁੰਚੀ ਤਾਂ ਇਹ ਅਚਾਨਕ ਬੇਕਾਬੂ ਹੋ ਕੇ ਹਾਈਵੇ ਵਿਚਕਾਰ ਬਣੇ ਡਿਵਾਈਡਰ ਨੂੰ ਪਾਰ ਕਰਦੀ ਹੋਈ ਹਾਈਵੇ ਦੀ ਦੂਜੀ ਸਾਈਡ ਵਾਲੀ ਸੜਕ 'ਤੇ ਚਲੀ ਗਈ ਅਤੇ ਸਾਹਮਣੇ ਤੋਂ ਆ ਰਹੇ ਇਕ ਟਰੱਕ ਨਾਲ ਟਕਰਾ ਗਈ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ ਤੇ ਕਾਰ ਚਾਲਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਉਸ ਸਮੇਂ ਡਿਊਟੀ 'ਤੇ ਮੌਜੂਦ ਸੜਕ ਸੁਰੱਖਿਆ ਫੋਰਸ ਦੇ ਸਹਾਇਕ ਸਬ ਇੰਸਪੈਕਟਰ ਹਰਬੰਸ ਸਿੰਘ ਤੇ ਕਾਂਸਟੇਬਲ ਗੁਰਜਸ਼ਨ ਸਿੰਘ ਨੇ ਹੋਰ ਰਾਹਗੀਰਾਂ ਦੀ ਮਦਦ ਨਾਲ ਕਾਰ ਵਿਚ ਫਸੇ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਕਾਰ ਚਾਲਕ ਜਗਦੀਸ਼ ਕੁਮਾਰ ਪੁੱਤਰ ਮੇਹਰ ਚੰਦ ਵਾਸੀ ਅਬਲੋਵਾਲ, ਨਾਭਾ ਰੋਡ ਪਟਿਆਲਾ ਨੂੰ ਕਾਫੀ ਜੱਦੋ ਜਹਿਦ ਕਰਕੇ ਬਾਹਰ ਕੱਢਿਆ ਤੇ ਉਸ ਨੂੰ ਇਲਾਜ ਲਈ ਤੁਰੰਤ ਸਿਵਲ ਹਸਪਤਾਲ ਸੰਗਰੂਰ ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਸੜਕ ਸੁਰੱਖਿਆ ਫੋਰਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਗੱਡੀ ਵਿਚ ਪਏ ਚਾਲਕ ਦੇ ਆਈਫੋਨ ਤੇ ਨਗਦੀ ਨੂੰ ਪੁਲਸ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਹੈ। ਪੁਲਸ ਨੇ ਕਾਰ ਤੇ ਟਰੱਕ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.



**ਉੱਤਰ ਰੇਲਵੇ**

**GeM ਪੋਰਟਲ ਉਤੇ ਟੈਂਡਰ ਲਈ ਸੂਚਨਾ**

ਸੀਨੀਅਰ ਮੰਡਲ ਵਪਾਰਕ ਪ੍ਰਬੰਧਕ/ਮਾਲ ਕਿਰਾਇਆ, ਦਿੱਲੀ ਮੰਡਲ, ਉੱਤਰ ਰੇਲਵੇ, ਰੇਲਵੇ ਬੋਰਡ ਦੇ ਪੱਤਰ ਨੰ: 2025 / ਟੀਸੀ (ਐਫਐਮ) / 11/20 ਮਿਤੀ 17.11.2025, ਦੇ ਅਨੁਸਾਰ ਦਿੱਲੀ ਮੰਡਲ ਦੇ ਦਿੱਲੀ ਸਰਾਏ ਰੋਹਿਲਾ (DEE) ਸਟੇਸ਼ਨ ਉਤੇ ਬੁਕ ਕੀਤੇ ਗਏ ਪਾਰਸਲ ਅਤੇ ਲਗੇਜ ਪੈਕੇਜਾਂ ਦੀ ਹੈਂਡਲਿੰਗ ਦੇ ਨਾਲ-ਨਾਲ FM ਸਰਕੂਲਰ 26 ਆਫ 2025 (ਮਿਤੀ 17.11.2025) ਦੇ ਅੰਤਰਗਤ ਆਉਣ ਵਾਲੀ ਹੋਰ ਗਤੀਵਿਧੀਆਂ ਦੀ ਵੀ ਆਊਟਸੋਰਸਿੰਗ ਲਈ, ਤਿੰਨ (03) ਸਾਲ ਦੇ ਸਮੇਂ ਦੇ ਲਈ GeM ਪੋਰਟਲ (https://gem.gov.in) ਉਤੇ ਬਿਡ ਨੰਬਰ GEM/2026/B/7657541 ਦੇ ਲਈ ਖੁਲੀ ਟੈਂਡਰ ਦੇ ਦੁਆਰਾ ਤੋਂ ਬੋਲੀਆਂ ਮੰਗ ਕਰਦਾ ਹੈ। ਜਿਸਦਾ ਵੇਰਵਾ ਇਸ ਪ੍ਰਕਾਰ ਹੈ:

| ਲੜੀ ਨੰਬਰ | ਬੋਲੀ ਖਤਮ ਹੋਣ ਦੀ ਮਿਤੀ ਅਤੇ ਸਮਾਂ | ਬੋਲੀ ਖੁਲਣ ਦੀ ਮਿਤੀ ਅਤੇ ਸਮਾਂ | ਪ੍ਰੀ-ਬਿਡ ਮੀਟਿੰਗ ਦੀ ਮਿਤੀ ਅਤੇ ਸਮਾਂ | ਅਨੁਮਾਨਿਤ ਲਾਗਤ (ਸਾਰੇ ਕਰਾਂ ਸਹਿਤ) | ਬਿਆਨਾ ਰਾਸ਼ੀ | ਅਨੁਬੰਧ ਦਾ ਸਮਾਂ | ਕੰਮ ਦਾ ਨਾਮ ਅਤੇ ਪੂਰਾ ਹੋਣ ਦਾ ਸਮਾਂ |
|---|---|---|---|---|---|---|---|
| 1 | 07.07.2026 ਨੂੰ 14:00 ਵਜੇ | 07.07.2026 ਨੂੰ 14:30 ਵਜੇ | 25.06.2026 ਨੂੰ 15:00 ਵਜੇ | ਰੁ: 4,00,94,394/- (ਚਾਰ ਕਰੋੜ, ਚੋਰਾਨਵੇ ਹਜ਼ਾਰ, ਤਿੰਨ ਸੋ ਚੋਰਾਨਵੇ ਰੁਪਏ) | ਰੁ: 3,50,480/- (ਤਿੰਨ ਲੱਖ ਪੰਚਾਸ ਹਜ਼ਾਰ ਚਾਰ ਸੋ ਅੱਸੀ ਰੁਪਏ) | 03 ਸਾਲ | ਟੈਂਡਰ/ਬੋਲੀ ਨੰਬਰ: GEM/2026/B/7657541 ਕੰਮ ਦਾ ਨਾਮ : ਦਿੱਲੀ ਸਰਾਏ ਰੋਹਿਲਾ (DEE) ਸਟੇਸ਼ਨ ਉਤੇ ਬੁਕ ਕੀਤੇ ਗਏ ਪਾਰਸਲ ਅਤੇ ਲਗੇਜ ਪੈਕੇਜਾਂ ਦੀ ਹੈਂਡਲਿੰਗ ਦੇ ਨਾਲ-ਨਾਲ FM ਸਰਕੂਲਰ 26 ਆਫ 2025 (ਮਿਤੀ 17.11.2025) ਦੇ ਅੰਤਰਗਤ ਆਉਣ ਵਾਲੀ ਹੋਰ ਗਤੀਵਿਧੀਆਂ ਦੀ ਵੀ ਆਊਟਸੋਰਸਿੰਗ ਲਈ, ਤਿੰਨ (03) ਸਾਲ ਦੇ ਸਮੇਂ ਦੇ ਲਈ GeM ਪੋਰਟਲ (https://gem.gov.in) ਉਤੇ ਬਿਡ ਨੰਬਰ GEM/2026/B/7657541 ਦੇ ਲਈ ਖੁਲੀ ਟੈਂਡਰ ਦੇ ਦੁਆਰਾ ਤੋਂ ਬੋਲੀਆਂ ਮੰਗ ਕਰਦਾ ਹੈ। |

ਮਹੱਤਵਪੂਰਣ ਸੂਚਨਾ : 1. ਟੈਂਡਰ ਤੋਂ ਜੁੜੀ ਜਿਆਦਾ ਜਾਣਕਾਰੀ ਜ਼ਰੂਰਤਾਂ ਅਤੇ ਮਹੱਤਵਪੂਰਣ ਪਹਿਲੂਆਂ - ਜਿਸਤਰ੍ਹਾਂ GeM ਪੋਰਟਲ ਉਤੇ ਰਜਿਸਟ੍ਰੇਸ਼ਨ, GeM ਪੋਰਟਲ ਉਤੇ ਟੈਂਡਰ ਵਿਚ ਕਿਸਤਰ੍ਹਾਂ ਭਾਗ ਲੈ ਆਦਿ ਦੇ ਲਈ ਇਛੁਕ ਬੋਲੀਦਾਤਾਵਾਂ ਨੂੰ https://gem. gov.in ਉਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ। 2. https://bidplus.gem.gov.in/all-bids ਤੋਂ ਡਾਊਨਲੋਡ ਕੀਤਾ ਜਾਂ ਸਕਦਾ ਹੈ, ਇਸਦੇ ਲਈ ਸਰਚ ਆਪਸ਼ਨ ਵਿਚ ਬਿਡ ਨੰਬਰ GEM/2026/B/7657541 ਪਾਉਣਾ ਹੋਵੇਗਾ। 3. ਰੇਲਵੇ ਪ੍ਰਸ਼ਾਸਨ ਕਿਸੀ ਵੀ ਸਮੇਂ ਇਨ੍ਹਾਂ ਟੈਂਡਰਾਂ / ਅਨੁਬੰਧਾਂ ਨੂੰ ਰੱਦਕਰਨ/ਸਮਾਪਤ ਕਰਨ ਜਾਂ ਜ਼ਰੂਰਤਾਂ ਦੇ ਆਧਾਰ ਉਤੇ ਸੰਸ਼ੋਧਨ / ਅਤਿਰਿਕਤ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਇਨ੍ਹਾਂ ਟੈਂਡਰਾਂ ਜਾਂ ਅਨੁਬੰਧਾਂ ਨੂੰ ਜਾਰੀ ਰੱਖਣ/ਬੰਦ ਕਰਨ ਦੇ ਸੰਬੰਧ ਵਿਚ ਨਿਰਣੇ ਲੈਣ ਦਾ ਪੂਰਾ ਅਧਿਕਾਰ ਸੁਰੱਖਿਅਤ ਰੱਖਦਾ ਹੈ। 4. ਸੰਭਾਵਿਤ ਬੋਲੀਦਾਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਲੀ ਲਗਾਣ ਤੋਂ ਪਹਿਲਾ ਸਕੋਪ ਆਫ ਵਰਕ ਨੂੰ ਸਮਝਣ ਦੇ ਲਈ ਦਿੱਲੀ ਸਰਾਏ ਰੋਹਿਲਾ ਸਟੇਸ਼ਨ ਦਾ ਦੌਰਾ ਕਰੇ।

ਨੰ: NR-DLI0COMM(PARC)/31/2026-Freight Cell 2094/2026

ਗ੍ਰਾਹਕਾ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉਤਰ ਰੇਲਵੇ**

**ਪ੍ਰਮੁੱਖ ਮੁੱਖ ਸਮਗਰੀ ਪ੍ਰਬੰਧਕ ਦਫਤਰ**

**ਹੈਡਕੁਆਟਰ, ਬੜੌਦਾ ਹਾਊਸ, ਨਵੀਂ ਦਿੱਲੀ-110 001 (Mail ID: salenr365@gmail.com)**

**ਈ-ਨੀਲਾਮੀ ਸੂਚਨਾ ਨੰ.-ਅਗਸਤ-2026**

ਰੱਦ ਲੋਹਾ, ਅਲੋਹ, ਹੋਰ ਵਿਵਿਧ ਸਕ੍ਰੈਪ, ਕੰਡਮ ਲੋਕੋ ਕੋਚੇਜ ਅਤੇ ਵੈਗਨਸ, ਸਕ੍ਰੈਪ ਰੇਲ ਅਤੇ ਹੋਰ ਰੇਲਪਥ ਸਮਗਰੀ ਦੇ ਨਿਪਟਾਰੇ ਲਈ ਈ-ਨੀਲਾਮੀ ਕੀਤੀ ਜਾਵੇਗੀ। ਲੈਡ ਅਸਿਡ ਬੈਟਰੀਜ/ਯੂਜ਼ਡ ਆਯਲ/ਰਿਯੂਜਡ ਆਯਲ ਕੇਵਲ ਉਨ੍ਹਾਂ ਸੰਭਰਨਕਰਤਾਵਾਂ ਨੂੰ ਵੇਚਿਆ ਜਾਵੇਗਾ ਜੋ ਕਿ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਤਹਿਤ ਰਜਿਸਟਰਡ ਹੋਣਗੇ।

**ਅਗਸਤ- 2026 ਦੀ ਈ-ਨੀਲਾਮੀ ਮਿਤੀ**

| ਲ. ਨੰ. | ਨੀਲਾਮੀ ਕਰਨ ਵਾਲਾ ਡਿਪੋ/ਡਵੀਜਨ | ਨੀਲਾਮੀ ਸਮਾਂ | ਪਹਿਲੇ ਪੜਾਅ ਦੀ ਮਿਤੀ | ਸੈਕਿੰਡ ਪੜਾਅ ਦੀ ਮਿਤੀ | ਤੀਜੇ ਪੜਾਅ ਦੀ ਮਿਤੀ | ਚੌਥੇ ਪੜਾਅ ਦੀ ਮਿਤੀ | ਪੰਜਵੇਂ ਪੜਾਅ ਦੀ ਮਿਤੀ |
|---|---|---|---|---|---|---|---|
| 1. | ਆਲਮਬਾਗ/ਲਖਨਊ (0522-2451257) | 10:30 ਸਵੇਰੇ | 5 | 10 | 14 | 20 | 24 |
| 2. | ਸ਼ਕੂਰਬਸਤੀ (011-27015387) | 10:30 ਸਵੇਰੇ | 6 | 10 | 14 | 19 | 24 |
| 3. | ਜਗਾਧਰੀ (01732-252388) | 10:30 ਸਵੇਰੇ | 7 | 12 | 18 | 21 | 25 |
| 4. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਦਿੱਲੀ (011-23365311) | 10:30 ਸਵੇਰੇ | 6 | 11 | 18 | 21 | 25 |
| 5. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਅੰਬਾਲਾ (0171-2611203) | 10:30 ਸਵੇਰੇ | 7 | 11 | 17 | 21 | 25 |
| 6. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਫਿਰੋਜਪੁਰ (01632-244154) | 10:30 ਸਵੇਰੇ | 6 | 11 | 17 | 21 | 27 |
| 7. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਲਖਨਊ (0522-2234756) | 10:30 ਸਵੇਰੇ | 5 | 10 | 14 | 20 | 24 |
| 8. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਮੁਰਾਦਾਬਾਦ (0591-2413141) | 10:30 ਸਵੇਰੇ | 6 | 12 | 17 | 24 | 27 |

ਨੋਟ: 1. ਨੀਲਾਮੀ ਵਿਚ ਵੇਚੀ ਜਾਣ ਵਾਲੀ ਸਮਗਰੀ ਦਾ ਵੇਰਵਾ www.ireps.gov.in 'ਤੇ ਦਿਤੇ ਕੈਟਲਾਗ 'ਤੇ ਉਪਲਬਧ ਹੋਣਗੇ। 2. ਇੱਛੁਕ ਖਰੀਦਦਾਰ ਉਪਰੋਕਤ ਵਰਣਿਤ ਸਮਗਰੀ ਨੂੰ ਨੀਲਾਮੀ ਦੇ ਪੂਰਵ ਨਾਮਿਤ ਸਥਾਨ 'ਤੇ ਕੰਮ ਦਿਵਸ ਵਿਚ ਦੇਖ ਸਕਦੇ ਹਨ। 3. ਪੂਰਵ ਨਿਲਾਮੀ ਵਿਚ ਵਿਕ੍ਰੀ ਦਾ ਵੇਰਵਾ www.nr.railnet.gov.in 'ਤੇ ਉਪਲਬਧ ਹੈ। 4. ਈ-ਨੀਲਾਮੀ ਵਿਚ ਭਾਗ ਲੈਣ ਦੇ ਲਈ ਕ੍ਰੇਤਾ ਨੂੰ ireps 'ਤੇ ਰਜਿਸਟਰਡ ਹੋਣਾ ਜ਼ਰੂਰੀ ਹੈ। ਈ-ਨੀਲਾਮੀ ਦੀ ਵਿਸਤ੍ਰਿਤ ਜਾਣਕਾਰੀ, ਰਜਿਸਟਰੇਸ਼ਨ ਅਤੇ ਹੋਰ ਨਿਯਮ ਤੇ ਸ਼ਰਤਾਂ ਦੇ ਲਈ ਕਿਰਪਾ ਰੇਲਵੇ ਵੈਬਸਾਈਟ www.ireps.gov.in ਦੇਖੋ।

(ਅੰਕਿਤ ਗੁਪਤਾ)
ਉਪ ਮੁਖ ਸਮਗਰੀ ਪ੍ਰਬੰਧਕ/ਐਸ ਅਤੇ ਪੀ

ਨੰਬਰ:-117 ਐਸ/ਸੇਲ/ਆਕਸ਼ਨ ਪ੍ਰੋਗਰਾਮ/2026-27 ਮਿਤੀ: 16.06.2026 2059/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਗਿਆਨੀ ਸੀਤਲ ਸਿੰਘ ਜੀ ਦੀ ਬਰਸੀ ਸਮਾਗਮ ਸ਼ਰਧਾਪੂਰਵਕ ਸੰਪੂਰਨ

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰਬਨ ਅਸਟੇਟ ਫੇਜ਼-2, ਸਾਹਿਬ ਨਗਰ ਥੇੜੀ ਸਥਿਤ ਇਤਿਹਾਸਕ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪਰਮ ਸਤਿਕਾਰਯੋਗ ਗਿਆਨੀ ਸੀਤਲ ਸਿੰਘ ਜੀ ਦੀ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਧਾਰਮਿਕ ਸਮਾਗਮ ਬੜੀ ਸ਼ਰਧਾ-ਭਾਵਨਾ ਅਤੇ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। 13 ਜੂਨ ਤੋਂ ਆਰੰਭ ਹੋਏ ਇਹਨਾਂ ਧਾਰਮਿਕ ਸਮਾਗਮਾਂ ਦੇ ਭੋਗ ਅੱਜ 15 ਜੂਨ ਨੂੰ ਪਾਏ ਗਏ।

ਇਹ ਪੂਰਾ ਸਮਾਗਮ ਚੌਧਰੀ ਪ੍ਰਭਜੀਤ ਸਿੰਘ (ਐਮ.ਡੀ., ਅਦਾਰਾ ਸ਼ਹੀਦ-ਏ-ਆਜ਼ਮ) ਅਤੇ ਹਰਪ੍ਰੀਤ ਸਿੰਘ ਦਰਦੀ (ਡਾਇਰੈਕਟਰ, ਅਦਾਰਾ ਚੜ੍ਹਦੀਕਲਾ ਟਾਈਮ ਟੀ.ਵੀ. ਅਤੇ ਅਖ਼ਬਾਰ) ਦੀ ਯੋਗ ਤੇ ਨਿੱਜੀ ਦੇਖ-ਰੇਖ ਹੇਠ ਬਹੁਤ ਹੀ ਸੁਚੱਜੇ ਪ੍ਰਬੰਧਾਂ ਨਾਲ ਨੇਪਰੇ ਚੜ੍ਹਿਆ।ਸੰਗਤਾਂ ਨੇ ਮਾਣਿਆ ਇਲਾਹੀ ਬਾਣੀ ਦਾ ਰਸ ਬਰਸੀ ਸਮਾਗਮ ਦੇ ਸਬੰਧ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਮਹਾਨ ਕੀਰਤਨੀ ਜੱਥਿਆਂ ਅਤੇ ਰਾਗੀ ਸਿੰਘਾਂ ਵੱਲੋਂ ਇਲਾਹੀ ਗੁਰਬਾਣੀ ਦੇ ਮਨੋਹਰ ਕੀਰਤਨ ਅਤੇ ਸ਼ਬਦ ਗਾਇਨ ਕੀਤੇ ਗਏ। ਸਮਾਗਮ ਦੌਰਾਨ ਪਟਿਆਲਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਦਾ ਭਰਪੂਰ ਆਨੰਦ ਮਾਣਿਆ। ਸਮੁੱਚਾ ਮਾਹੌਲ ਗੁਰੂ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ ਅਤੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਗੁਰੂ ਕਾ ਲੰਗਰ ਅਤੁੱਟ ਵਰਤਿਆ ਧਾਰਮਿਕ ਸਮਾਗਮ ਦੌਰਾਨ ਜਿੱਥੇ ਸੰਗਤਾਂ ਨੇ ਨਾਮ-ਸਿਮਰਨ ਅਤੇ ਗੁਰਬਾਣੀ ਸਰਵਣ ਕਰਕੇ ਆਤਮਿਕ ਸੁਖ ਪ੍ਰਾਪਤ ਕੀਤਾ, ਉੱਥੇ ਹੀ ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕਾਂ ਵੱਲੋਂ ਆਈਆਂ ਹੋਈਆਂ ਸਭ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਸਹਿਯੋਗ ਪਾਇਆ।

ਇਸ ਮੌਕੇ ਪੰਥ ਦੀਆਂ ਕਈ ਪ੍ਰਮੁੱਖ ਧਾਰਮਿਕ, ਸਮਾਜਿਕ ਅਤੇ ਸਿਆਸੀ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ ਅਤੇ ਗਿਆਨੀ ਸੀਤਲ ਸਿੰਘ ਜੀ ਦੀਆਂ ਪੰਥਕ ਸੇਵਾਵਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।

# ਡਾ. ਨਰੇਸ਼ ਗਰਗ ਵਲੋਂ ਨਟਾਸ ਦੀ 45ਵੀਂ ਸਾਲਾਨਾ ਮੁਫਤ ਥੀਏਟਰ ਵਰਕਾਪ ਦੇ ਨਾਟਕ ਦੀ ਫਰੀ ਰਿਹਰਸਲ ਦੇ ਉਦਘਾਟਨ; ਪ੍ਰਾਣ ਸਭਰਵਾਲ ਭਾਰਤ ਰਤਨ ਦੇ ਹੱਕਦਾਰ



**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪੱਾਣ ਸਭਰਵਾਲ-ਸਟੇਟ ਆਵਾਰਾ ਸ਼੍ਰੀਮਤੀ ਸੁਨੀਤਾ ਸਭਰਵਾਲ ਵਲੋਂ ਪੰਜਾਬ ਭਾਂਵਿਭਾਗ ਦੇ ਸਹਿਯੋਗ ਨਾਲ ਭਵਨ ਵਿਖੇ 1 ਜੂਨ ਤੋਂ ਜਾਰੀ 21 ਦਿਵਸੀ 45ਵੀਂ ਸਾਲਾਨਾ ਮੁਫਤ ਜਾਗ੍ਰਿਤੀ ਥੀਏਟਰ ਵਰਕਸ਼ਾਪ ਦੇ ਨਾਟਕ "ਰੇਤ ਦੀਆਂ ਕੰਧਾਂ" ਦੀ ਫਰੀ ਰਿਹਰਸਲ ਦਾ ਉਦਘਾਟਨ ਮੁਖ ਮਹਿਮਾਨ ਅਨੁਸ਼ਤਰੀ ਭਾਰਤ ਦੇ ਪ੍ਰਸਿਧ ਆਫ ਮੈਆਸਨ-ਆਇਬਟੀਸ (ਗਰ)।ਨਰੇਸ਼ ਗਰਗ ਮਿੰਨ ਹਸਪਤਾਲ ਮਾਡਲ ਟਾਊਨ ਨੇ ਲੋਕਾਂ ਦੇ ਆਚਰਣ ਦੌਰਾਨ ਭਗਵਾਨ ਨਟਰਾਜ ਨੂੰ ਸ਼ਰਧਾਜਲੀ ਉਤੇ ਪ੍ਰਸਾਦਿ ਭੇਂਟ ਕਰਕੇ ਕੀਤਾ।

ਉਹਨਾਂ ਨਾਲ ਨਟਾਸ ਪ੍ਰਧਾਨ ਸ੍ਰ. ਗੁਰਬਚਨ ਸਿੰਘ ਕਕੜ, ਵਿਸ਼ੇਸ਼ ਮਹਿਮਾਨ ਸੇਠ ਰਾਜੌ ਅਗਰਵਾਲ ਆਫ ਨਵਯੁਗ ਵਸਤਲਿਓਂ, ਵਰਕੱਾਪ ਨਾਟਕ ਨਿਰਦੇਸ਼ਕ ਸੁਰਜੀਤ ਬਸਰਾ, ਨਿਰਦੇਸ਼ਕ ਪ੍ਰਾਣ ਸਭਰਵਾਲ, ਹੋਰ ਹਸਤੀ ਮਿਲ ਸਨ।

ਮਹਿਮਾਨ ਹਸਤੀ ਨੂੰ ਅਵਾਰਾ ਆਫ ਅਨਰ, ਮਿਮੈਂਟੌਲ, ਬੁਕੇ ਤੇ ਸੁਨੀਤਾ ਸਭਰਵਾਲ ਦੀ ਨਵੀਂ ਕਾਵਿਓ ਪੁਸਤਕ "ਜੋ ਹਮ ਬੁਰੇ ਭਲੇ ਸੋ ਤੇਰੇ" ਬਤੌਰ ਸਾਹਿਤਿਕ ਅਪਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।ਨਰੇਸ਼ ਗਰਗ ਨੇ ਆਪਣੇ ਪ੍ਰਭਾਵਸ਼ਾਲੀ ਭਾਣ ਵਿਚ ਕਿਹ ਕ੍ਰੀਮਤੀ ਸੁਨੀਤਾ ਉਤੇ੍ ਪ੍ਰਾਣ ਸਭਰਵਾਲ ਵਲੋਂ ਦੋਂ ਵਿਦਾ ਵਿਚ ਪਿਛਲੇ 6 ਦਹਾਕਿਆ ਤੋਂ ਜਾਰੀ ਸਮਾਜਿਕ ਰੰਗਮੰਚ ਸੇਵਾਵਾਂ ਤੋਂ ਜਾਣੂ ਹਨ, ਜੋ ਮਹਾਨ ਪ੍ਰੇਰਣਾ ਸਰੋਤ ਹਨ। ਉਹਨਾਂ ਨੇ ਕਿਹਾ ਕਿ ਸਭਰਵਾਲ ਭਾਰਤ ਰਤਨ ਸਮਾਨ ਦੇ ਹਕਦਾਰ ਹਨ।ਨਰੇਸ਼ ਨੇ ਸਫਲਤਾ ਲਈ, ਅਨੁਸ਼ਾਸਨ, ਲਗਨ, ਸਮਰਪਨ ਸਖਤ ਮਿਹਨਤ ਤੇ ਜੋਰ ਦਿੰਦਿਆਂ ਵਰਕਾਪ ਸਹਿਯੋਗੀਆਂ ਨੂੰ ਸਨਮਾਨਿਤ ਕੀਤਾ। ਨਟਾਸ ਪ੍ਰੱਾਨ ਸ੍ਰ. ਕਕੜ ਨੇ ਪ੍ਰਧਾਨਗੀ ਭਾਣ 'ਚ ਮੁਖ ਮਹਿਮਾਨ ਸਨ। ਨਰੇਸ਼ ਗਰਗਧੰਨਵਾਦ ਕਰਦਿਆਂ ਕਿਹਾ ਕਿਗਰਗ ਨੂੰ ਸਿਰਫ ਇਕ ਕਾਬਿਲ ਆਕਟਰ ਹਨ ਸਗੋਂ ਪ੍ਰੇਰਣਾ ਦਾਇਕ ਸਮਾਜਿਕ ਪ੍ਰਮੁਖ ਖਸੀਅਤ ਹਨ, ਜੋ ਆਏ ਦਿਨ ਮੁਫਤ ਮੈਡੀਕਲ ਚੈਕਅਪ ਕੈਂਪ ਲਗਾਉਂਦੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਇਆਂ ਵੰਡਦੇ ਹਨ।ਸ੍ਰ.ਕਕੜ ਅਤੇ ਸਭਰਵਾਲ ਨੇ ਮਹਿਮਾਨ ਹਸਤੀ, ਸਹਿਯੋਗੀ ਸਰਪਰਸਤ ਹਸਤੀਆਂ ਸਨ। ਪਟਿਆਲਾਂ ਅਗਰਵਾਲ ਸਿੰਘ ਓਬਰਾਏ (ਦੁਬਈ), ਸ੍ਰ. ਜਸਵੰਤ ਸਿੰਘ ਡਫਰ, ਡਾਇਰੈਕਟਰ ਪੰਜਾਬ ਧੰਨਵਾਦ ਕੀਤਾ। ਇਸ ਅਵਸਰ ਤੇ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਟਰੇਨੀਡ ਨੇ ਵਿਆਗ ਮਈ, ਹਾਸ ਭਰਪੂਰ ਸਕਿਟ ਕੀਤੀ।ਮੈਡਮ ਪੂਜਾ ਵਲੋਂ ਤਿਆਰ ਸਹਗਾਨ ਪੇਸ਼ ਕੀਤਾ ਗਿਆ। ਕਲਾਕਾਰੀ ਸੁਭਾ ਭਗਤ, ਪਰਮਜੀਤ ਕੌਰ, ਅੰਮ੍ਰਿਤਪਾਲ ਸਿੰਘ, ਸਿਮਰਨ ਸਰਨਾ, ਸਿਲਕੀ ਅਰੀਆਂ, ਗਾਇਕ ਮਹਿੰਦਰ ਸਿੰਘ ਨੇ ਆਪਣੀ-ਆਪਣੀ ਕਲਾ ਦੇ ਡੋਰ ਦਿਖਾਏ।

# ਐਸਜੀਪੀਸੀ ਦੇ ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਨੇ ਵੇਦਾਂਤ ਦਰਸ਼ਨ ਕਿਤਾਬ ਕੀਤੀ ਸੰਗਤ ਅਰਪਣ



**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

:ਐਸਜੀਪੀਸੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਵੇਦਾਂਤ ਦਰਸ਼ਨ ਵਿਸ਼ੇ 'ਤੇ ਡਾ ਹਰਦੇਵ ਸਿੰਘ, ਡੀਨ ਫੈਕਲਟੀ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵੱਲੋਂ ਲਿਖੀ ਕਿਤਾਬ ਸੰਗਤ ਅਰਪਣ ਕੀਤੀ।ਪ੍ਰੋਫੈਸਰ ਬਡੂੰਗਰ ਨੇ ਆਖਿਆ ਕਿ ਗੁਰਬਾਣੀ ਵਿਸ਼ਵ ਦੇ ਹੋਰ ਧਾਰਮਿਕ ਗ੍ਰੰਥਾਂ ਅਤੇ ਸਾਹਿਤ ਨੂੰ ਰੱਦ ਨਹੀਂ ਕਰਦੀ ਸਗੋਂ ਉਹਨਾਂ ਪਾਖੰਡੀਆਂ ਅਤੇ ਫੋਕਟ ਕਰਮੀਆਂ ਦਾ ਖੰਡਨ ਕਰਦੀ ਹੈ ਜੋ ਧਰਮ ਗ੍ਰੰਥ ਦੇ ਮੂਲ ਸੁਨੇਹੇ ਨੂੰ ਸਮਝਣ ਤੋਂ ਅਸਮਰਥ ਹਨ।

ਕਿਤਾਬ ਦੀ ਸ਼ਲਾਘਾ ਕਰਦਿਆਂ ਵਾਈਸ-ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਨੇ ਆਖਿਆ ਕਿ ਛੇ ਦਰਸ਼ਨ ਧਰਮ ਅਧਿਐਨ ਦੇ ਮਾਸਟਰ ਪ੍ਰੋਗਰਾਮ ਵਿੱਚ ਪਾਠਕ੍ਰਮ ਵਜੋਂ ਸ਼ਾਮਿਲ ਹਨ। ਇਹਨਾਂ ਗ੍ਰੰਥਾਂ ਨੂੰ ਗੁਰਮੁਖੀ ਵਿੱਚ ਪ੍ਰਕਾਸ਼ਿਤ ਕਰਨ ਨਾਲ ਵਿਦਿਆਰਥੀਆਂ ਦੀ ਪਹੁੰਚ ਮੂਲ ਰਚਨਾ ਤੱਕ ਸੰਭਵ ਹੋਵੇਗੀ।

ਇਸ ਮੌਕੇ ਡਾ ਹਰਦੇਵ ਸਿੰਘ ਨੇ ਆਖਿਆ ਕਿ ਗੁਰਬਾਣੀ ਵਿੱਚ ਜਿਨਾਂ ਪੁਰਾਤਨ ਸ਼ਾਸਤਰੀ ਗ੍ਰੰਥਾਂ ਦਾ ਵਾਰ ਵਾਰ ਜ਼ਿਕਰ ਆਇਆ ਹੈ ਉਹਨਾਂ ਵਿੱਚੋਂ ਵੇਦਾਂਤ ਦਾ ਮਹੱਤਵਪੂਰਨ ਸਥਾਨ ਹੈ ਉਹਨਾਂ ਆਖਿਆ ਕਿ ਗੁਰਮਤ ਸਿਧਾਂਤ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਸਮਝਣ ਲਈ ਪੂਰਬਲੇ ਸ਼ਾਸਤਰੀ ਗ੍ਰੰਥਾਂ ਦਾ ਅਧਿਐਨ ਗੁਰਬਾਣੀ ਵਿਆਖਿਆਕਾਰ ਅਤੇ ਸਿਧਾਂਤਕਾਰ ਦੀ ਮੁਢਲੀ ਲੋੜ ਹੈ। ਉਹਨੇ ਦੱਸਿਆ ਕਿ ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਪ੍ਰਕਾਸ਼ਿਤ ਇਸ ਰਚਨਾ ਤੋਂ ਪਹਿਲਾਂ ਯੋਗ ਦਰਸ਼ਨ ਅਤੇ ਸੰਖ ਦਰਸ਼ਨ ਵੀ ਗੁਰਮੁਖੀ ਵਿੱਚ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਰਜਿਸਟਰਾਰ ਜਗਜੀਤ ਸਿੰਘ ਅਤੇ ਧਰਮ ਅਧਿਐਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ ਪਲਵਿੰਦਰ ਕੌਰ ਹਾਜ਼ਰ ਸਨ। ਹਾਜ਼ਰ ਸਮੂਹ ਵਿਦਵਾਨਾਂ ਨੇ ਆਸ ਪ੍ਰਗਟਾਈ ਕਿ ਨਵੀਂ ਪੀੜ੍ਹੀ ਦੇ ਖੋਜਾਰਥੀ ਅਤੇ ਵਿਦਿਆਰਥੀ ਇਸ ਪੁਸਤਕ ਤੋਂ ਭਰਪੂਰ ਲਾਭ ਲੈਣਗੇ।

# ਹਾਦੀਵਾਲ ਸਤਿਆਨਾ ਨੇੜੇ ਸਤਲੁਜ ਦਰਿਆ ਵਿੱਚ ਦਿਖੇ ਮਗਰਮੱਛ



**ਮਾਛੀਵਾੜਾ ਸਾਹਿਬ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਹਾਦੀਵਾਲ ਸਤਿਆਨਾ ਦੇ ਨਾਲ ਵਗਦੇ ਸਤਲੁਜ ਦਰਿਆ ਵਿੱਚ ਮਗਰਮੱਛ ਦੇਖਣ ਨੂੰ ਮਿਲੇ, ਜਿਸ ਨੂੰ ਦੇਖ ਕੇ ਸੇਵਕ ਹਾਦੀਵਾਲ ਸਤਿਆਨਾ ਦੇ ਕਿਸਾਨਾਂ ਦੇ ਮਨ ਵਿੱਚ ਭੈਅ ਪੈਦਾ ਹੋ ਗਿਆ ਜੋ ਦਰਿਆ ਦੇ ਵਿੱਚ ਆਪਣੀ ਜਮੀਨ ਵਿੱਚ ਖੇਤੀ ਕਰਨ ਲਈ ਹਰ ਰੋਜ਼ ਜਾਂਦੇ ਹਨ। ਅੱਖੀ ਦੇਖਣ ਵਾਲਿਆਂ ਅਨੁਸਾਰ ਇਹ ਮਗਰਮੱਛ ਦਰਿਆ ਵਿੱਚ ਬਰਸਾਤੀ ਪਾਣੀ ਦੇ ਨਾਲ ਪਿੱਛੋਂ ਹੀ ਆਏ ਲੱਗਦੇ ਹਨ। ਆਮ ਤੌਰ ਤੇ ਇਹਨਾਂ ਦਿਨਾਂ ਵਿੱਚ ਗਰਮੀ ਜ਼ਿਆਦਾ ਹੋਣ ਕਾਰਨ ਨੇੜਲੇ ਪਿੰਡਾਂ ਦੇ ਬੱਚੇ ਤੇ ਨੌਜਵਾਨ ਵੀ ਸਤਲੁਜ ਦਰਿਆ ਵਿੱਚ ਨਹਾਉਣ ਲਈ ਚਲੇ ਜਾਂਦੇ ਹਨ, ਪਰ ਹੁਣ ਇਹਨਾਂ ਦਰਿਆਵਾਂ ਦੇ ਕਿਨਾਰਿਆਂ ਤੇ ਜਾਣਾ ਵੀ ਖਤਰਨਾਕ ਸਾਬਿਤ ਹੋ ਰਿਹਾ ਹੈ। ਬੰਨ੍ਹ ਦੇ ਅੰਦਰ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਅਤੇ ਹਨ੍ਹੇਰੇ ਸਵੇਰੇ ਦਰਿਆ ਵਿੱਚ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਵਕਤ ਭਾਵੇਂ ਸਤਲੁਜ ਦਰਿਆ ਵਿੱਚ ਪਾਣੀ ਘੱਟ ਹੈ ਪਰ ਆਉਣ ਵਾਲੇ ਦਿਨਾਂ ਵਿੱਚ ਜਿਵੇਂ ਬਰਸਾਤਾਂ ਹੋ ਰਹੀਆਂ ਹਨ ਤਾਂ ਹੋਰ ਪਾਣੀ ਦੇ ਨਾਲ ਅਜਿਹੇ ਕੁਝ ਹੋਰ ਜੀਵ ਆਉਣ ਦੀ ਵੀ ਸੰਭਾਵਨਾ ਹੈ।

# ਸਿਮਰਪ੍ਰੀਤ ਕੌਰ ਨੇ ਨਗਰ ਨਿਗਮ ਪਟਿਆਲਾ ਦੇ ਵਧੀਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

2014 ਬੈਚ ਦੇ ਸੀਨੀਅਰ ਪੀ.ਸੀ.ਐਸ. ਅਧਿਕਾਰੀ ਸਿਮਰਪ੍ਰੀਤ ਕੌਰ ਨੇ ਨਗਰ ਨਿਗਮ ਪਟਿਆਲਾ ਦੇ ਵਧੀਕ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ ਹੈ। ਸਿਮਰਪ੍ਰੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ ਤਰਜੀਹਾਂ ਮੁਤਾਬਕ ਅਤੇ ਨਗਰ ਨਿਗਮ ਦੇ ਮੇਅਰ ਸ੍ਰੀ ਕੁੰਦਨ ਗੋਗੀਆ ਤੇ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਦੇ ਨਿਰਦੇਸ਼ਾਂ ਮੁਤਾਬਕ ਸ਼ਹਿਰ ਵਾਸੀਆਂ ਨੂੰ ਬਿਹਤਰ ਨਾਗਰਿਕ ਸੇਵਾਵਾਂ ਪਹਿਲ ਦੇ ਅਧਾਰ 'ਤੇ ਪ੍ਰਦਾਨ ਕਰਵਾਉਣਾ ਅਤੇ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੋਵੇਗੀ।



ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਕਿਹਾ ਕਿ ਸ਼ਹਿਰ ਵਿੱਚ ਜਿਸ ਤਰ੍ਹਾਂ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਸ. ਹਰਜੋਤ ਸਿੰਘ ਬੈਂਸ ਵੱਲੋਂ ਪਿਛਲੇ ਦਿਨੀਂ ਹਾਈਬ੍ਰਿਡ ਸਫ਼ਾਈ ਸ਼ੁਰੂ ਕਰਵਾਈ ਗਈ ਸੀ, ਉਸੇ ਨੂੰ ਅੱਗੇ ਵਧਾਉਂਦੇ ਹੋਏ ਪਟਿਆਲਾ ਨੂੰ ਸਫ਼ਾਈ ਪੱਖੋਂ ਮਾਡਲ ਸ਼ਹਿਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ 'ਚ ਬਹੁਤ ਸਾਰੀਆਂ ਸੰਸਥਾਵਾਂ ਸਾਫ਼-ਸਫ਼ਾਈ ਲਈ ਕੰਮ ਕਰਦੀਆਂ ਹਨ, ਜਿਸ ਲਈ ਅਜਿਹੀਆਂ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾਵੇਗਾ।

ਸਿਮਰਪ੍ਰੀਤ ਕੌਰ ਵੱਲੋਂ ਅਹੁਦਾ ਸੰਭਾਲਣ ਸਮੇਂ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ ਅਤੇ ਨਗਰ ਨਿਗਮ ਦੀਆਂ ਵੱਖ-ਵੱਖ ਬ੍ਰਾਂਚਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸਵਾਗਤ ਕੀਤਾ ਗਿਆ। ਜਿਕਰਯੋਗ ਹੈ ਕਿ 2014 ਬੈਚ ਦੇ ਪੀ.ਸੀ.ਐਸ ਅਧਿਕਾਰੀ ਸਿਮਰਪ੍ਰੀਤ ਕੌਰ ਪਟਿਆਲਾ ਅਤੇ ਮਾਨਸਾ ਵਿਖੇ ਏ.ਡੀ.ਸੀ ਸਮੇਤ ਪਟਿਆਲਾ ਦੇ ਸਹਾਇਕ ਕਮਿਸ਼ਨਰ ਜਨਰਲ ਅਤੇ ਏ.ਸੀ. ਸ਼ਿਕਾਇਤਾਂ ਸਮੇਤ ਪੀ.ਡੀ.ਏ ਦੇ ਏ.ਸੀ.ਏ, ਪੀ.ਪੀ.ਐਸ.ਸੀ ਦੇ ਸਕੱਤਰ, ਨਾਭਾ, ਦਿੜਬਾ, ਦੂਧਨਸਾਧਾਂ ਤੇ ਤਪਾ ਵਿਖੇ ਐਸ.ਡੀ.ਐਮ ਵਜੋਂ ਸੇਵਾਵਾਂ ਨਿਭਾਉਣ ਸਮੇਤ ਆਬਕਾਰੀ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਲੋਕ ਨਿਰਮਾਣ ਵਿਭਾਗਾਂ ਵਿੱਚ ਵੀ ਸੇਵਾ ਨਿਭਾ ਚੁੱਕੇ ਹਨ।

# ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ ਵੱਲੋਂ ਖੇਤ ਬਚਾਓ ਅਭਿਆਨ ਤਹਿਤ ਕੈਂਪਾਂ ਦਾ ਆਯੋਜਨ

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਪਿੰਡ ਘਣੀਵਾਲ, ਬਲਾਕ ਨਾਭਾ ਵਿਖੇ ਖੇਤ ਬਚਾਓ ਅਭਿਆਨ ਤਹਿਤ ਇੱਕ ਰੋਜ਼ਾ ਕਿਸਾਨ ਜਾਗਰੂਕਤਾ ਕੈਂਪ ਕਰਵਾਏ ਗਏ, ਜਿਸ ਵਿੱਚ ਇਲਾਕੇ ਦੇ ਉੱਦਮੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਦੀ ਅਗਵਾਈ ਕਰਦਿਆਂ ਡਾ. ਗੁਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ, ਫ਼ਸਲ ਵਿਗਿਆਨ, ਕੇ.ਵੀ.ਕੇ. ਪਟਿਆਲਾ ਨੇ ਕਿਸਾਨਾਂ ਨੂੰ ਖੇਤੀ ਦੀ ਲਾਗਤ ਘਟਾਉਣ ਅਤੇ ਜ਼ਮੀਨ ਦੀ ਸਿਹਤ ਸੁਧਾਰਨ ਵਾਸਤੇ ਰੂੜੀ, ਫਸਲੀ ਰਹਿੰਦ-ਖੂੰਹਦ, ਜੀਵਾਣੂ ਖਾਦਾਂ ਅਤੇ ਹਰੀ ਖਾਦ ਦੀ ਵਰਤੋਂ ਲਾਜ਼ਮੀ ਤੌਰ 'ਤੇ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਸੰਤੁਲਿਤ ਖਾਦ ਪ੍ਰਬੰਧਨ ਨਾਲ ਫਸਲਾਂ ਦੀ ਪੈਦਾਵਾਰ ਵਿੱਚ ਵਾਧਾ ਹੋਣ ਦੇ ਨਾਲ-ਨਾਲ ਖੇਤੀ ਦੀ ਲਾਗਤ ਵਿੱਚ ਵੀ ਕਮੀ ਆਉਂਦੀ ਹੈ। ਨਾਲ ਹੀ ਕਿਸਾਨਾਂ ਨੂੰ ਝੋਨੇ ਦੀ ਪਨੀਰੀ ਵਿਚ ਆਉਣ ਵਾਲੇ ਖੁਰਾਕੀ ਤੱਤਾਂ ਦੀਆਂ ਘਾਟਾਂ ਦੀਆਂ



ਨਿਸ਼ਾਨੀਆਂ ਅਤੇ ਪ੍ਰਬੰਧ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਯੂਰੀਆ ਅਤੇ ਡੀ.ਏ.ਪੀ. ਵਰਗੀਆਂ ਖਾਦਾਂ ਦੀ ਵੱਧ ਵਰਤੋਂ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਵੀ ਕਿਸਾਨਾਂ ਨੂੰ ਜਾਣੂ ਕਰਵਾਇਆ ਅਤੇ ਬਿਜਾਈ ਤੋਂ ਪਹਿਲਾਂ ਮਿੱਟੀ ਅਤੇ ਪਾਣੀ ਦੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ। ਡਾ. ਰਚਨਾ ਸਿੰਗਲਾ, ਪ੍ਰੋਫੈਸਰ, ਕੇ.ਵੀ.ਕੇ. ਪਟਿਆਲਾ ਨੇ ਕੈਂਪ ਦੌਰਾਨ ਕਿਸਾਨਾਂ ਨੂੰ ਝੋਨੇ ਦੀਆਂ ਪ੍ਰਮਾਣਿਤ ਕਿਸਮਾਂ ਦੀ ਬਿਜਾਈ ਕਰਨ, ਨਰਸਰੀ ਦੀ ਅਗੇਤੀ ਬਿਜਾਈ ਤੋਂ ਬਚਣ ਅਤੇ ਸਿਹਤਮੰਦ ਪਨੀਰੀ ਤਿਆਰ ਕਰਨ ਲਈ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ। ਕੈਂਪ ਦੌਰਾਨ ਕਿਸਾਨਾਂ ਨੂੰ ਘਰੇਲੂ ਪੱਧਰ 'ਤੇ ਪੌਸ਼ਟਿਕ ਬਗੀਚੀ ਲਗਾਉਣ ਅਤੇ ਫਲਾਂ ਤੇ ਸਬਜ਼ੀਆਂ ਦੀ ਜੈਵਿਕ ਤਰੀਕਿਆਂ ਨਾਲ ਕਾਸ਼ਤ ਕਰਨ ਲਈ ਵੀ ਉਤਸ਼ਾਹਿਤ ਕੀਤਾ ਗਿਆ। ਮਾਹਿਰਾਂ ਨੇ ਕਿਸਾਨਾਂ ਵੱਲੋਂ ਝੋਨੇ ਵਿੱਚ ਯੂਰੀਆ ਅਤੇ ਜ਼ਿੰਕ ਦੀ ਵਰਤੋਂ, ਨਾਲ ਹੀ ਝੋਨੇ ਦੇ ਮਧਰੇ ਬੂਟਿਆਂ ਅਤੇ ਝੂਠੀ ਕਾਂਗਿਆਰੀ ਦੇ ਰੋਗ ਸਬੰਧੀ ਪੁੱਛੇ ਗਏ ਸਵਾਲਾਂ ਦੇ ਤਸੱਲੀਬਖਸ਼ ਜਵਾਬ ਵੀ ਦਿੱਤੇ।

# ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਾਜਸਥਾਨ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਰਾਜਸਥਾਨ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ (ਪੀਏਸੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ।

ਆਉਣ ਵਾਲੇ ਵਫ਼ਦ ਦਾ ਸੁਆਗਤ ਕਰਦੇ ਹੋਏ, ਸ਼੍ਰੀ ਕਟਾਰੀਆ ਨੇ ਗੁੱਡ ਗਵਰਨੈਂਸ, ਵਿੱਤੀ ਜਵਾਬਦੇਹੀ, ਪਾਰਦਰਸ਼ਤਾ ਅਤੇ ਜਨਤਕ ਮਹੱਤਵ ਦੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਲੋਕ ਲੇਖਾ ਕਮੇਟੀਆਂ ਜਨਤਕ ਸੰਸਾਧਨਾਂ ਦੇ ਵਿਵੇਕਪੂਰਨ ਉਪਯੋਗ ਨੂੰ ਸੁਨਿਸ਼ਚਿਤ ਕਰਨ ਦੇ ਨਾਲ-ਨਾਲ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਰਾਜਪਾਲ ਨੇ ਕਿਹਾ ਕਿ ਵਿਭਿੰਨ ਰਾਜਾਂ ਦੀਆਂ ਵਿਧਾਨਕ ਸੰਸਥਾਵਾਂ ਦੇ ਦਰਮਿਆਨ ਸੰਵਾਦ ਅਤੇ ਅਨੁਭਵਾਂ ਦਾ ਅਦਾਨ-ਪ੍ਰਦਾਨ ਲੋਕਤੰਤਰੀ ਸ਼ਾਸਨ ਵਿਵਸਥਾ ਨੂੰ ਹੋਰ ਅਧਿਕ ਮਜ਼ਬੂਤ ਬਣਾਉਣ ਅਤੇ ਪ੍ਰਸ਼ਾਸਨਿਕ ਦਕਸ਼ਤਾ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਦਿੰਦਾ ਹੈ। ਉਨ੍ਹਾਂ ਨੇ ਸੈਲਾਨੀਆਂ ਨੂੰ ਪੰਜਾਬ ਅਤੇ ਚੰਡੀਗੜ੍ਹ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਤੋਂ ਵੀ ਜਾਣੂ ਕਰਵਾਇਆ ਅਤੇ ਖੇਤਰ ਵਿੱਚ ਚਲ ਰਹੀਆਂ ਵਿਭਿੰਨ ਵਿਕਾਸਾਤਮਕ ਪਹਿਲਾਂ ਅਤੇ ਪ੍ਰਸ਼ਾਸਨਿਕ ਇਨੋਵੇਸ਼ਨਸ ਦੀ ਜਾਣਕਾਰੀ ਦਿੱਤੀ।

ਇਹ ਸੰਵਾਦ ਅਤਿਅੰਤ ਸਦਭਾਵਪੂਰਨ ਅਤੇ ਸੁਹਿਰਦ ਵਾਤਾਵਰਣ ਵਿੱਚ ਸੰਪੰਨ ਹੋਇਆ। ਕਮੇਟੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਰਾਜਪਾਲ ਨਾਲ ਗ਼ੈਰ-ਰਸਮੀ ਚਰਚਾ ਕਰਦੇ ਹੋਏ, ਸ਼੍ਰੀ ਕਟਾਰੀਆ ਨੇ ਗੁੱਡ ਗਵਰਨੈਂਸ, ਵਿੱਤੀ ਜਵਾਬਦੇਹੀ, ਪਾਰਦਰਸ਼ਤਾ ਅਤੇ ਜਨਤਕ ਮਹੱਤਵ ਦੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।

ਉਨ੍ਹਾਂ ਨੇ ਕਿਹਾ ਕਿ ਲੋਕ ਲੇਖਾ ਕਮੇਟੀਆਂ ਜਨਤਕ ਸੰਸਾਧਨਾਂ ਦੇ ਵਿਵੇਕਪੂਰਨ ਉਪਯੋਗ ਨੂੰ ਸੁਨਿਸ਼ਚਿਤ ਕਰਨ ਦੇ ਨਾਲ-ਨਾਲ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਣਾਈ ਰੱਖਣ ਵਿੱਚਕੀਤੀ ਅਤੇ ਪੰਜਾਬ ਲੋਕ ਭਵਨ ਵਿਖੇ ਉਨ੍ਹਾਂ ਨੂੰ ਦਿੱਤੀ ਗਈ ਪ੍ਰਾਹੁਣਾਚਾਰੀ ਦੀ ਸ਼ਲਾਘਾ ਕੀਤੀ।

# ਡਿਪਟੀ ਕਮਿਸ਼ਨਰ ਚੰਡੀਗੜ੍ਹ ਨੇ ਮਹਿਲਾ ਅੰਡਰ-20 ਹੈਂਡਬਾਲ ਵਿਸ਼ਵ ਚੈਂਪੀਅਨਸ਼ਿਪ 2026 ਤੋਂ ਪਹਿਲਾਂ ਟੀਮ ਇੰਡੀਆ ਨੂੰ ਪ੍ਰੇਰਿਤ ਕੀਤਾ



**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਨ ਵਿੱਚ ਹੋਣ ਵਾਲੀ ਵੱਕਾਰੀ ਮਹਿਲਾ ਅੰਡਰ-20 ਹੈਂਡਬਾਲ ਵਿਸ਼ਵ ਚੈਂਪੀਅਨਸ਼ਿਪ 2026 ਤੋਂ ਪਹਿਲਾਂ ਇੱਕ ਪ੍ਰੇਰਣਾਦਾਇਕ ਅਤੇ ਉਤਸ਼ਾਹਵਰਧਕ ਪਹਿਲ ਦੇ ਤਹਿਤ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਡਿਪਟੀ ਕਮਿਸ਼ਨਰ, ਚੰਡੀਗੜ੍ਹ ਨੇ ਅੱਜ ਟੀਮ ਇੰਡੀਆ ਦੇ ਖਿਡਾਰੀਆਂ ਅਤੇ ਕੋਚਿੰਗ ਸਟਾਫ਼ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦਾ ਮਨੋਬਲ ਵਧਾਇਆ।

ਖਿਡਾਰੀਆਂ ਅਤੇ ਕੋਚਾਂ ਨਾਲ ਆਤਮੀ ਸੰਵਾਦ ਦੇ ਦੌਰਾਨ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਦੀ ਪ੍ਰਤੀਬੱਧਤਾ, ਅਨੁਸ਼ਾਸਨ ਅਤੇ ਅਣਥੱਕ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਟੀਮ ਦੁਆਰਾ ਕੀਤੀਆਂ ਗਈਆਂ ਕਠੋਰ ਤਿਆਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਵਿਸ਼ਵਾਸ ਵਿਅਕਤ ਕੀਤਾ ਕਿ ਭਾਰਤੀ ਟੀਮ ਚੈਂਪੀਅਨਸ਼ਿਪ ਵਿੱਚ ਵਿਸ਼ਵ ਪੱਧਰ 'ਤੇ ਉਤਕ੍ਰਿਸ਼ਟ ਪ੍ਰਦਰਸ਼ਨ ਕਰੇਗੀ। ਉਨ੍ਹਾਂ ਨੇ ਟੀਮ ਨੂੰ ਇੱਕ ਸਸ਼ਕਤ ? ?ਅਤੇ ਪ੍ਰਤੀਯੋਗੀ ਇਕਾਈ ਦੇ ਰੂਪ ਵਿੱਚ ਤਿਆਰ ਕਰਨ ਵਿੱਚ ਕੋਚਿੰਗ ਸਟਾਫ਼ ਦੀ ਮਹੱਤਵਪੂਰਨ ਭੂਮਿਕਾ ਦੀ ਵੀ ਸ਼ਲਾਘਾ ਕੀਤੀ ਅਤੇ ਖੇਡਾਂ ਵਿੱਚ ਦੇਸ਼ ਦੀਆਂ ਉਪਲਬਧੀਆਂ ਵਿੱਚ ਉਨ੍ਹਾਂ ਦੇ ਅਮੁੱਲ ਯੋਗਦਾਨ ਨੂੰ ਰੇਖਾਂਕਿਤ ਕੀਤਾ।

ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਖੇਡਾਂ ਦੇ ਵਿਕਾਸ ਦੇ ਪ੍ਰਤੀ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਦੁਹਰਾਉਂਦੇ ਹੋਏ ਟੀਮ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਟੀਮ ਦਾ ਹਰ ਖਿਡਾਰੀ ਅਰਬ ਤੋਂ ਅਧਿਕ ਭਾਰਤੀਆਂ ਦੀਆਂ ਉਮੀਦਾਂ, ਸੁਪਨਿਆਂ ਅਤੇ ਗੌਰਵ ਦੀ ਪ੍ਰਤੀਨਿਧਤਾ ਕਰਦਾ ਹੈ। ਜਦੋਂ ਤੁਸੀਂ ਮੈਦਾਨ 'ਤੇ ਕਦਮ ਰੱਖਦੇ ਹੋ, ਤਾਂ ਤੁਸੀਂ ਕੇਵਲ ਆਪਣੀ ਨਹੀਂ ਬਲਕਿ ਭਾਰਤ ਦੀ ਭਾਵਨਾ ਦੀ ਪ੍ਰਤੀਨਿਧਤਾ ਕਰਦੇ ਹੋ। ਤੁਸੀਂ ਮਾਣ ਨਾਲ ਖੇਡੋ, ਸਾਹਸ ਨਾਲ ਮੁਕਾਬਲਾ ਕਰੋ ਅਤੇ ਪਰਿਣਾਮ ਚਾਹੇ ਜੋ ਵੀ ਹੋਵੇ, ਸਨਮਾਨ ਨਾਲ ਜਿੱਤੋ। ਚੰਡੀਗੜ੍ਹ ਤੁਹਾਡੇ ਨਾਲ ਹਰ ਕਦਮ 'ਤੇ ਖੜ੍ਹਾ ਹੈ। ਸਾਨੂੰ ਤੁਹਾਡੇ 'ਤੇ ਪੂਰਾ ਵਿਸ਼ਵਾਸ ਹੈ।

ਖਿਡਾਰੀਆਂ ਅਤੇ ਕੋਚਿੰਗ ਸਟਾਫ਼ ਨੇ ਡਿਪਟੀ ਕਮਿਸ਼ਨਰ ਦੁਆਰਾ ਦਿੱਤੇ ਗਏ ਪ੍ਰੋਤਸਾਹਨ ਅਤੇ ਸਮਰਥਨ ਲਈ ਉਨ੍ਹਾਂ ਦਾ ਆਭਾਰ ਵਿਅਕਤ ਕੀਤਾ। ਇਸ ਸੰਵਾਦ ਨਾਲ ਟੀਮ ਵਿੱਚ ਨਵੀਂ ਊਰਜਾ, ਆਤਮਵਿਸ਼ਵਾਸ ਅਤੇ ਉਤਸ਼ਾਹ ਦਾ ਸੰਚਾਰ ਹੋਇਆ। ਕੋਚਿੰਗ ਸਟਾਫ਼ ਨੇ ਡਿਪਟੀ ਕਮਿਸ਼ਨਰ ਨੂੰ ਟੀਮ ਦੀਆਂ ਤਿਆਰੀਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਟੂਰਨਾਮੈਂਟ ਵਿੱਚ ਭਾਰਤ ਦੇ ਬਿਹਤਰ ਪ੍ਰਦਰਸ਼ਨ ਨੂੰ ਲੈ ਕੇ ਆਸ਼ਾਵਾਦ ਵਿਅਕਤ ਕੀਤਾ।

ਉਤਸ਼ਾਹਵਰਧਨ ਅਤੇ ਸ਼ੁਭਕਾਮਨਾਵਾਂ ਦੇ ਪ੍ਰਤੀਕ ਸਰੂਪ ਡਿਪਟੀ ਕਮਿਸ਼ਨਰ ਨੇ ਟੀਮ ਇੰਡੀਆ ਨੂੰ ਇੱਕ ਵਿਸ਼ੇਸ਼ ਯਾਦਗਾਰੀ ਚਿੰਨ੍ਹ ਭੇਟ ਕੀਤਾ, ਜਿਸ 'ਤੇ ਸੰਦੇਸ਼ ਅੰਕਿਤ ਸੀ: ਮਹਿਲਾ ਅੰਡਰ-20 ਹੈਂਡਬਾਲ ਵਿਸ਼ਵ ਚੈਂਪੀਅਨਸ਼ਿਪ 2026 – ਮਾਣ ਨਾਲ ਖੇਡੋ। ਸਾਹਸ ਨਾਲ ਮੁਕਾਬਲਾ ਕਰੋ। ਸਨਮਾਨ ਨਾਲ ਜਿੱਤੋ।

ਖਿਡਾਰੀਆਂ ਅਤੇ ਕੋਚਾਂ ਨੇ ਇਸ ਭਾਵਪੂਰਨ ਪਹਿਲ ਦਾ ਸੁਆਗਤ ਕੀਤਾ ਅਤੇ ਇਸ ਨੂੰ ਅੰਤਰਰਾਸ਼ਟਰੀ ਮੰਚ 'ਤੇ ਦੇਸ਼ ਦਾ ਗੌਰਵ ਵਧਾਉਣ ਲਈ ਇੱਕ ਪ੍ਰੇਰਣਾ ਸਰੋਤ ਦੱਸਿਆ।

# ਸਫ਼ਾਈ ਪ੍ਰਤੀ ਜਾਗਰੂਕਤਾ ਸਮੇਂ ਦੀ ਮੁੱਖ ਲੋੜ, ਸਮਾਜ ਸੇਵੀ ਸੰਸਥਾਵਾਂ ਦਾ ਯੋਗਦਾਨ ਸ਼ਲਾਘਾਯੋਗ- ਐਡਵੋਕੇਟ ਹਰਪਾਲ ਜੁਨੇਜਾ



**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਆਰਟੀਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਅਤੇ ਮੇਅਰ ਕੁੰਦਨ ਗੋਗੀਆ ਸ਼ਹਿਰ ਨੂੰ ਸਾਫ਼ ਕਰਨ ਲਈ ਮੇਰਾ ਪਟਿਆਲਾ ਮੈਂ ਹੀ ਸਵਾਰਾ ਟੀਮ ਦੀ 82ਵੀਂ ਸਫ਼ਾਈ ਮੁਹਿਮ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਨੇ ਮੇਰਾ ਪਟਿਆਲਾ ਮੈਂ ਹੀ ਸਵਾਰਾ ਦੇ ਸਮਰਪਿਤ ਵਾਰੀਅਰਜ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਟੀਮ ਆਪਣੀ ਸਫਾਈ ਮੁਹਿੰਮ ਰਾਹੀਂ ਪਟਿਆਲਾ ਨੂੰ ਸਾਫ਼ ਅਤੇ ਸੁੰਦਰ ਸ਼ਹਿਰ ਬਣਾਉਣ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖ ਰਹੀ ਹੈ।

ਮੇਰਾ ਪਟਿਆਲਾ ਮੈਂ ਹੀ ਸਵਾਰਾ ਦੇ ਸਮਰਪਿਤ ਵਾਰੀਅਰਜ਼ ਨੇ ਚਿਲਡਰਨ ਮੈਮੋਰੀਅਲ ਚੌਂਕ ਕੋਨੇ 'ਤੇ ਇੱਕ ਸਫਾਈ ਮੁਹਿੰਮ ਦੀ ਯੋਜਨਾ ਬਣਾਈ ਅਤੇ ਇਸ ਦੌਰਾਨ ਨਗਰ ਨਿਗਮ ਦੇ ਵਰਕਰਾਂ ਅਤੇ ਅਕਾਂਸ਼ਾ ਗਰੁੱਪ ਦੇ ਮੈਂਬਰਾਂ ਨੇ ਵਲੰਟੀਅਰਾਂ ਨਾਲ ਹੱਥ ਮਿਲਾਉਂਦੇ ਹੋਏ ਸਮੂਹਿਕ ਯਤਨਾਂ ਨਾਲ ਇਸ ਜਗ੍ਹਾ ਨੂੰ ਪੂਰੀ ਤਰ੍ਹਾਂ ਸਾਫ਼ ਕੀਤਾ ਗਿਆ ਅਤੇ ਇੱਕ ਅਣਗੌਲਿਆ ਕੋਨਾ ਇੱਕ ਬਹੁਤ ਸਾਫ਼ ਅਤੇ ਸੋਹਣੇ ਕੋਨੇ ਵਿੱਚ ਬਦਲ ਗਿਆ। ਇਸ ਤੋਂ ਬਾਅਦ ਟੀਮ ਨੇ ਬਾਰਾਂਦਰੀ ਅਤੇ ਰਿੰਕ ਹਾਲ ਦੇ ਆਲੇ ਦੁਆਲੇ ਫੁੱਟਪਾਥ ਖੇਤਰ ਦੀ ਦਿੱਖ ਸੰਵਾਰੀ। ਇਸ ਦੌਰਾਨ ਫਿੱਟ ਇੰਡੀਆ ਟੀਮ ਦੇ ਮੈਂਬਰ ਅਤੇ ਕਈ ਗੈਰ-ਸਰਕਾਰੀ ਸੰਗਠਨਾਂ ਨੇ ਵੀ ਮੇਰਾ ਪਟਿਆਲਾ ਮੈਂ ਹੀ ਸਵਾਰਾ ਦੇ ਸਮਰਪਿਤ ਵਾਰੀਅਰਜ਼ ਦਾ ਸਾਥ ਦਿੱਤਾ।

ਪੀਆਰਟੀਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਅਤੇ ਮੇਅਰ ਕੁੰਦਨ ਗੋਗੀਆ ਨੇ ਸ਼ਹਿਰ ਨੂੰ ਸਾਫ਼ ਅਤੇ ਹਰਾ ਰੱਖਣ ਪ੍ਰਤੀ ਇਸ ਟੀਮ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਇਸ ਟੀਮ ਨੇ ਦੁਹਰਾਇਆ ਕਿ ਸਫਾਈ ਇੱਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪਟਿਆਲਾ ਨੂੰ ਸਾਫ਼, ਹਰਾ ਅਤੇ ਹੋਰ ਸੁੰਦਰ ਬਣਾਉਣ ਲਈ ਸਭਨਾਂ ਨੂੰ ਇਸ ਮੁਹਿੰਮ ਵਿੱਚ ਸਾਥ ਦੇਣਾ ਚਾਹੀਦਾ ਹੈ।

ਐਡਵੋਕੇਟ ਹਰਪਾਲ ਜੁਨੇਜਾ ਨੇ ਕਿਹਾ ਕਿ ਅਜਿਹੀਆਂ ਮੁਹਿੰਮਾਂ ਨਾ ਸਿਰਫ਼ ਸ਼ਹਿਰ ਦੀ ਸੁੰਦਰਤਾ ਵਿੱਚ ਵਾਧਾ ਕਰਦੀਆਂ ਹਨ, ਸਗੋਂ ਲੋਕਾਂ ਵਿੱਚ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਸਮੂਹ ਵਲੰਟੀਅਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਮਾਜ ਦੀ ਭਲਾਈ ਲਈ ਕੀਤੀ ਜਾ ਰਹੀ ਇਹ ਨਿਸ਼ਕਾਮ ਸੇਵਾ ਹੋਰਨਾਂ ਲਈ ਵੀ ਪ੍ਰੇਰਣਾ ਸਰੋਤ ਹੈ। ਐਡਵੋਕੇਟ ਹਰਪਾਲ ਜੁਨੇਜਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ, ਪਾਰਕਾਂ ਅਤੇ ਹੋਰ ਜਨਤਕ ਥਾਵਾਂ 'ਤੇ ਕੂੜਾ ਨਾ ਸੁੱਟਣ ਅਤੇ ਸਾਫ਼-ਸੁਥਰੇ ਸਮਰਪਿਤ ਵਾਰੀਅਰਜ਼ ਨੇ ਚਿਲਡਰਨ ਮੈਮੋਰੀਅਲ ਚੌਂਕ ਕੋਨੇ 'ਤੇ ਇੱਕ ਸਫਾਈ ਮੁਹਿੰਮ ਦੀ ਯੋਜਨਾ ਬਣਾਈ ਅਤੇ ਇਸ ਦੌਰਾਨ ਨਗਰ ਨਿਗਮ ਦੇ ਵਰਕਰਾਂ ਅਤੇ ਅਕਾਂਸ਼ਾ ਗਰੁੱਪ ਦੇ ਮੈਂਬਰਾਂ ਨੇ ਵਲੰਟੀਅਰਾਂ ਨਾਲ ਹੱਥ ਮਿਲਾਉਂਦੇ ਹੋਏ ਸਮੂਹਿਕ ਯਤਨਾਂ ਨਾਲ ਇਸ ਜਗ੍ਹਾ ਨੂੰ ਪੂਰੀ ਤਰ੍ਹਾਂ ਸਾਫ਼ ਕੀਤਾ ਗਿਆ ਅਤੇ ਇੱਕ ਅਣਗੌਲਿਆ ਕੋਨਾ ਇੱਕ ਬਹੁਤ ਸਾਫ਼ ਅਤੇ ਸੋਹਣੇ ਕੋਨੇ ਵਿੱਚ ਬਦਲ ਗਿਆ। ਇਸ ਤੋਂ ਬਾਅਦ ਟੀਮ ਨੇ ਬਾਰਾਂਦਰੀ ਅਤੇ ਰਿੰਕ ਹਾਲ ਦੇ ਆਲੇ ਦੁਆਲੇ ਫੁੱਟਪਾਥ ਖੇਤਰ ਦੀ ਦਿੱਖ ਸੰਵਾਰੀ। ਇਸ ਦੌਰਾਨ ਫਿੱਟ ਇੰਡੀਆ ਟੀਮ ਦੇ ਮੈਂਬਰ ਅਤੇ ਕਈ ਗੈਰ-ਸਰਕਾਰੀ ਸੰਗਠਨਾਂ ਨੇ ਵੀ ਮੇਰਾ ਪਟਿਆਲਾ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ।

# ਛੋਟੇ ਬੱਚਿਆਂ ਨੇ ਕੋਮਲ ਹੱਥਾਂ ਨਾਲ ਕੀਤੀ ਛਬੀਲ ਤੇ ਸੇਵਾ



**ਮਾਛੀਵਾੜਾ ਸਾਹਿਬ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦਾਂ ਦੇ ਸਰਤਾਜ ਧੰਨ ਧੰਨ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਮੀਆਂ ਮੁਹੱਲੇ ਵਿੱਚ ਛੋਟੇ ਛੋਟੇ ਬੱਚਿਆਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਹੈ।

ਇਹ ਛੋਟੇ ਛੋਟੇ ਬੱਚੇ ਕੁਝ ਦਿਨਾਂ ਤੋਂ ਘਰਾਂ ਤੇ ਦੁਕਾਨਾਂ ਵਿੱਚ ਜਾ ਕੇ ਛਬੀਲ ਲਗਾਉਣ ਲਈ ਪੈਸੇ ਇਕੱਠੇ ਕਰ ਰਹੇ ਸਨ ਤੇ ਸੰਗਰਾਂਦ ਦੇ ਦਿਹਾੜੇ ਤੇ ਛੋਟੇ ਛੋਟੇ ਬੱਚਿਆਂ ਨੇ ਸ਼ਰਧਾ ਅਨੁਸਾਰ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ। ਇਹਨਾਂ ਛੋਟੇ ਛੋਟੇ ਬੱਚਿਆਂ ਨੇ ਨੰਨੇ ਮੁੰਨੇ ਹੱਥਾਂ ਨਾਲ ਰਾਹਗੀਰਾਂ ਨੂੰ ਠੰਡਾ ਮਿੱਠਾ ਜਲ ਛਕਾਇਆ। ਠੰਡੀ ਮਿੱਠੀ ਛਬੀਲ ਪੀ ਕੇ ਜਾ ਰਹੇ ਰਾਹਗੀਰਾਂ ਨੇ ਛੋਟੇ ਛੋਟੇ ਬੱਚਿਆਂ ਦੇ ਹੌਸਲੇ ਨੂੰ ਦੇਖ ਕੇ ਇਹਨਾਂ ਨੂੰ ਸ਼ਾਬਾਸ਼ੀ ਦਿੱਤੀ।

ਇਸ ਮੌਕੇ ਅਨਮੋਲਦੀਪ ਸਿੰਘ, ਜੈਦੀਪ ਸਿੰਘ, ਇਆਨਦੀਪ ਸਿੰਘ, ਜਸਲੀਨ ਕੌਰ, ਜਪਨੂਰ, ਅੰਕਿਤ ਕੁਮਾਰ, ਪ੍ਰੇਮਪ੍ਰੀਤ ਸਿੰਘ, ਯੁਵਰਾਜ ਸਿੰਘ, ਜਸਲੀਨ, ਅੰਕਿਤ ਵਰਮਾ, ਜਗਦੀਪ ਸਿੰਘ, ਅਰਜਨ ਸਿੰਘ, ਪ੍ਰੇਮਪ੍ਰੀਤ ਸਿੰਘ, ਯੁਵਰਾਜ ਸਿੰਘਜਸਪਾਲ ਸਿੰਘ, ਕੁਲਦੀਪ ਕੁਮਾਰ, ਹਿਮਾਸ਼ੂ ਕੁਮਾਰ ਆਦਿ ਮੌਜੂਦ ਸਨ।

# ਵਾਈਸ ਚੇਅਰਮੈਨ ਬਣਨ 'ਤੇ ਚਰਨਪ੍ਰੀਤ ਸਿੰਘ ਲਾਂਬਾ ਦਾ ਸਨਮਾਨ

**ਲੁਧਿਆਣਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਇੰਚਾਰਜ ਅਤੇ ਪੰਜਾਬ ਮੀਡੀਅਮ ਇੰਡਸਟਰੀ ਦੇ ਸੀਨੀਅਰ ਵਾਈਸ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ ਨੇ ਪੰਜਾਬ ਖੱਤਰੀ ਅਰੌੜਾ ਵੈਲਫੇਅਰ ਬੋਰਡ, ਜ਼ਿਲ੍ਹਾ ਲੁਧਿਆਣਾ ਦੇ ਵਾਈਸ ਚੇਅਰਮੈਨ ਨਿਯੁਕਤ ਹੋਣ 'ਤੇ ਚਰਨਪ੍ਰੀਤ ਸਿੰਘ ਲਾਂਬਾ ਨੂੰ ਮਿਲ ਕੇ ਸਨਮਾਨਿਤ ਕੀਤਾ ਅਤੇ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਮੱਕੜ ਨੇ ਪਾਰਟੀ ਹਾਈਕਮਾਂਡ ਅਤੇ ਬੋਰਡ ਦੇ ਚੇਅਰਮੈਨ ਰਾਜਿੰਦਰ ਸਿੰਘ ਬਸੰਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਾਂਬਾ ਦੀ ਨਿਯੁਕਤੀ ਉਨ੍ਹਾਂ ਦੀ ਪਾਰਟੀ ਪ੍ਰਤੀ ਨਿਸ਼ਠਾ ਅਤੇ ਸੇਵਾਵਾਂ ਦਾ ਸਨਮਾਨ ਹੈ। ਚਰਨਪ੍ਰੀਤ ਸਿੰਘ ਲਾਂਬਾ ਨੇ ਭਰੋਸਾ ਦਿੱਤਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ



ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਲੋਕ ਸਭਾ ਇੰਚਾਰਜ ਅਤੇ ਪੰਜਾਬ ਮੀਡੀਅਮ ਇੰਡਸਟਰੀ ਦੇ ਸੀਨੀਅਰ ਵਾਈਸ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ ਨੇ ਪੰਜਾਬ ਖੱਤਰੀ ਅਰੌੜਾ ਵੈਲਫੇਅਰ ਬੋਰਡ, ਜ਼ਿਲ੍ਹਾ ਲੁਧਿਆਣਾ ਦੇ ਵਾਈਸ ਚੇਅਰਮੈਨ ਨਿਯੁਕਤ ਹੋਣ 'ਤੇ ਚਰਨਪ੍ਰੀਤ ਸਿੰਘ ਲਾਂਬਾ ਨੂੰ ਮਿਲ ਕੇ ਸਨਮਾਨਿਤ ਕੀਤਾ ਅਤੇ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਮੱਕੜ ਨੇ ਪਾਰਟੀ ਹਾਈਕਮਾਂਡ ਅਤੇ ਬੋਰਡ ਦੇ ਚੇਅਰਮੈਨ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲਤੱਕ ਪਹੁੰਚਾਉਣ ਲਈ ਨਿਰੰਤਰ ਕੰਮ ਕਰਨਗੇ।

# ਪਾਠਕਾਂ ਦੀ ਕਲਮ ਤੋਂ

## ਥੋੜ੍ਹਾ ਜਿਹਾ ਸਬਰ ਰੱਖੋ



ਬਰਜਿੰਦਰ ਕੌਰ ਬਿਸਰਾਓ
9988901324

ਘਰ ਨੂੰ ਤਾਲਾ ਮਾਰ ਕੇ ਦਸ-ਵੀਹ ਦਿਨ ਲਈ ਬਾਹਰ ਘੁੰਮਣ ਚਲੇ ਜਾਈਏ ਜਾਂ ਫਿਰ ਕਿਸੇ ਇਹੋ ਜਿਹੇ ਬੰਦੇ ਦੇ ਹਵਾਲੇ ਕਰ ਜਾਈਏ ਜੋ ਸਿਰਫ਼ ਗੰਦ ਪਾਉਣ ਤੋਂ ਸਿਵਾਏ ਹੋਰ ਕੋਈ ਕੰਮ ਹੀ ਨਾ ਕਰੇ ਤਾਂ ਆ ਕੇ ਘਰ ਦੀਆਂ ਸਫਾਈਆਂ ਕਰਨ ਨੂੰ ਪਹਿਲਾਂ ਸੋਚਣਾ ਪਵੇਗਾ ਕਿ ਕਿੱਥੋਂ ਸ਼ੁਰੂ ਕਰੀਏ ਤੇ ਕਿੰਨਾ ਸਮਾਂ ਲੱਗੇਗਾ। ਆਪਣੇ ਹੀ ਘਰ ਨੂੰ ਵਧੀਆ ਘਰ ਬਣਾਉਣ ਵਿੱਚ ਕਈ ਦਿਨ ਲੱਗ ਜਾਂਦੇ ਹਨ।ਆਪਣੇ ਪੰਜਾਬ ਦੀ ਵੀ ਹੁਣ ਤੱਕ ਕੁਝ ਇਹੋ ਜਿਹੀ ਦਸ਼ਾ ਹੀ ਰਹੀ ਹੈ। ਸੱਤਰ ਸਾਲ ਦਾ ਵਿਗੜਿਆ ਸਿਸਟਮ ਸਤਾਰਾਂ ਦਿਨਾਂ ਵਿੱਚ ਤਾਂ ਨਹੀਂ ਠੀਕ ਹੋ ਸਕਦਾ। ਹਜੇ ਤਾਂ ਨਵੀਂ ਸਰਕਾਰ ਬਣੀ ਨੂੰ ਕੁਝ ਦਿਨ ਹੀ ਹੋਏ ਹਨ ਕਿ ਪਿਛਲੇ ਸੱਤਾਧਾਰੀ ਆਪਣੇ ਆਪਣੇ ਸਿਰ ਉੱਪਰ ਚੁੱਕਣ ਲੱਗ ਪਏ ਹਨ। ਆਲੋਚਕ ਆਲੋਚਨਾ ਕਰਨ ਲੱਗ ਪਏ ਹਨ।ਜਨਤਾ ਦੇ ਆਮ ਜਾਂ ਖਾਸ ਵਰਗ, ਗ਼ਰੀਬ ਵਰਗ, ਬੇਰੁਜ਼ਗਾਰ ਨੌਜਵਾਨ, ਪੈਨਸ਼ਨਾਂ ਦੇ ਮੁੱਦੇ ਜਾਂ ਕਿਸਾਨਾਂ ਨਾਲ ਜੁੜੇ ਮਸਲਿਆਂ ਵਾਲੇ ਲੋਕ,ਸਭ ਆਪਣੇ ਆਪਣੇ ਮੁੱਦੇ ਲੈਕੇ ਧਰਨਿਆਂ ਦੀਆਂ ਤਿਆਰੀਆਂ ਸ਼ੁਰੂ ਕਰ ਰਹੇ ਹਨ ਜਾਂ ਟੀਕਾ ਟਿੱਪਣੀ ਕਰ ਰਹੇ ਹਨ।ਮੇਰਾ ਖਿਆਲ ਹੈ ਕਿ ਇਸ ਸਭ ਪਿੱਛੇ ਕੁੱਝ ਕੁ ਹਾਰੀਆਂ ਪਾਰਟੀਆਂ ਦਾ ਹੱਥ , ਕੁਝ ਕੁ ਲੋਕਾਂ ਦਾ ਉਤਾਵਲਾਪਣ ਅਤੇ ਕੁਝ ਕੁ ਨਵੀਂ ਸਰਕਾਰ ਦੀਆਂ ਘੋਸ਼ਣਾਵਾਂ ਅਤੇ ਜਨਤਾ ਦੀਆਂ ਆਸਾਂ ਦੀ ਗ਼ਲਤਫਹਿਮੀ ਕਾਰਨ ਪੈਦਾ ਹੋ ਰਹੇ ਹਨ।

ਕਹਿੰਦੇ ਹਨ ਕਿ ਪਹਿਲਾਂ ਤੇਲ ਦੇਖੋ ਤੇ ਫੇਰ ਤੇਲ ਦੀ ਧਾਰ ਦੇਖੋ। ਨਵੀਂ ਸਰਕਾਰ ਪ੍ਰਤੀ ਪੰਜਾਬ ਦੀ ਜਨਤਾ ਨੂੰ ਵੀ ਇਸੇ ਧਾਰਨਾ ਹੇਠ ਥੋੜ੍ਹਾ ਸਬਰ ਰੱਖਣ ਦੀ ਲੋੜ ਹੈ।ਜੇ ਹੁਣ ਐਨੇ ਵੱਡੇ ਬਹੁਮਤ ਨਾਲ ਜਿਤਾਇਆ ਹੈ ਤਾਂ ਉਹਨਾਂ ਨੂੰ ਥੋੜ੍ਹਾ ਜਿਹਾ ਸੋਚਣ ਲਈ ਵਕਤ ਵੀ ਦੇਣਾ ਪਵੇਗਾ। ਸਾਰੀਆਂ ਸਕੀਮਾਂ ਇੱਕੋ ਦਿਨ ਵਿੱਚ ਨਹੀਂ ਲਿਆਂਦੀਆਂ ਜਾ ਸਕਦੀਆਂ।ਸਾਰੇ ਫ਼ੈਸਲੇ ਵੀ ਇੱਕ ਮਹੀਨੇ ਵਿੱਚ ਤਾਂ ਨਹੀਂ ਲਏ ਜਾ ਸਕਦੇ। ਪੰਜਾਬੀਆਂ ਦੇ ਸੁਭਾਅ ਵਿੱਚ ਉਤਾਵਲਾਪਣ ਜ਼ਿਆਦਾ ਹੋਣ ਕਰਕੇ ਕਈ ਵਾਰ ਕਾਹਲੀ ਅੱਗੇ ਟੋਏ ਵਾਲੀ ਕਹਾਵਤ ਸਿੱਧ ਹੋ ਜਾਂਦੀ ਹੈ।ਇਸ ਉਤਾਵਲੇਪਣ ਕਾਰਨ ਹੀ ਪੰਜਾਬੀ ਹੁਣ ਤੱਕ ਲੋਟੂ ਸਰਕਾਰਾਂ ਦੇ ਹੱਥੇ ਚੜ੍ਹਦੇ ਆਏ ਹਨ।

ਦੂਜੇ ਪਾਸੇ ਪੰਜਾਬੀ ਲੋਕ ਆਪਣੇ ਸੁਭਾਅ ਦੇ ਸਮਝਦਾਰੀ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਵਾਲੇ ਪੱਖ ਕਾਰਨ ਹੀ ਤਾਂ ਦੇਸ਼ ਦੇ ਬਾਕੀ ਸੂਬਿਆਂ ਦੀ ਜਨਤਾ ਨਾਲੋਂ ਵੱਖਰੇ ਹਨ।ਇਹ ਪੰਜਾਬੀਆਂ ਦੀ ਕਮਜ਼ੋਰੀ ਨਹੀਂ ਬਲਕਿ ਇਹਨਾਂ ਦੀ ਵਿਸ਼ੇਸ਼ਤਾ ਹੈ। ਹਮੇਸ਼ਾ ਕ੍ਰਾਂਤੀ ਪੰਜਾਬ ਤੋਂ ਉੱਠ ਕੇ ਬਾਕੀ ਸੂਬਿਆਂ ਦੇ ਲੋਕਾਂ ਲਈ ਪ੍ਰੇਰਨਾ ਬਣੀ ਹੈ।ਇਸ ਵਾਰ ਵੀ ਪੰਜਾਬ ਵਿੱਚ ਆਈ ਲੋਕਤੰਤਰਿਕ ਕ੍ਰਾਂਤੀ ਕਾਰਨ ਜਿੱਥੇ ਇਸ ਦੀਆਂ ਧੁੰਮਾਂ ਸਾਰੇ ਸੰਸਾਰ ਵਿੱਚ ਪੈ ਗਈਆਂ ਉੱਥੇ ਇਹ ਦੂਜਿਆਂ ਸੂਬਿਆਂ ਲਈ ਪ੍ਰੇਰਨਾ ਸਰੋਤ ਬਣ ਕੇ ਉੱਭਰੇਗੀ। ਜਦੋਂ ਤੋਂ ਨਵੀਂ ਸਰਕਾਰ ਬਣੀ ਹੈ ਉਦੋਂ ਤੋਂ ਕੁਝ ਨਾ ਕੁਝ ਕਿੰਤੂ ਪ੍ਰੰਤੂ ਵਾਲ਼ੀਆਂ ਧਾਰਨਾਵਾਂ ਉੱਠ ਰਹੀਆਂ ਹਨ।ਇਸ ਵਿੱਚ ਤਾਂ ਕੋਈ ਸ਼ੱਕ ਨਹੀਂ ਕਿ ਇਸ ਸਭ ਪਿੱਛੇ ਵਿਰੋਧੀ ਧਿਰਾਂ ਤਾਂ ਕੰਮ ਕਰਦੀਆਂ ਹੀ ਹੋਣਗੀਆਂ ਪਰ ਆਮ ਲੋਕਾਂ ਦੀਆਂ ਆਸਾਂ ਤੇ ਉਮੀਦਾਂ ਵਾਲ਼ੀਆਂ ਭਾਵਨਾਵਾਂ ਵੀ ਬਹੁਤ ਹੱਦ ਤੱਕ ਜੁੜੀਆਂ ਹੋਈਆਂ ਹਨ।ਹਰ ਇੱਕ ਇਨਸਾਨ ਨੂੰ ਨਵੀਂ ਸਰਕਾਰ ਤੋਂ ਆਸ ਹੈ,ਉਮੀਦ ਹੈ।

ਪੰਜਾਬ ਦੇ ਲੋਕਾਂ ਨੇ ਰਵਾਇਤੀ ਰਾਜਸੀ ਪਾਰਟੀਆਂ ਨੂੰ ਪਹਿਲਾਂ ਪੰਜ ਪੰਜ ਸਾਲ ਅਤੇ ਫਿਰ ਦਸ ਦਸ ਸਾਲ ਦਾ ਵਕਤ ਦਿੱਤਾ। ਇਹ ਤਜ਼ਰਬੇ ਵੀ ਪੰਜਾਬੀਆਂ ਦੇ ਦਿਮਾਗ ਦੀ ਕਾਢ ਸੀ ਜੋ ਉਹਨਾਂ ਦੀਆਂ ਆਸਾਂ ਉਪਜ ਸੀ।ਹੁਣ ਰਿਕਾਰਡ ਤੋੜ ਬਹੁਮਤ ਨਾਲ ਨਵੀਂ ਪਾਰਟੀ ਨੂੰ ਮੌਕਾ ਦਿੱਤਾ। ਪੰਜਾਬੀਓ ਉਤਾਵਲੇ ਨਾ ਹੋਵੋ, ਪਹਿਲਾਂ ਇਸ ਸਰਕਾਰ ਦੀ ਵੀ ਕਾਰਗੁਜ਼ਾਰੀ ਕੁਝ ਮਹੀਨੇ ਦੇਖੋ, ਫਿਰ ਮੁਲਾਂਕਣ ਕਰੋ ਤੇ ਫਿਰ ਸੰਘਰਸ਼ ਦਾ ਰਾਹ ਅਪਣਾਇਓ। ਸੱਤਰ ਸਾਲਾਂ ਵਿੱਚ ਬਹੁਤ ਵਿਧਾਇਕਾਂ ਅਤੇ ਮੰਤਰੀਆਂ ਨੂੰ ਆਪਾਂ ਨੇ ਅਮੀਰ ਕਰ ਦਿੱਤਾ ਹੈ। ਹੁਣ ਥੋੜ੍ਹਾ ਜਿਹਾ ਸਬਰ ਰੱਖਣ ਦੀ ਲੋੜ ਹੈ। ਹੁਣ ਤੱਕ ਦੀਆਂ ਸਰਕਾਰਾਂ ਨੇ ਪੰਜਾਬ ਦਾ ਕੁਝ ਨਹੀਂ ਸੰਵਾਰਿਆ ਹੈ।

ਐਨਾ ਤਾਂ ਮੰਨਣਾ ਹੀ ਪਵੇਗਾ ਕਿ ਇਹ ਸਰਕਾਰ ਉਹਨਾਂ ਨਾਲੋਂ ਤਾਂ ਕੁਝ ਚੰਗਾ ਹੀ ਕਰੇਗੀ।ਹਰ ਚੁਣੇ ਹੋਏ ਨੁਮਾਇੰਦਿਆਂ ਦੇ ਅੰਦਰ ਕੁਝ ਕਰਨ ਦਾ ਜਜ਼ਬਾ ਅਤੇ ਜੋਸ਼ ਹੈ। ਆਪਣੀ ਕਾਹਲ਼ ਵਾਲੀ ਤਾਕ ?ਤ ਅਜ਼ਮਾਈ ਕਰਦੇ ਹੋਏ ਕਿਤੇ ਉਨ੍ਹਾਂ ਵਾਲੇ ਕੁਝ ਕਰਨ ਦੇ ਉਤਸ਼ਾਹ ਵਾਲੇ ਜਜ਼ਬੇ ਦਾ ਕਤਲ ਨਾ ਕਰ ਬੈਠਿਓ। ਥੋੜ੍ਹਾ ਜਿਹਾ ਸਬਰ ਨਾਲ ਉਹਨਾਂ ਨੂੰ ਪਰਖੋ ਅਤੇ ਉਹਨਾਂ ਦੀਆਂ ਗਲਤੀਆਂ ਤੋਂ ਉਹਨਾਂ ਨੂੰ ਜਾਣੂ ਕਰਵਾਓ।ਇਹ ਸਾਰੇ ਨੁਮਾਇੰਦੇ ਆਮ ਲੋਕਾਂ ਵਿੱਚ ਵਿਚਰਨ ਵਾਲੇ ਲੋਕ ਹਨ।ਇਸ ਲਈ ਉਹਨਾਂ ਦਾ ਸਾਥ ਦੇ ਕੇ ਉਹਨਾਂ ਦਾ ਸਾਥ ਲਵੋ।

## ਸੰਭਾਲੋ ਪੰਜਾਬੀਓ ! ਪੰਜਾਬ ਵਿਕ ਚੱਲਿਆ !






ਬੁੱਧ ਸਿੰਘ ਨੀਲੋਂ
9464370823

ਪੰਜਾਬੀਆਂ ਨੇ ਬਦਲਾਅ ਦੇ ਚੱਕਰ ਵਿੱਚ ਆਪਣੇ ਹੱਥੀਂ ਆਪਣੇ ਪੈਰੀਂ ਕੁਹਾੜਾ ਮਾਰ ਲਿਆ। ਬਹੁਤੀ ਬਾਰ ਸੁਣਿਆ ਸੀ ਕਿ ÷ ਉਹ ਫਲਾਣੇ ਬੰਦੇ ਨੇ ਅੱਡੀਆਂ ਚੁੱਕ ਕੇ ਫਾਹਾ ਲਿਆ !÷ ਹੁਣ ਸਮਝ ਲੱਗੀ ਹੈ ਕਿ ਇਸਦੇ ਅਸਲ ਅਰਥ ਕੀ ਹੁੰਦੇ ਹਨ। ਸੁਰਿੰਦਰ ਛਿੰਦੇ ਤੇ ਗੁਲਸ਼ਨ ਕੋਮਲ ਦਾ ਗੀਤ ਚੇਤੇ ਵੀ ਆ ਰਿਹਾ ÷ ਨੀ ਮੈਂ ਹਾਰ ਕੇ ਜੇਠ ਨਾਲ ਲਾਈਆਂ ਮਰਦੀ ਨੇ ਅੱਕ ਚੱਬਿਆ !÷

ਇਸ ਬੋਲੀ ਦੀ ਵਿਆਖਿਆ ਡਾ. ਜਲੌਰ ਸਿੰਘ ਖੀਵਾ ਨੇ ਕੀਤੀ ਹੈ ਉਹ ਲਿਖਦੇ ਹਨ ÷ ਜਦ ਘਰ ਵਾਲਾ ਕਿਸੇ ਕੰਮ ਦਾ ਨਾ ਹੋਵੇ ਤਾਂ ਪਤਨੀ ਨੂੰ ਜੇਠ ਦਾ ਆਸਰਾ ਲੈਣਾ ਪੈਂਦਾ ਹੈ !÷ ਹੁਣ ਜੇ ਪੰਜਾਬ ਦੀਆਂ ਰਿਵਾਇਤੀ ਸਿਆਸੀ ਪਾਰਟੀਆਂ ਕਿਸੇ ਕੰਮ ਦੀਆਂ ਹੁੰਦੀਆਂ ਤਾਂ ਪੰਜਾਬੀਆਂ ਨੇ ਇਹ ਫਾਹਾ ਕਿਉਂ ਲੈਣਾ ਸੀ ? ਬਾਦਲ ਅਕਾਲੀ ਦਲ ਦੇ ਪਰਵਾਰ ਦਾ ਹੀ ਢਿੱਡ ਨਹੀਂ ਭਰਿਆ ਤੇ ਰਹਿੰਦੀ ਕਸਰ ਕਾਂਗਰਸ ਵਾਲਿਆਂ ਕੱਢ ਦਿੱਤੀ ।

ਪੰਜਾਬ ਦੇ ਵਿੱਚ ਹੋਰ ਕੋਈ ਅਜਿਹੀ ਸਿਆਸੀ ਪਾਰਟੀ ਨਹੀਂ ਜਿਹੜੀ ਸਰਕਾਰ ਬਣਾਉਣ ਦੇ ਯੋਗ ਹੋਵੇ । ਹੁਣ ਪੰਜਾਬੀਆਂ ਨੇ ਬੰਨ੍ਹ ਕੇ ਬਸੰਤੀ ਰੰਗ ਦੀਆਂ ਪੱਗੜੀਆਂ ਤੇ ਬੀਬੀਆਂ ਨੇ ਲੈ ਕੇ ਚੁੰਨੀਆਂ ਰਿਵਾਇਤੀ ਪਾਰਟੀਆਂ ਨੂੰ ਧੋਬੀ ਪੱਟੜਾ ਮਾਰਿਆ । ਹੁਣ ਬਾਦਲ ਦਲ ਤਿੰਨ ਤੱਕ ਸਿਮਟ ਗਏ ਤੇ ਕਾਂਗਰਸ ਵਾਲੇ ਅਠਾਰਾਂ ਤੱਕ ਰਹਿ ਗਏ ।

ਹੁਣ ਲੋਕ ਸੋਚਦੇ ਹਨ ਕਿ ਆਪ ਦੀ ਏਨੀ ਹਵਾ ਤਾਂ ਹੈ ਨਹੀਂ ਸੀ ਇਹ ਵੰਨਵੇ ਤੱਕ ਕਿਵੇਂ ਪੁੱਜ ਗਏ ? ਤੁਹਾਨੂੰ ਯਾਦ ਨਹੀਂ ਕਿ ਇਹ ਅਨੋਖੀ ਕਰਾਮਾਤ ਕਿਵੇਂ ਹੋਈ ਹੈ ? ਇਹ ਤੇ ਉਹਨਾਂ ਈਵੀ ਮਸ਼ੀਨਾਂ ਦੀ ਕਰਾਮਾਤ ਹੈ ਜਿਹਨਾਂ ਨੇ ਭਾਜਪਾ ਨੂੰ ਸੱਤਾ ਬਖਸ਼ੀ ਸੀ ਤੇ ਹੁਣ ਵੀ ਸਮਝੋ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਰੋਲਾ ਪਾ ਕੇ ਸੱਤਾ ਵਿੱਚ ਪੁਜੀ ਆਪ ਵੀ ਹੁਣ ਕਰਾਮਾਤ ਕਰੇਗੀ । ਰਾਜ ਸਭਾ ਦੇ ਵਿੱਚ ਉਨ੍ਹਾਂ ਨੇ ਆਪਣੀ ਮਰਜ਼ੀ ਦੇ ਭੇਜੇ ਹਨ। ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਮਾਨ ਜੀ ਸਮੇਤ ਬਾਕੀ ਦਿਆਂ ਨੂੰ ਪੁੱਛਿਆ ਨਹੀਂ ! ਜੇ ਪੁੱਛਿਆ ਹੁੰਦਾ ਤਾਂ ਫੇਰ ਤੁਹਾਨੂੰ ਉਹ ਦਿਨ ਵੀ ਚੇਤੇ ਆ ਜਾਣਾ ਸੀ ਜਦ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਦੇ ਬਾਰੇ ਫੋਨ ਕਰਨ ਲਈ ਕਿਹਾ ਸੀ। ਪੰਜਾਬ ਦੇ ਲੋਕ ਬਹੁਤੇ ਭਾਵਨਾਵਾਂ ਦੇ ਵਿੱਚ ਵਹਿਣ ਵਾਲੇ ਹਨ। ਪੱਥਰ ਚੱਟ ਕੇ ਮੱਛੀ ਵਾਂਗੂੰ ਮੁੜਨ ਵਾਲੇ। ਹੁਣ ਪਛਤਾਅ ਰਹੇ ਹਨ। ਬੰਦਾ ਬਹੁਤੇ ਲਾਲਚ ਵਿੱਚ ਤੇ ਚੂਹਾ ਰੋਟੀ ਦੇ ਚੱਕਰ ਪਿੰਜਰੇ ਵਿੱਚ ਫਸਦਾ ਹੈ। ਪੰਜਾਬੀ ਮੁਫਤ ਦੇ ਚੱਕਰਵਿਊ ਵਿੱਚ ਫਸ ਗਏ ਹਨ। ਪੰਜਾਬੀਆਂ ਨੇ ਕਦੇ ਆਪਣੇ ਅੰਦਰ ਝਾਤੀ ਨਹੀਂ ਮਾਰੀ ਸਗੋਂ ਬਾਹਰ ਹੀ ਝਾਕਦੇ ਰਹੇ । ਦੇਸ਼ ਦਾ ਢਿੱਡ ਭਰਨ ਵਾਲੇ ਮੰਗਤੇ ਕਦੋਂ ਬਣ ਗਏ ਉਨ੍ਹਾਂ ਨੇ ਕਦੇ ਸੋਚਿਆ ਹੀ ਨਹੀਂ । ਭਲਾ ਜੇ ਸੋਚਿਆ ਹੁੰਦਾ ਤਾਂ ਇਹ ਹਾਲ ਨਹੀਂ ਸੀ ਹੋਣਾ ਜੋ ਹੁਣ ਹੋਣਾ ਹੈ। ਹੁਣ ਦੇਖੋ ਅਗਲੇ ਸਮਿਆਂ ਦੇ ਵਿੱਚ ਕੀ ਹੁੰਦਾ ਹੈ ? ਹੁਣ ਕਰੋ ਪੰਜ ਸਾਲ ਮੌਜਾਂ ? ਬਾਕੀ ਅਗਲੇ ਦਿਨਾਂ ਦੇ ਵਿੱਚ ਪੰਜਾਬ ਦੇ ਬੁਨਿਆਦੀ ਹੱਕਾਂ ਉਪਰ ਕਿਵੇਂ ਡਾਕਾ ਪਵੇਗਾ ? ਇਹ ਤਾਂ ਤੁਸੀਂ ਆਪ ਹੀ ਸੋਚ ਵਿਚਾਰ ਲਵੋ ! ਹੁਣ ਤੱਕ ਬਾਦਲ ਕੇ ਧਰਮ ਦਾ ਬਹਾਨਾ ਬਣਾ ਕੇ ਲੁੱਟਮਾਰ ਕਰਦੇ ਰਹੇ । ਕਾਂਗਰਸ ਵਾਲੇ ਵਿਕਾਸ ਦੇ ਨਾਮ ਉਤੇ । ਹੁਣ ਇਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਨਾਮ ਹੇਠਾਂ ਪੰਜਾਬ ਦੇ ਪਾਣੀਆਂ, ਰਾਜਧਾਨੀ ਚੰਡੀਗੜ੍ਹ , ਪੰਜਾਬੀ ਬੋਲਦੇ ਇਲਾਕੇ, ਸਿਹਤ, ਸਿੱਖਿਆ ਤੇ ਰੁਜ਼ਗਾਰ ਦੇ ਨਾਮ ਉਤੇ ਕਿਵੇਂ ਜੁਮਲੇਬਾਜ਼ੀ ਕਰਨਗੇ ? ਉਹ ਤੁਸੀਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੇ ਭਾਸ਼ਣ ਸੁਣ ਸਕਦੇ ਹੋ । ਬਾਕੀ ਦੇਖੋ ਅੱਗੇ ਅੱਗੇ ਹੁੰਦਾ ਕੀ ਹੈ ?

ਤੁਸੀਂ ਜੋਰਦਾਰ ਅਵਾਜ਼ ਵਿੱਚ ਨਾਹਰੇ ਮਾਰੋ ਤੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰੋ । ਇਨਕਲਾਬ ਜ਼ਿੰਦਾਬਾਦ । ਇਨਕਲਾਬ ਜ਼ਿੰਦਾਬਾਦ । ਆਪਣੇ ਨਿੱਜੀ ਮੁਫਾਦਾਂ ਦੇ ਲਈ ਧਰਮ ਦੀ ਆੜ ਦੇ ਵਿਚ ਜਦੋਂ ਸੱਤਾਧਾਰੀ ਆਪਣਾ @ਉਲੂ ਸਿੱਧਾ@ ਕਰਨ ਲੱਗ ਪਏ ਤਾਂ ਆਮ ਲੋਕਾਂ ਦੇ ਘਰਾਂ ਵਿੱਚ @ਉਲੂ ਬੋਲਣ@ ਲੱਗ ਪੈਂਦੇ ਹਨ।

ਜਿਹਨਾਂ ਨੇ ਜ਼ਿੰਦਗੀ ਦਾ ਫ਼ਲਸਫਾ ਦੱਸਣਾ ਹੁੰਦਾ, ਉਹ ਉਚਿਆਂ ਚੁਬਾਰਿਆਂ ਦੇ ਨਾਲ ਆੜੀ ਪਾ ਕੇ ਆਪਣਿਆਂ ਦੀ ਮੰਜੀ ਠੋਕਦੇ ਹਨ। ਉਹਨਾਂ ਤੋਂ ਡਰਦੇ ਆਮ ਲੋਕ ਉਚਾ-ਨੀਵਾਂ ਥਾਂ ਵੇਖਦੇ ਹੋਏ ਉਚੇ ਦੁਆਰੇ ਲੱਭਣ ਦੇ ਚੱਕਰ @ਚ ਫਸ ਜਾਂਦੇ ਹਨ।

ਸਿਆਸੀ ਆਗੂ ਜਦੋਂ @ਊਟ-ਪਟਾਂਗ ਗੱਲਾਂ@ ਮਾਰਨ ਲੱਗ ਜਾਣ ਤਾਂ @ਲੋਕ ਉਜਾੜ@ ਮੱਲਣ ਤੁਰ ਪੈਂਦੇ ਹਨ। ਜਿਹੜੇ @ਉਚਾ ਝਾਕਣ@ ਲੱਗਦੇ ਹਨ, ਉਨਾਂ ਨੂੰ ਨੀਵੀਆਂ ਦੀਆਂ ਗੱਲਾਂ ਨਹੀਂ ਸਮਝ ਆਉਂਦੀਆਂ ਤੇ ਉਹਨਾਂ ਨੂੰ ਉਡਦੇ ਸੱਪ ਕੀਲਣੇ ਮੁਸ਼ਕਿਲ ਹੋ ਜਾਂਦੇ ਹਨ।

ਜਿਹੜੇ ਹਰ ਕੰਮ ਲਈ ਉਡ ਉਡ ਪੈਣ ਉਹ ਉਤਲੇ ਮੂੰਹੋਂ ਤੇਰਾ ਤੇਰਾ ਕਹਿਣ ਦੇ ਆਦੀ ਬਣ ਜਾਂਦੇ ਹਨ। ਪਰ ਲੋਕ ਵੀ ਉਹਨਾਂ ਨੂੰ ਉਡਣ ਜੋਗਾ ਨਹੀਂ ਛੱਡਦੇ।

ਜਿਹੜੇ ਐਂਵੇ ਹੀ ਹਰ ਕਿਸੇ ਦੇ ਉੱਤੇ ਚੜਣ ਦੀ ਹਿਮਾਕਤ ਕਰਦੇ ਹਨ, ਉਨਾਂ ਦੀ ਕੋਈ ਉਂਗਲ ਨਹੀਂ ਫੜਦਾ। ਜਿਹੜੇ ਹਰ ਕਿਸੇ ਦੇ ਨਾਲ ਉਸਤਾਦੀ ਕਰਨ ਲੱਗ ਪੈਣੇ ਉਹਨਾਂ ਨੂੰ ਇੱਕ ਦਿਨ ਉਂਗਲਾਂ ਟੁੱਕਣੀਆਂ ਪੈਂਦੀਆਂ ਹਨ, ਫੇਰ ਉਹਨਾਂ ਦੀ ਕੋਈ ਉਘ ਸੁੱਘ ਨਹੀਂ ਲੱਗਦੀ।

ਜਿਨਾਂ ਦੇ ਮਨਾਂ ਵਿੱਚ ਸੁਪਨੇ ਉਸਲਵੱਟੇ ਭੰਨਣ ਲੱਗ ਪੈਣ, ਉਨਾਂ ਨੂੰ ਹਰ ਕੰਮ ਲਈ ਫੇਰ ਉੱਖਲੀ ਵਿੱਚ ਸਿਰ ਦੇਣਾ ਪੈਂਦਾ ਹੈ।

ਜਦੋਂ ਕਿਸੇ ਨੂੰ ਕੋਈ ਉਲਟੀ ਪੱਟੀ ਪੜਾਉਣ ਲੱਗ ਗਏ ਤਾਂ ਲੋਕ ਉਸ ਉਪਰ ਉਂਗਲਾਂ ਕਰਨ ਲੱਗ ਪੈਂਦੇ ਹਨ। ਉਹ ਸਦਾ ਉਖੜੇ-ਉੱਖੜੇ ਰਹਿਣ ਕਰਕੇ ਉਸ ਦੇ ਮੂੰਹ @ਤੇ ਉਦਾਸੀ ਸਦਾ ਹੀ ਛਾਈ ਰਹਿੰਦੀ ਹੈ।

ਜਿਨਾਂ ਨੂੰ ਉਧਾਰ ਖਾਣ ਦੀ ਆਦਤ ਪੈ ਜਾਵੇ, ਉਹ ਹਮੇਸ਼ਾ ਉਧੇੜ ਪੁਧੇੜ ਕਰਦੇ ਰਹਿੰਦੇ ਹਨ। ਜਿਹੜੇ ਰਸ ਚੂਸ ਕੇ ਉੱਡ ਜਾਣ ਫੇਰ ਉਨਾਂ ਦੇ ਲਈ ਕੋਈ ਉਡ ਉਡ ਨਹੀਂ ਪੈਂਦਾ। ਫਿਰ ਇਹੋ ਜਿਹਿਆਂ ਨੂੰ ਉਚਾ ਸੁਨਣ ਲੱਗਦਾ ਹੈ। ਹ

ਜਦੋਂ ਬੰਦੇ ਦਾ ਉਮਰ ਕੱਟਣ ਦਾ ਸੁਭਾਅ ਬਣ ਜਾਂਦਾ ਹੈ ਤਾਂ ਫਿਰ ਉਸ ਲਈ ਉਲਝੀ ਤਾਣੀ ਸੁਲਝਾਉਣੀ ਔਖੀ ਹੋ ਜਾਂਦੀ ਹੈ। ਹੁਣ ਇਹੀ ਹਾਲਤ ਸਿਆਸਤਦਾਨਾਂ ਨੇ ਸਾਡੀ ਬਣਾਈ ਹੋਈ ਹੈ। ਤੇ ਸਮੇਂ ਨੇ ਸਾਨੂੰ ਉਲਟੇ ਛੁਰੇ ਨਾਲ ਮੁੰਨਣਾ ਸ਼ੁਰੂ ਕਰ ਦਿੰਦਾ ਹੈ ਤੇ ਅਸੀਂ ਉਲਟੇ ਪੈਰੀਂ ਵਾਪਸ ਜਾ ਰਹੇ ਹਾਂ , ਪਰ ਹਰ ਵੇਲੇ ਲੋਕਾਂ ਨੂੰ ਉਲੂ ਬਣਾਇਆ ਨਹੀਂ ਜਾ ਸਕਦਾ। ਪਰ ਹੁਣ ਤਾਂ ਚੰਗੇ ਭਲੇ ਬਣ ਗਏ ਹਨ ! ਹੁਣ ਲੋਕ ਇਨਕਲਾਬ ਜ਼ਿੰਦਾਬਾਦ ਦੇ ਅਰਥ ਜਦੋਂ ਤੱਕ ਸਮਝਣਗੇ ਉਦੋਂ ਤੱਕ ਭਾਣਾ ਬੀਤ ਜਾਣਾ ਹੈ। ਬੀਤਿਆ ਸਮਾਂ ਤੇ ਪੁੱਲਾਂ ਹੇਠਾਂ ਦੀ ਲੰਘਿਆ ਪਾਣੀ ਕਦੇ ਪਰਤਦਾ ਨਹੀਂ ਹੁੰਦਾ ! ਭਾਈ ਸਾਹਿਬ ਕਹਿੰਦੇ ਹੁੰਦੇ ਹਨ ÷ ਦੇਖ ਬਾਲਿਆ ਰੰਗ ਕਰਤਾਰ ਦੇ !÷ ਹੁਣ ਲੋਕਾਂ ਪਤਾ ਲੱਗੂ ਬਸੰਤੀ ਰੰਗ ਦੇ ਥੱਲੇ ਕੀ ਹੈ ? ਇਹ ਰੰਗ ਹੁਣ ਕਿਵੇਂ ਅੱਖਾਂ ਵਿੱਚ ਰੜਕੇਗਾ ? ਜੇ ਤੁਸੀਂ ਜਾਣਦੇ ਹੋ ਤਾਂ ਜਰੂਰ ਦੱਸਣਾ ?

## ਉੱਭਰੀ ਮੇਖ 'ਚ ਹੀ ਹਥੌੜੀ ਵੱਜਦੀ ਹੈ



ਹਰਪ੍ਰੀਤ ਕੌਰ ਸੰਧੂ

ਦਿਖਾਵਾ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਗਿਆ ਹੈ।ਹਰ ਪੱਖ ਵਿੱਚ ਦਿਖਾਵਾ ਹੈ।ਮਨੁੱਖ ਉੱਭਰ ਕੇ ਸਾਹਮਣੇ ਆਉਣਾ ਚਾਹੁੰਦਾ ਹੈ।ਉਸ ਨੂੰ ਲੱਗਦਾ ਹੈ ਕਿ ਸ਼ਾਇਦ ਸਹਿਜ ਰਹਿੰਦਿਆਂ ਮੇਰੇ ਵੱਲ ਕੋਈ ਧਿਆਨ ਨਹੀਂ ਦੇਵੇਗਾ।ਇਸ ਲਈ ਉਹ ਆਪਣੇ ਆਪ ਨੂੰ ਆਪ ਪੇਸ਼ ਕਰਦਾ ਹੈ।ਜਿਸ ਵਿਸ਼ੇਸ਼ ਗੱਲ ਵੱਲ ਉਸ ਨੇ ਧਿਆਨ ਦਿਵਾਉਣਾ ਹੁੰਦਾ ਹੈ ਉਸ ਦਾ ਵਾਰ ਵਾਰ ਜ਼ਿਕਰ ਕਰਦਾ ਹੈ।ਇਸੇ ਨੂੰ ਦਿਖਾਵਾ ਕਹਿੰਦੇ ਹਨ।ਓਪਰੇ ਤੌਰ ਤੇ ਉਨ੍ਹਾਂ ਗੁਣਾਂ ਦਾ ਇਜ਼ਹਾਰ ਕਰਦਿਆਂ ਜੋ ਅਸਲ ਵਿੱਚ ਮਨੁੱਖ ਵਿਚ ਹੁੰਦੇ ਵੀ ਨਹੀਂ।ਆਪਣੇ ਹਰ ਕਿਰਿਆ ਕਲਾਪਾਂ ਨੂੰ ਹਰ ਵਸਤੂ ਨੂੰ ਪੇਸ਼ ਕਰਨਾ।ਗਾਹੇ ਬਗਾਹੇ ਕੋਸ਼ਿਸ਼ ਕਰਨਾ ਆਪਣੇ ਆਪ ਦੀ ਨੁਮਾਇਸ਼ ਕਰਨ ਦੀ।ਇਹ ਵਰਤਾਰਾ ਬਹੁਤ ਵਧ ਚੁੱਕਾ ਹੈ।ਅੱਜ ਦੀ ਜ਼ਿੰਦਗੀ ਵਿਚ ਦੇਖਿਆ ਜਾਵੇ ਤਾਂ ਦਿਖਾਵਾ ਹੀ ਦਿਖਾਵਾ ਹੈ।ਭਾਵਨਾਤਮਕ ਸਾਂਝ ਕੋਈ ਨਹੀਂ ।ਦਿਲ ਵਿੱਚ ਕੋਈ ਅਹਿਸਾਸ ਨਹੀਂ।ਸੁਭਾਅ ਵਿੱਚ ਖੁਸ਼ਕੀ ਹੈ ਪਰ ਦਿਖਾਵਾ ਅਪਣੱਤ ਦਾ।ਆਪਣੀ ਸ਼ਾਨੋ ਸ਼ੌਕਤ ਦਿਖਾਵਾ ਤਾਂ ਆਮ ਜਿਹੀ ਗੱਲ ਹੈ।ਜੇ ਇੱਕ ਛੋਟੀ ਜਿਹੀ ਵਸਤੂ ਲੈ ਲਈ ਤਾਂ ਉਸ ਦਾ ਇੰਨਾ ਦਿਖਾਵਾ ਕੀਤਾ ਜਾਂਦਾ ਹੈ ਕਿ ਸਾਹਮਣੇ ਵਾਲਾ ਵੀ ਅੱਕ ਜਾਂਦਾ ਹੈ।ਅਸੀਂ ਉੱਭਰ ਕੇ ਜਿਊਣਾ ਚਾਹੁੰਦੇ ਹਾਂ।ਅਸੀਂ ਇਹ ਭੁੱਲ ਜਾਂਦੇ ਹਾਂ ਕਿ ਹਥੌੜਾ ਉੱਭਰੇ ਹੋਏ ਕਿੱਲ ਤੇ ਹੀ ਵੱਜਦਾ ਹੈ।ਕੁਦਰਤੀ ਤੌਰ ਤੇ ਸਾਡੀ ਫਿਤਰਤ ਹੈ ਕਿ ਸਾਨੂੰ ਹਰ ਚੀਜ਼ ਸਮਤਲ ਹੀ ਪਸੰਦ ਆਉਂਦੀ ਹੈ।ਅਸੀਂ ਕੋਈ ਪਲਾਟ ਵੀ ਖਰੀਦਦੇ ਹਾਂ ਤਾਂ ਉਸ ਨੂੰ ਸਮਤਲ ਕਰਨ ਦੀ ਕੋਸ਼ਿਸ਼ ਪਹਿਲਾਂ ਕਰਦੇ ਹਾਂ।ਵਿਸ਼ੇਸ਼ ਤੌਰ ਤੇ ਉੱਭਰੀ ਹੋਈ ਕਿ ਚੀਜ਼ ਇਕਦਮ ਧਿਆਨ ਖਿੱਚਦੀ ਹੈ।ਪਰ ਥੋੜ੍ਹੀ ਦੇਰ ਬਾਅਦ ਅੱਖਾਂ ਵਿੱਚ ਚੁੱਭਣ ਲੱਗਦੀ ਹੈ।ਸਾਡੀਆਂ ਅੱਖਾਂ ਨੂੰ ਵਸਤੂ ਦਾ ਸਮਤਲ ਹੋਣਾ ਹੀ ਪਸੰਦ ਹੈ।ਇਹ ਸਾਡਾ ਕੁਦਰਤੀ ਸੁਭਾਅ ਹੈ।ਕੰਧ ਉੱਪਰ ਅਗਰ ਕੋਈ ਉੱਭਰੀ ਹੋਈ ਕਿੱਲ ਹੈ ਤਾਂ ਜਾਂ ਤਾਂ ਅਸੀਂ ਉਸ ਉਪਰ ਕੁਝ ਇਸ ਟੰਗ ਦਵਾਂਗੇ ਨਹੀਂ ਤਾਂ ਹਥੌੜਾ ਲੈ ਕੇ ਉਸ ਨੂੰ ਸਮਤਲ ਕਰਾਂਗੇ।ਉੱਭਰੇ ਹੋਏ ਚੀਜ਼ ਸਾਡੀਆਂ ਅੱਖਾਂ ਨੂੰ ਅੱਖਰਦੀ ਹੈ।ਇਹ ਜ਼ਰੂਰ ਹੈ ਕਿ ਸਾਡਾ ਧਿਆਨ ਵਾਰ ਵਾਰ ਉਸ ਵੱਲ ਜਾਂਦਾ ਹੈ।ਪਰ ਇਹ ਉਸ ਦੀ ਵਿਸ਼ੇਸ਼ਤਾ ਕਰਕੇ ਨਹੀਂ ਇਸ ਕਰਕੇ ਜਾਂਦਾ ਹੈ ਕਿ ਉਹ ਬਾਕੀਆਂ ਨਾਲੋਂ ਅਲੱਗ ਹੈ ਤੇ ਉੱਭਰੀ ਹੋਈ ਹੈ।ਉਹ ਆਲੇ ਦੁਆਲੇ ਦੀ ਦਿੱਖ ਖ਼ਰਾਬ ਕਰਦੀ ਹੈ।ਇਹੋ ਹਾਲ ਦਿਖਾਵਾ ਕਰਨ ਵਾਲੇ ਮਨੁੱਖ ਦਾ ਹੁੰਦਾ ਹੈ।ਉਸ ਨੂੰ ਜਾਪਦਾ ਹੈ ਕਿ ਉਹ ਆਕਰਸ਼ਣ ਦਾ ਕੇਂਦਰ ਬਣ ਰਿਹਾ ਹੈ।ਪਰ ਅਸਲ ਵਿੱਚ ਉਹ ਕਿਸੇ ਨੂੰ ਚੁੱਪ ਰਿਹਾ ਹੁੰਦਾ ਹੈ ਕਿਸੇ ਦੀਆਂ ਅੱਖਾਂ ਵਿੱਚ ਖਟਕ ਰਿਹਾ ਹੁੰਦਾ ਹੈ ਤੇ ਕਿਸੇ ਨੂੰ ਸੱਭਿਅਕ ਨਹੀਂ ਲੱਗ ਰਿਹਾ ਹੁੰਦਾ।ਹਰ ਤਰ੍ਹਾਂ ਦੇ ਦ੍ਰਿਸ਼ਟੀਕੋਣ ਵਿੱਚ ਇੱਛਾ ਇੱਕ ਹੀ ਹੁੰਦੀ ਹੈ ਉਸ ਨੂੰ ਸਮਤਲ ਕਰਨ ਦੀ।ਜ਼ਾਹਿਰ ਜਿਹੀ ਗੱਲ ਹੈ ਕਿ ਇਸ ਲਈ ਹਥੌੜੇ ਦੀ ਵਰਤੋਂ ਕੀਤੀ ਜਾਂਦੀ ਹੈ ਜੇਕਰ ਇਹ ਕਿੱਲ ਹੋਵੇ। ਜਦੋਂ ਵਿਅਕਤੀ ਦੀ ਗੱਲ ਆਉਂਦੀ ਹੈ ਤਾਂ ਕਈ ਵਾਰ ਗੱਲਾਂ ਨਾਲ ਸਮਤਲ ਕੀਤਾ ਜਾਂਦਾ ਹੈ ਜੇ ਟੋਕਾ ਟਕਾਈ ਨਾਲ।ਮਨੁੱਖ ਦਿਖਾਵੇ ਨੂੰ ਕੁਝ ਹੱਦ ਤਕ ਨਜ਼ਰਅੰਦਾਜ਼ ਕਰਦਾ ਹੈ ਪਰ ਇਹ ਲੰਬਾ ਸਮਾਂ ਨਹੀਂ ਚੱਲਦਾ।ਜਿਵੇਂ ਹਥੌੜੇ ਨਾਲ ਕਿੱਲ ਠੋਕ ਕੇ ਬਰਾਬਰ ਕਰ ਦਿੱਤਾ ਜਾਂਦਾ ਹੈ ਉਸੇ ਤਰ੍ਹਾਂ ਵਿਅਕਤੀ ਨੂੰ ਕਈ ਵਾਰ ਲਤਾੜ ਕੇ ਅਤੇ ਕਈ ਵਾਰ ਖੁੰਭ ਠੱਪ ਕੇ ਸਮਤਲ ਕਰ ਦਿੱਤਾ ਜਾਂਦਾ ਹੈ ਤੇ ਕਈ ਵਾਰ ਖੁੰਭ ਠੱਪ ਕੇ।ਮਨੁੱਖ ਨੂੰ ਜਿੱਥੋਂ ਤਕ ਹੋ ਸਕੇ ਦਿਖਾਵੇ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਗੈਰ ਕੁਦਰਤੀ ਵਰਤਾਰਾ ਹੈ।ਇਸ ਦਾ ਅੱਖਾਂ ਵਿੱਚ ਚੁੱਭਣ ਜਾਂ ਪਸੰਦ ਨਾ ਆਉਣਾ ਲਾਜ਼ਿਮ ਹੈ।ਦੇਖਿਆ ਜਾਵੇ ਤਾਂ ਸਾਹਮਣੇ ਵਾਲੇ ਨੂੰ ਕੀ ਫ਼ਰਕ ਪੈਂਦਾ ਹੈ ਕਿ ਸਾਡੇ ਕੋਲ ਕੀ ਹੈ ਤੇ ਕੀ ਨਹੀਂ।ਦਿਖਾਵਾ ਕਰਨ ਵਾਲਾ ਮਨੁੱਖ ਦੂਜੇ ਦੀ ਮੱਦਦ ਕਰਨ ਵਾਲਾ ਕਦੀ ਨਹੀਂ ਹੁੰਦਾ।ਪੰਜਾਬੀ ਦੀ ਇੱਕ ਕਹਾਵਤ ਹੈ

ਕੋਹੜੀ ਦੇ ਠੂਠੇ ਵਿਚ ਖੀਰ ਦਾ ਦਾ ਕਿਸੇ ਨੂੰ ਕੀ ਭਾਅ

ਜੋ ਸਾਡੇ ਕੋਲ ਹੈ ਉਸ ਦੀ ਵਰਤੋਂ ਵੀ ਅਸੀਂ ਕਰਦੇ ਹਾਂ ਉਸ ਦਾ ਫ਼ਾਇਦਾ ਵੀ ਸਾਨੂੰ ਹੀ ਹੁੰਦਾ ਹੈ।ਇਕ ਦਇਆਵਾਨ ਮਨੁੱਖ ਆਪਣੀਆਂ ਵਸਤੂਆਂ ਨੂੰ ਦੂਜਿਆਂ ਨਾਲ ਸਾਂਝਾ ਕਰਦਾ ਹੈ ਪਰ ਜੋ ਦਿਖਾਵਾ ਕਰਦਾ ਹੈ ਉਸ ਵਿੱਚ ਇਹ ਪ੍ਰਵਿਰਤੀ ਨਹੀਂ ਹੁੰਦੀ।ਇਸ ਲਈ ਜਿੱਥੋਂ ਤਕ ਹੋ ਸਕੇ ਦਿਖਾਵੇ ਤੋਂ ਬਚਣਾ ਚਾਹੀਦਾ ਹੈ।ਵਿਦਿਆਰਥੀ ਜੀਵਨ ਦਾ ਕੋਈ ਫ਼ਾਇਦਾ ਨਹੀਂ।ਅੱਜ ਦੇ ਯੁੱਗ ਵਿਚ ਦਿਖਾਵਾ ਹੀ ਪ੍ਰਮੁੱਖ ਹੈ।ਕੋਸ਼ਿਸ਼ ਕਰੋ ਕਿ ਅਜਿਹੀ ਕਿੱਲ ਨਾ ਬਣੋ ਜਿਸ ਨੂੰ ਹਥੌੜੇ ਨਾਲ ਠੋਕਿਆ ਜਾਵੇ ।

## ਜਲਵਾਯੂ ਤਬਦੀਲੀ ਅਤੇ ਸੁਰੱਖਿਅਤ ਪੀਣ ਵਾਲਾ ਪਾਣੀ





ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਸਿੱਖਿਆ ਸ਼ਾਸਤਰੀ

ਹਰ ਕੋਈ ਹੈਰਾਨ ਹੈ, ਮੌਸਮ ਅਚਾਨਕ ਬਦਲ ਗਿਆ ਹੈ. ਮਾਰਚ ਵਿੱਚ ਅਪਰੈਲ ਵਰਗੀ ਗਰਮੀ ਦਾ ਅਹਿਸਾਸ ਆਪਣੇ-ਆਪ ਵਿੱਚ ਅਧਿਐਨ ਦਾ ਵਿਸ਼ਾ ਹੀ ਨਹੀਂ ਹੈ, ਸਗੋਂ ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਸਾਨੂੰ ਬਦਲਦੇ ਮੌਸਮ ਬਾਰੇ ਪਹਿਲਾਂ ਨਾਲੋਂ ਵਧੇਰੇ ਸੁਚੇਤ ਹੋਣਾ ਚਾਹੀਦਾ ਹੈ। ਐਤਵਾਰ ਨੂੰ ਜਿੱਥੇ ਮੁੰਬਈ @ਚ ਪਾਰਾ 40 ਡਿਗਰੀ ਸੈਲਸੀਅਸ ਨੂੰ ਪਾਰ ਕਰ ਗਿਆ, ਉੱਥੇ ਹੀ ਦਿੱਲੀ @ਚ ਇਸ ਨੇ 10 ਸਾਲ ਦਾ ਰਿਕਾਰਡ ਤੋੜ ਦਿੱਤਾ। ਰਾਜਧਾਨੀ @ਚ ਘੱਟੋ-ਘੱਟ ਤਾਪਮਾਨ 21.2 ਸੀ, ਜਿਸ ਦਾ ਮਤਲਬ ਹੈ ਕਿ ਗਰਮ ਕੱਪੜਿਆਂ ਦੀ ਜ਼ਰੂਰਤ ਅਚਾਨਕ ਖਤਮ ਹੋ ਗਈ ਹੈ। ਪ੍ਰਸ਼ੰਸਕ ਤੇਜ਼ੀ ਨਾਲ ਚੱਲ ਰਹੇ ਹਨ, ਉਨ੍ਹਾਂ ਤੋਂ ਬਿਨਾਂ ਮੈਂ ਬੇਵੱਸ ਮਹਿਸੂਸ ਕਰਦਾ ਹਾਂ। ਵਿਗਿਆਨੀਆਂ ਅਨੁਸਾਰ ਇਸ ਸਮੇਂ ਪੱਛਮੀ ਗੜਬੜੀ ਕਾਰਨ ਮੀਂਹ ਪੈ ਰਿਹਾ ਸੀ, ਇਸ ਲਈ ਠੰਢੀ ਹਵਾ ਹੋਣੀ ਤੈਅ ਸੀ, ਪਰ ਇਸ ਵਾਰ ਇਹ ਗੜਬੜੀ ਦੇਖਣ ਨੂੰ ਨਹੀਂ ਮਿਲੀ। ਦਿਨ ਸਾਫ਼ ਹੋ ਰਹੇ ਹਨ ਅਤੇ ਸੂਰਜ ਡੁੱਬਣਾ ਸ਼ੁਰੂ ਹੋ ਰਿਹਾ ਹੈ। ਘਰਾਂ ਦੀਆਂ ਕੰਧਾਂ ਅਜੇ ਵੀ ਠੰਡੀਆਂ ਹੋਣ ਕਾਰਨ ਗਰਮੀ ਕੁਝ ਘੱਟ ਮਹਿਸੂਸ ਹੁੰਦੀ ਹੈ, ਨਹੀਂ ਤਾਂ ਤਾਪਮਾਨ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਆਮ ਤੌਰ @ਤੇ ਮਾਰਚ ਦੇ ਮਹੀਨੇ ਅੱਠ ਮਿਲੀਮੀਟਰ ਤੱਕ ਮੀਂਹ ਪੈਂਦਾ ਹੈ, ਪਰ ਇਸ ਮਹੀਨੇ ਦਿੱਲੀ ਮੀਂਹ ਨੂੰ ਤਰਸ ਰਹੀ ਹੈ।

ਇਸ ਮਹੀਨੇ ਦੇ ਆਉਣ ਵਾਲੇ ਦਿਨਾਂ ਵਿੱਚ ਵੀ ਮੌਸਮ ਵਿਭਾਗ ਨੇ ਵੱਧ ਤੋਂ ਵੱਧ ਅਤੇ ਘੱਟੋ-ਘੱਟ ਪਾਰਾ ਘੱਟ-ਘੱਟ ਇਸੇ ਤਰ੍ਹਾਂ ਹੀ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਇਨ੍ਹੀਂ ਦਿਨੀਂ ਘੱਟੋ-ਘੱਟ ਪਾਰਾ 15 ਡਿਗਰੀ ਸੈਲਸੀਅਸ ਤੱਕ ਹੋਣਾ ਚਾਹੀਦਾ ਸੀ ਪਰ ਹੁਣ ਇਹ 20 ਡਿਗਰੀ ਸੈਲਸੀਅਸ ਦੇ ਨੇੜੇ-ਤੇੜੇ ਜਾ ਰਿਹਾ ਹੈ। ਤਪਦਾ ਸੂਰਜ ਚੜ੍ਹੇਗਾ ਅਤੇ ਲੋਕ ਆਪਣੇ ਸਿਰ ਛੁਪਾਉਣ ਲਈ ਥਾਂ ਲੱਭਣਗੇ। ਮੌਸਮ ਬਦਲਣ ਦਾ ਇਹ ਸਮਾਂ ਕਈ ਤਰ੍ਹਾਂ ਦੇ ਇਨਫੈਕਸ਼ਨ ਦਾ ਸਮਾਂ ਵੀ ਹੋ ਸਕਦਾ ਹੈ, ਇਸ ਲਈ ਸਾਵਧਾਨ ਰਹਿਣ ਦੀ ਲੋੜ ਹੈ। ਹਵਾ ਵਿੱਚ ਪ੍ਰਦੂਸ਼ਣ ਦਾ ਪੱਧਰ ਵੀ ਉੱਚਾ ਹੋਣ ਕਾਰਨ ਮੌਸਮੀ ਬਿਮਾਰੀਆਂ ਦਾ ਖਤਰਾ ਵੱਧ ਹੈ। ਅਜਿਹਾ ਨਹੀਂ ਹੈ ਕਿ ਗਰਮੀ ਕੁਝ ਇਲਾਕਿਆਂ ਤੱਕ ਹੀ ਸੀਮਤ ਹੈ, ਰਾਜਸਥਾਨ ਤੋਂ ਲੈ ਕੇ ਬਿਹਾਰ ਤੱਕ ਗਰਮੀ ਦੇ ਅਚਾਨਕ ਵਧਣ ਦੀ ਕਾਫੀ ਚਰਚਾ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਅੰਟਾਰਕਟਿਕਾ ਵਿੱਚ ਤਾਪਮਾਨ ਪਿਛਲੇ ਹਫ਼ਤੇ ਤੋਂ ਰਿਕਾਰਡ ਤੋੜ ਰਿਹਾ ਹੈ। ਦੁਨੀਆ ਦੇ ਇਸ ਸਭ ਤੋਂ ਠੰਡੇ ਸਥਾਨ @ਤੇ ਤਾਪਮਾਨ ਆਮ ਨਾਲੋਂ 30 ਡਿਗਰੀ ਸੈਲਸੀਅਸ ਵੱਧ ਕੇ ਮਾਈਨਸ 11 ਡਿਗਰੀ ਸੈਲਸੀਅਸ ਹੋ ਗਿਆ ਹੈ। ਅੰਟਾਰਕਟਿਕਾ ਵਿੱਚ ਅਜਿਹਾ ਕਦੇ ਨਹੀਂ ਹੋਇਆ ਸੀ, ਇਸ ਨੇ ਵਿਗਿਆਨੀਆਂ ਵਿੱਚ ਵੀ ਚਿੰਤਾ ਪੈਦਾ ਕਰ ਦਿੱਤੀ ਹੈ। ਇਹ ਧਰਤੀ ਅਤੇ ਕੁਦਰਤੀ ਸੋਮਿਆਂ ਬਾਰੇ ਡੂੰਘਾਈ ਨਾਲ ਸੋਚਣ ਦਾ ਸਮਾਂ ਹੈ।

ਮੌਸਮ ਦਾ ਵਿਚਾਰ ਇਸ ਲਈ ਵੀ ਦਿਲਚਸਪ ਹੈ ਕਿਉਂਕਿ ਅੱਜ ਵਿਸ਼ਵ ਵਿੱਚ ਜਲ ਦਿਵਸ ਵੀ ਮਨਾਇਆ ਜਾ ਰਿਹਾ ਹੈ। ਤਾਪਮਾਨ ਵਧਣ ਦੇ ਨਾਲ-ਨਾਲ ਪਾਣੀ ਦੀ ਜ਼ਰੂਰਤ ਵੀ ਵਧੇਗੀ। ਪਾਣੀ ਪ੍ਰਦੂਸ਼ਣ ਦੇ ਵਿਰੁੱਧ ਇੱਕ ਮਹੱਤਵਪੂਰਨ ਉਪਾਅ ਜਾਂ ਦਵਾਈ ਵਜੋਂ ਵੀ ਕੰਮ ਕਰਦਾ ਹੈ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਅਸੀਂ ਪਿਛਲੇ ਸਾਲਾਂ ਤੋਂ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਦੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਾਂ। ਜਦੋਂ ਵੀ ਤਾਜ਼ੇ ਪਾਣੀ ਦਾ ਮਨ ਆਉਂਦਾ ਹੈ, ਲੋਕ ਨਦੀਆਂ, ਝੀਲਾਂ, ਝੀਲਾਂ ਜਾਂ ਜਲ ਭੰਡਾਰਾਂ ਬਾਰੇ ਸੋਚਦੇ ਹਨ। ਸਾਡੇ ਵਿੱਚੋਂ ਬਹੁਤ ਸਾਰੇ ਲੋਕ ਪਾਣੀ ਦੀ ਬਰਬਾਦੀ ਕਰਦੇ ਸਮੇਂ ਇਹ ਵੀ ਧਿਆਨ ਵਿੱਚ ਨਹੀਂ ਰੱਖਦੇ ਕਿ ਧਰਤੀ ਦੇ ਕੁੱਲ ਪਾਣੀ ਦਾ 97.5 ਪ੍ਰਤੀਸ਼ਤ ਖਾਰਾ ਪਾਣੀ ਹੈ ਅਤੇ ਕੇਵਲ 2.5 ਪ੍ਰਤੀਸ਼ਤ ਤਾਜ਼ਾ ਪਾਣੀ ਹੈ। ਤਾਜ਼ੇ ਪਾਣੀ ਵਿੱਚੋਂ, ਸਿਰਫ 0.3 ਪ੍ਰਤੀਸ਼ਤ ਸਤ੍ਹਾ @ਤੇ ਤਰਲ ਰੂਪ ਵਿੱਚ ਹੈ। ਇਸ ਲਈ ਲੋਕਾਂ ਨੂੰ ਬਾਰ-ਬਾਰ ਇਹ ਦੱਸਣ ਦੀ ਲੋੜ ਹੈ ਕਿ ਸਾਡੇ ਸੰਸਾਰ ਵਿੱਚ ਪਾਣੀ ਦੀ ਸੰਭਾਲ ਕਿੰਨੀ ਮਹੱਤਵਪੂਰਨ ਹੈ। ਵੱਡੇ ਸ਼ਹਿਰ ਵੀ ਪੀਣ ਵਾਲੇ ਪਾਣੀ ਨੂੰ ਤਰਸ ਰਹੇ ਹਨ। ਇੱਥੋਂ ਤੱਕ ਕਿ ਸਾਡੇ ਦੇਸ਼ ਵਿੱਚ, ਬਹੁਤ ਸਾਰੇ ਸ਼ਹਿਰਾਂ ਵਿੱਚ ਲੋੜੀਂਦੇ ਸਾਰੇ ਲੋਕਾਂ ਨੂੰ ਲੋੜੀਂਦਾ ਪਾਣੀ ਮੁਹੱਈਆ ਕਰਵਾਉਣ ਲਈ ਲੋੜੀਂਦਾ ਪਾਣੀ ਨਹੀਂ ਹੈ। ਸਾਨੂੰ ਆਪਣਾ ਪੂਰਾ ਧਿਆਨ ਆਪਣੇ ਆਲੇ-ਦੁਆਲੇ ਦੇ ਪਾਣੀ ਨੂੰ ਬਚਾਉਣ @ਤੇ ਕੇਂਦਰਿਤ ਕਰਨਾ ਹੋਵੇਗਾ, ਦੂਰ ਦਰਿਆਵਾਂ ਜਾਂ ਜਲ ਭੰਡਾਰ ਜ਼ਿਆਦਾ ਦੇਰ ਕੰਮ ਨਹੀਂ ਕਰਨਗੇ।

## ਪਾਣੀ ਕੁਦਰਤੀ ਤੋਹਫ਼ਾ

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417



ਹਵਾ, ਪਾਣੀ, ਧਰਤੀ, ਜਿਸ ਦੁਆਰਾ ਜਾਂ ਜਿਸ ਕਰਕੇ ਸਾਡਾ ਜੀਵਨ ਪ੍ਰਗਤੀਸ਼ੀਲ ਹੈ। ਇਹ ਤਿੰਨੋਂ ਚੀਜ਼ਾਂ ਅੱਜ ਮਨੁੱਖ ਤੋਂ ਪਰ੍ਹੇ ਹੋ ਰਹੀਆਂ ਹਨ। ਇਸ ਕਰਕੇ ਕਿ ਮਨੁੱਖ ਮੁਫ਼ਤ ਵਿੱਚ ਮਿਲੀ ਚੀਜ਼ ਦੀ ਕਦਰ ਘੱਟ ਹੀ ਕਰਦਾ, ਪਰ ਸਾਨੂੰ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਜਦੋਂ ਇਹ ਚੀਜ਼ਾਂ ਹੱਥੋਂ ( ਖੁਸ ) ਖਿਸਕ ਜਾਣ ਤਾਂ ਮਨੁੱਖ ਦਾ ਕਿਸ ਅਧਾਰ ਤੇ ਜੀਵਨ ਟਿਕ ਸਕਦਾ, ਇਹਨਾਂ ਚੀਜ਼ਾਂ ਦੀ ਹੋਂਦ ਕੇਵਲ ਮਨੁੱਖ ਲਈ ਹੀ ਨਹੀਂ, ਹੋਰ ਬਨਸਪਤੀ, ਪਸ਼ੂਆਂ, ਪੰਛੀਆਂ ਲਈ ਵੀ ਜ਼ਰੂਰੀ ਹੈ। ਪਰ ਮਨੁੱਖ ਕੋਲ ਸਾਰੀਆਂ ਸ਼ਕਤੀਆਂ ਤੇ ਸਮਝ ਹੋਣ ਕਰਕੇ ਇਸ ਦੁਆਰਾ ਕੀਤਾ ਗਿਆ ਨੁਕਸਾਨ ਇਹਨਾਂ ਨੂੰ ਵੀ ਝੇਲਣਾ ਪੈਂਦਾ, ਜਿੰਨਾਂ ਦਾ ਕੋਈ ਵੀ ਕਸੂਰ ਨਹੀਂ ਹੁੰਦਾ, ਜੇ ਅੱਜ ਹਵਾ ਪਾਣੀ ਧਰਤੀ ਖ਼ਤਰੇ ਵਿੱਚ ਹਨ, ਤਾਂ ਧਰਤੀ ਉੱਪਰਲਾ ਜੀਵਨ ਇਸ ਤੋ ਪਹਿਲਾਂ ਖ਼ਤਰੇ ਵਿੱਚ ਪੈ ਜਾਂਦਾ ਹੈ। ਅੱਜ ਅਸੀਂ ਪੂਰੇ ਸੰਸਾਰ ਪੱਧਰ ਤੇ ਵਿਸ਼ਵ ਜਲ ਦਿਵਸ ਮਨਾ ਰਹੇ ਹਾਂ। ਜਿਸ ਤੋਂ ਸਾਨੂੰ ਬਹੁਤ ਕੁਝ ਸਿੱਖਣ ਦੀ ਲੋੜ ਹੈ, ਇਹ ਨਾ ਹੋਵੇ ਕਿ ਇਹ ਮਹੱਤਵਪੂਰਨ ਵਿਸ਼ਾ ਕੇਵਲ ਸੁਰਖੀਆਂ ਤੱਕ ਹੀ ਸੀਮਿਤ ਰਹਿ ਜਾਵੇ। ਲੋੜ ਇਸ ਨੂੰ ਅਸਲੀ ਜਾਮਾਂ ਪਹਿਨਾਉਣ ਦੀ। ਕਿਉਂਕਿ ਜੇ ਧਰਤੀ ਤੇ ਪੀਣ, ਵਰਤਣ ਯੋਗ ਪਾਣੀ ਨਾ ਰਿਹਾ ਤਾਂ ਇਸ ਤੇ ਜੀਵ ਜੰਤੂ ਦਰਖ਼ਤ ਬਨਸਪਤੀ ਕਿਵੇਂ ਰਹਿ ਸਕਦੀ ਹੈ। ਚਾਹੇ ਸਾਡੀ ਧਰਤੀ ਤੋਂ ਤਿੰਨ ਹਿੱਸੇ ਪਾਣੀ ਜ਼ਿਆਦਾ ਹੈ। ਪਰ ਜਿਸ ਪਾਣੀ ਦੀ ਸਾਨੂੰ ਲੋੜ ਹੈ। ਉਸ ਦੇ ਸੋਮੇ ਬਹੁਤ ਘੱਟ ਹਨ। ਜਿੰਨਾਂ ਨੂੰ ਸੰਭਾਲਣ ਦੀ ਜ਼ਰੂਰਤ ਹੈ। ਸਿਆਣਿਆਂ ਦਾ ਕਥਨ ਹੈ।÷ਅਕਲਾਂ ਬਾਝੋਂ ਖੂਹ ਖਾਲੀ ÷ ਸਾਡੇ ਵੱਡੇ ਵਡੇਰਿਆਂ ਨੇ ਸਾਡੇ ਲਈ ਕੁਦਰਤ ਦੀਆਂ ਅਨਮੋਲ ਸੁਗਾਤਾਂ ਸਾਂਭ ਕੇ ਰੱਖੀਆਂ , ਅਸੀਂ ਹੁਣ ਆਉਣ ਵਾਲੀਆਂ ਨਸਲਾਂ ਲਈ ਕੀ ਛੱਡ ਕੇ ਜਾਵਾਂਗੇ ? ਕਦੇ ਕਦੇ ਸਾਨੂੰ ਇਸ ਤੇ ਵੀ ਵਿਚਾਰ ਕਰ ਲੈਣੀ ਚਾਹੀਦੀ ਹੈ। ਜੇ ਅਸੀਂ ਕਹੀਏ ਕਿ ਸਭ ਕੁਝ ਸਰਕਾਰਾਂ ਹੀ ਕਰਨਗੀਆਂ,ਸਾਡੀ ਵੀ ਜੁੰਮੇਵਾਰੀ ਬਣਦੀ ਹੈ ਕਿ ਅਸੀਂ ਵੀ ਪਾਣੀ ਦੀ ਦੁਰਵਰਤੋਂ ਨਾ ਕਰੀਏ, ਲੋੜ ਪੈਣ ਤੇ ਹੀ ਸਕੋਚ ਨਾਲ ਪਾਣੀ ਨੂੰ ਵਰਤੀਏ, ਘਰਾਂ ਵਿੱਚ ਪਾਣੀਂ ਦੀ ਸੰਭਾਲ ਦਾ ਖ਼ਾਸ ਖ਼ਿਆਲ ਰੱਖੀਏ। ਮੀਂਹ ਦੇ ਪਾਣੀ ਨੂੰ ਇੱਕ ਥਾਂ ਇੱਕਠਾ ਕਰਕੇ ਹੋਰ ਛੱਪੜਾਂ ਟੋਭਿਆਂ ਦੇ ਪਾਣੀ ਨੂੰ ਫਿਲਟਰ ਕਰਕੇ ਖੇਤੀ ਲਈ ਵਰਤਿਆ ਜਾ ਸਕਦਾ। ਇੱਥੋਂ ਤੱਕ ਬਾਹਰਲੇ ਦੇਸ਼ਾਂ ਨੇ ਤਾਂ ਸਮੁੰਦਰਾਂ ਦੇ ਪਾਣੀ ਨੂੰ ਸ਼ੁੱਧ ਕਰਕੇ ਉਸ ਦੀ ਵਰਤੋਂ ਕਰਨੀਂ ਸ਼ੁਰੂ ਕਰ ਦਿੱਤੀ ਹੈ। ਇਸ ਤਰਾਂ ਸਾਡੇ ਦੇਸ਼ ਵਿੱਚ ਵੀ ਕਈ ਥਾਵਾਂ ਤੇ ਪਾਣੀ ਨੂੰ ਸ਼ੁੱਧ ਕਰਕੇ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਜੋ ਬਹੁਤ ਵਧੀਆ ਉਪਰਾਲਾ, ਆਓ ਹਰ ਪਿੰਡ ਹਰ ਸ਼ਹਿਰ ਵਿੱਚ ਪਾਣੀ ਦੀ ਸੰਭਾਲ ਕਰੀਏ, ਤਾਂ ਕਿ ਸਾਨੂੰ ਅਗਲਾ ਵਿਸ਼ਵ ਯੁੱਧ ਪਾਣੀ ਲਈ ਨਾ ਲੜਨਾ ਪਵੇ।

## ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ



ਸੰਜੀਵ ਸਿੰਘ ਸੈਣੀ, ਮੋਹਾਲੀ

ਕਿਸੇ ਨੇ ਸੋਚ ਸਮਝ ਕੇ ਕਿਹਾ ਹੈ ਕਿ ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਪਾਉਂਦਾ ।ਇਸ ਅਖਾਣ ਦਾ ਮਤਲਬ ਇਹ ਹੈ ਕਿ ਜਿਹੜੀ ਚੀਜ਼ ਸਾਨੂੰ ਪਸੰਦ ਹੈ ਉਹ ਖਾਓ ਹੈ ਤੇ ਜਿਹੜਾ ਪਹਿਰਾਵਾ ਸਮਾਜ ਦੇ ਮੁਤਾਬਿਕ ਹੋਵੇ ਉਹ ਹੀ ਪਾਓ ।ਅਕਸਰ ਅਸੀਂ ਦੇਖਦੇ ਹਾਂ ਕਿ ਧਾਰਮਿਕ ਸਥਾਨਾਂ ਤੇ ਬੀਬੀਆਂ ਛੋਟੇ ਛੋਟੇ ਕੱਪੜੇ ਪਾ ਕੇ ਜਾਂਦੀਆਂ ਹਨ। ਜੀਨਜ਼ , ਟੌਪ,ਚੂੜੀਦਾਰ ਪਜਾਮੀਆਂ ,ਬਿਨਾਂ ਬਾਹਾਂ ਤੋਂ ਕਮੀਜ਼ । ਠੀਕ ਇਸੇ ਤਰ੍ਹਾਂ ਕਈ ਵਾਰ ਮਰਦ ਵੀ ਛੋਟੀ-ਛੋਟੀ ਨਿੱਕਰਾਂ ਪਾ ਕੇ ਗੁਰੂ ਘਰ ਚਲੇ ਜਾਂਦੇ ਹਨ।ਇਹ ਗੁਰੂ ਘਰ ਦੀ ਮਰਿਆਦਾ ਨਹੀਂ ਹੈ। ਗੁਰੂ ਘਰ ਵਿੱਚ ਸਾਦਗੀ ਨਾਲ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਅਸੀਂ ਭੜਕੀਲੇ ਕੱਪੜੇ ਪਾ ਕੇ ਗੁਰੂ ਘਰ ਵਿੱਚ ਜਾਂਦੇ ਹਨ ਤਾਂ ਹੋਰਾਂ ਦਾ ਵੀ ਧਿਆਨ ਸਾਡੀ ਤਰਫ਼ ਖਿੱਚ ਦਾ ਕੇਂਦਰ ਬਣ ਜਾਂਦਾ ਹੈ।ਕਈ ਇੰਨਾ ਗੰਦਾ ਪਰਫਿਊਮ ,ਇੱਤਰ ਲਗਾ ਕੇ ਜਾਂਦੇ ਹਨ ਕਿ ਉੱਥੇ ਬੈਠੀ ਸੰਗਤ ਪ੍ਰੇਸ਼ਾਨ ਹੋ ਜਾਂਦੀ ਹੈ। ਉਨ੍ਹਾਂ ਦੀ ਗੁਰੂ ਵੱਲ ਲੀਵ ਹੱਟ ਜਾਂਦੀ ਹੈ ਤੇ ਸਾਰੇ ਹੀ ਸਾਨੂੰ ਅੱਖਾਂ ਪਾੜ ਪਾੜ ਕੇ ਦੇਖ ਰਹੇ ਹੁੰਦੇ ਹਨ । ਸਾਡੇ ਤੇ ਪੱਛਮੀ ਸੱਭਿਅਤਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਅਸੀਂ ਦਿਨ-ਪ੍ਰਤਿਦਿਨ ਇਸ ਸਭਿਅਤਾ ਵਿੱਚ ਆਪਣੇ ਆਪ ਨੂੰ ਢਾਲ ਰਹੇ ਹਨ।

ਗੁਰੂ ਘਰ ਵਿੱਚ ਜ਼ਰੂਰ ਜਾਣਾ ਚਾਹੀਦਾ ਹੈ ਪਰ ਇੱਕ ਮਰਿਆਦਾ ਦੇ ਅਨੁਸਾਰ ਜਾਣਾ ਚਾਹੀਦਾ ਹੈ ।ਸਾਫ਼ ਸੁਥਰੇ ਪੂਰੇ ਕੱਪੜੇ ਪਾ ਕੇ ਹੀ ਗੁਰੂ ਘਰ ਜਾਣਾ ਚਾਹੀਦਾ ਹੈ। ਸਿਰ ਚੰਗੀ ਤਰ੍ਹਾਂ ਢੱਕ ਕੇ ਜਾਣਾ ਚਾਹੀਦਾ ਹੈ ।ਆਮ ਦੇਖਣ ਵਿੱਚ ਆਉਂਦਾ ਹੈ ਕਿ ਕੁੜੀਆਂ ਗੁਰੂਘਰ ਵਿੱਚ ਰੁਮਾਲ ਨਾਲ ਸਿਰ ਢੱਕ ਕੇ ਜਾਂਦੀਆਂ ਹਨ ।ਜੋ ਕਿ ਗੁਰੂ ਘਰ ਦੀ ਮਰਿਆਦਾ ਨਹੀਂ ਹੈ ।ਇਹ ਤਾਂ ਮਾਂ ਬਾਪ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਗੁਰੂ ਘਰ ਜਾਣ ਦੀ ਸਿਖਲਾਈ ਦੇਣ, ਕਿਸ ਤਰ੍ਹਾਂ ਗੁਰੂ ਘਰ ਗੁਰੂ ਮਰਿਆਦਾ ਦੇ ਮੁਤਾਬਿਕ ਜਾਇਆ ਜਾਂਦਾ ਹੈ ।ਸਾਡੇ ਗੁਰੂ ਮਹਾਰਾਜ ਸਾਨੂੰ ਸਿੱਖਿਆ ਦੇ ਕੇ ਗਏ ਹਨ ਕਿ ਸਾਦਗੀ ਵਿੱਚ ਗੁਰੂ ਘਰ ਜਾਣਾ ਚਾਹੀਦਾ ਹੈ। ਚਾਹੇ ਉਹ ਮਰਦ ਹੈ ,ਔਰਤ ਹੈ ਜੋ ਗੁਰੂ ਘਰ ਦੇ ਨਿਯਮ ਹੁੰਦੇ ਹਨ, ਉਸ ਮੁਤਾਬਕ ਹੀ ਗੁਰੂ ਘਰ ਜਾਣਾ ਚਾਹੀਦਾ ਹੈ।

ਅਸੀਂ ਸਾਰੇ ਸਮਾਜ ਵਿੱਚ ਵਿਚਰਦੇ ਹਨ ।ਅਸੀਂ ਜਦੋਂ ਕੋਈ ਪ੍ਰੋਗਰਾਮ ਜਾਂ ਵਿਆਹ ਤੇ ਜਾਂਦੇ ਹਨ ਤਾਂ ਗੂੜੇ ਕੱਪੜੇ ਪਾ ਕੇ ਭਾਵ ਭੜਕੀਲੇ ਲਿਬਾਸ ਵਿੱਚ ਜਾਂਦੇ ਹਨ ।ਉੱਥੇ ਅਸੀਂ ਖਿੱਚ ਦਾ ਕੇਂਦਰ ਬਣਦੇ ਹਨ। ਬਹੁਤ ਜ਼ਿਆਦਾ ਜੈੱਲ ਪਰਫਿਊਮ ਲਗਾ ਕੇ ਜਾਂਦੇ ਹਨ ।ਠੀਕ ਹੈ ਉੱਥੇ ਜਾਣਾ ਵੀ ਚਾਹੀਦਾ ਹੈ ।ਗੁਰੂ ਘਰ ਵਿੱਚ ਸਾਫ਼ ਸੁਥਰੇ ਸਾਦਗੀ ਵਾਲੇ ਕੱਪੜੇ ਪਾ ਕੇ ਹੀ ਜਾਓ । ਵਿਆਹ ਸ਼ਾਦੀਆਂ ਵਿੱਚ ਤਾਂ ਅਸੀਂ ਟੌਹਰ ਕੱਢ ਕੇ ਜਾਂਦੇ ਹਨ। ਅਸੀਂ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਦੇ। ਉਥੇ ਤਾਂ ਸਾਨੂੰ ਬਣ ਠੱਣ ਕੇ ਜਾਣਾ ਚਾਹੀਦਾ ਹੈ।

ਠੀਕ ਇਸੇ ਤਰ੍ਹਾਂ ਜੋ ਵੀ ਅਸੀਂ ਖਾਣਾ ਚਾਹੁੰਦੇ ਹਨ ਉਹੀ ਖਾਣਾ ਚਾਹੀਦਾ ਹੈ। ਜਿਹੜੀ ਚੀਜ਼ ਸਾਡੇ ਸਰੀਰ ਨੂੰ ਨੁਕਸਾਨ ਕਰਦੀ ਹੈ ਉਹ ਨਹੀਂ ਖਾਣੀ ਚਾਹੀਦੀ ।ਅਸੀਂ ਆਮ ਦੇਖਦੇ ਹਨ ਕਿ ਜਿਹੜੀ ਚੀਜ਼ ਜਿਸ ਨੂੰ ਪਸੰਦ ਹੁੰਦੀ ਹੈ ਬੰਦਾ ਉਹੀ ਖਾਂਦਾ ਹੈ ਕਿਉਂਕਿ ਉਸ ਨੇ ਆਪਣੇ ਸਰੀਰ ਦੇ ਮੁਤਾਬਕ ਖਾਣੀ ਹੁੰਦੀ ਹੈ ।ਹੁਣ ਅਸੀਂ ਵਿਆਹ ਪ੍ਰੋਗਰਾਮਾਂ ਵਿੱਚ ਦੇਖਦੇ ਹਨ ਕਿ ਲੋਕ ਕਿਸ ਤਰ੍ਹਾਂ ਦਾਰੂ ਪੀਂਦੇ ਹਨ ।ਜਿਸ ਤਰ੍ਹਾਂ ਕਦੇ ਦੇਖੀ ਨਾ ਹੋਵੇ। ਫਿਰ ਬਾਅਦ ਵਿੱਚ ਉਲਟੀਆਂ ਕਰਦੇ ਹਨ।ਜੇ ਖਾਣੇ ਦੀ ਗੱਲ ਕਰੀਏ ਤਾਂ ਉਥੇ ਵੀ ਕਈ ਲੋਕ ਪਲੇਟਾਂ ਭਰ ਭਰ ਖਾਂਦੇ ਹਨ, ਚਾਹੇ ਉਹ ਸਾਡੇ ਸਰੀਰ ਨੂੰ ਨੁਕਸਾਨ ਹੀ ਕਰੇ ।ਕਿਉਂਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਜ਼ਿਆਦਾ ਮਸਾਲਿਆਂ ਦੀ ਵਰਤੋਂ ਹੁੰਦੀ ਹੈ। ਅਕਸਰ ਵਿਆਹ ਵਿਚ ਫਾਸਟਫੂਡ ਦਾ ਬਹੁਤ ਬੋਲਬਾਲਾ ਹੁੰਦਾ ਹੈ । ਤਰ੍ਹਾਂ ਤਰ੍ਹਾਂ ਦੇ ਚਾਈਨੀਜ਼ ਖਾਣੇ ਆਮ ਦੇਖਣ ਨੂੰ ਮਿਲਦੇ ਹਨ। ਬੱਚੇ ਅੱਜ ਕੱਲ ਦੇ ਚਾਈਨੀਜ਼ ਫੂਡ ਨੂੰ ਬਹੁਤ ਪਸੰਦ ਕਰਦੇ ਹਨ। ਜੰਕ ਫੂਡ ਨੂੰ ਬਹੁਤ ਖੁਸ਼ੀ ਨਾਲ ਖਾਂਦੇ ਹਨ। ਪਰ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਖਾਣੇ ਖਾਣ ਨਾਲ ਸਾਡਾ ਪਾਚਨ ਕਿਰਿਆ ਖ਼ਰਾਬ ਹੋ ਜਾਂਦੀ ਹੈ। ਅਕਸਰ ਜੋ ਨੂਡਲਸ ਹੁੰਦੇ ਹਨ ,ਉਹ ਮੈਦੇ ਦੇ ਬਣੇ ਹੁੰਦੇ ਹਨ। ਮੈਦਾ ਜਲਦੀ ਹਜ਼ਮ ਨਹੀਂ ਹੁੰਦਾ। ਸਾਡਾ ਪੇਟ ਜਲਦੀ ਖਰਾਬ ਹੋ ਜਾਂਦਾ ਹੈ।ਅਕਸਰ ਕਈ ਵਾਰ ਸਾਡੇ ਦੋਸਤ ਮਿੱਤਰ ਕਹਿ ਦਿੰਦੇ ਹਨ ਕਿ ਯਾਰ ਤੂੰ ਵੀ ਖਾ ਲੈ। ਅਸੀਂ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਕੇ ਖਾ ਲੈਂਦੇ ਹਨ। ਫਿਰ ਬਾਅਦ ਵਿੱਚ ਉਹ ਚੀਜ਼ ਸਾਨੂੰ ਨੁਕਸਾਨ ਕਰਦੀ ਹੈ। ਠੀਕ ਹੈ ਵਿਆਹ ਪ੍ਰੋਗਰਾਮਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਭੋਜਨ ਤਿਆਰ ਕੀਤੇ ਜਾਂਦੇ ਹਨ, ਪਰ ਉਹੀ ਖਾਣਾ ਚਾਹੀਦਾ ਹੈ ਜੋ ਸਾਡੇ ਸਰੀਰ ਨੂੰ ਮਾਫ਼ਕ ਹੋਵੇ। ਕਈ ਵਾਰ ਅਸੀਂ ਦੂਜੇ ਦੀ ਗੱਲਾਂ ਵਿਚ ਆ ਕੇ ਬਹੁਤ ਕੁਝ ਖਾ ਜਾਂਦੇ ਹਨ ।ਸੋ ਸਰੀਰ ਦਾ ਸਾਡਾ ਹੀ ਹੈ ।ਸੋ ਕਿਸੇ ਨੇ ਸਹੀ ਹੀ ਕਿਹਾ ਹੈ ਕਿ ਇਲਾਜ ਨਾਲੋਂ ਪਰਹੇਜ਼ ਚੰਗਾ ਹੁੰਦਾ ਹੈ ।ਸੋ ਸਾਨੂੰ ਪਹਿਰਾਵਾ ਤੇ ਖਾਣਾ ਸਮਾਜ ਦੇ ਮੁਤਾਬਕ ਹੀ ਖਾਣਾ ਚਾਹੀਦਾ ਹੈ ।

## ਸੰਪਾਦਕੀ

### ਪੁਰਾਣੇ ਫ਼ੌਜੀ ਜਹਾਜ਼ਾਂ ਨੂੰ ਉਡਾਉਣ ਦੇ ਜੋਖ਼ਮਾਂ ਨੂੰ ਇੱਕ ਵਾਰ ਫਿਰ ਸਾਹਮਣੇ ਲਿਆ ਖੜ੍ਹਾ ਕੀਤਾ

ਬੀਤੇ ਦਿਨੀ ਆਸਾਮ ਵਿੱਚ ਏ ਐੱਨ-32 ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਭਾਰਤੀ ਹਵਾਈ ਸੈਨਾ ਦੇ ਪੰਜ ਜਵਾਨਾਂ ਦੀ ਸ਼ਹੀਦੀ ਨੇ ਖ਼ਤਰਨਾਕ ਹਾਲਾਤ ਵਿੱਚ ਪੁਰਾਣੇ ਫ਼ੌਜੀ ਜਹਾਜ਼ਾਂ ਨੂੰ ਉਡਾਉਣ ਦੇ ਜੋਖ਼ਮਾਂ ਨੂੰ ਇੱਕ ਵਾਰ ਫਿਰ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਅਜਿਹੇ ਸਮੇਂ ਵਿੱਚ ਨਵੇਂ ਜਹਾਜ਼ਾਂ ਦੀ ਖਰੀਦ ਵਿੱਚ ਹੋ ਰਹੀ ਦੇਰੀ ਅਤੇ ਸਰਕਾਰੀ ਸੁਸਤੀ ਵਰਗੇ ਕਾਰਨਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸੋਵੀਅਤ ਦੌਰ ਦਾ ਇਹ ਦੋ ਇੰਜਣ ਵਾਲਾ ਮਾਲਵਾਹਕ ਜਹਾਜ਼ (ਏ ਐੱਨ-32) ਦਹਾਕਿਆਂ ਤੋਂ ਭਾਰਤੀ ਹਵਾਈ ਸੈਨਾ ਦਾ ਇੱਕ ਭਰੋਸੇਮੰਦ ਸਾਥੀ ਰਿਹਾ ਹੈ, ਖ਼ਾਸ ਕਰਕੇ ਦੂਰ-ਦੁਰਾਡੇ ਦੇ ਪਹਾੜੀ ਅਤੇ ਉੱਚੇ ਇਲਾਕਿਆਂ ਵਿੱਚ ਇਸ ਨੇ ਚੰਗੀਆਂ ਸੇਵਾਵਾਂ ਨਿਭਾਈਆਂ ਹਨ। ਪਰ ਹੁਣ ਇਸ ਦੀ ਵਧਦੀ ਉਮਰ ਹੀ ਇਸ ਦੀ ਸਭ ਤੋਂ ਵੱਡੀ ਕਮਜ਼ੋਰੀ ਬਣ ਚੁੱਕੀ ਹੈ। ਪਿਛਲੇ ਸਾਲਾਂ ਦੌਰਾਨ ਹੋਏ ਹਾਦਸੇ ਖ਼ਾਸ ਕਰਕੇ 2009, 2016 ਅਤੇ 2019 ਦੇ ਹਾਦਸੇ ਸਾਫ਼ ਤੌਰ 'ਤੇ ਇੱਕ ਖ਼ਤਰੇ ਦੀ ਘੰਟੀ ਹਨ। ਹਾਦਸੇ ਦੇ ਬਣੇ ਹਾਲਾਤ ਜਿਵੇਂ ਉਤਰਦੇ ਸਮੇਂ ਜਹਾਜ਼ ਤੋਂ ਕੰਟਰੋਲ ਗੁਆਉਣਾ ਤੇ ਉਸ ਤੋਂ ਬਾਅਦ ਲੱਗੀ ਅੱਗ ਦੀ ਜਾਂਚ ਤਾਂ ਕੋਰਟ ਆਫ਼ ਇਨਕੁਆਇਰੀ ਵੱਲੋਂ ਕੀਤੀ ਹੀ ਜਾਵੇਗੀ, ਪਰ ਸਿਰਫ਼ ਇੱਕ ਤਕਨੀਕੀ ਜਾਂਚ ਇਸ ਵੱਡੇ ਸਵਾਲ ਦਾ ਜਵਾਬ ਨਹੀਂ ਦੇ ਸਕਦੀ ਕਿ 1980 ਦੇ ਦਹਾਕੇ ਦੇ ਵਿਚਕਾਰ ਫ਼ੌਜ ਵਿੱਚ ਸ਼ਾਮਲ ਕੀਤੇ ਗਏ ਇਹ ਜਹਾਜ਼ ਚਾਰ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਇੰਨੇ ਮਹੱਤਵਪੂਰਨ ਅਤੇ ਜੋਖ਼ਮ ਭਰੇ ਕੰਮਾਂ ਲਈ ਕਿਉਂ ਵਰਤੇ ਜਾ ਰਹੇ ਹਨ। ਮੀਡੀਅਮ ਟ੍ਰਾਂਸਪੋਰਟ ਏਅਰਕ੍ਰਾਫਟ ਦੇ ਜਿਸ ਪ੍ਰੋਗਰਾਮ ਦਾ ਲੰਮੇ ਸਮੇਂ ਤੋਂ ਵਾਅਦਾ ਕੀਤਾ ਜਾ ਰਿਹਾ ਸੀ, ਉਹ ਕਦੇ ਬਦਲਦੀਆਂ ਤਜਵੀਜ਼ਾਂ, ਕਦੇ ਕੌਮਾਂਤਰੀ ਭਾਈਵਾਲੀਆਂ ਅਤੇ ਕਦੇ ਸਰਕਾਰੀ ਕਾਗਜ਼ੀ ਕਾਰਵਾਈਆਂ ਦੇ ਗੇੜ ਵਿੱਚ ਫਸ ਕੇ ਬਹੁਤ ਹੌਲੀ ਚੱਲ ਰਿਹਾ ਹੈ। ਨਤੀਜਾ ਇਹ ਹੈ ਕਿ ਹਵਾਈ ਸੈਨਾ ਨੂੰ ਪੁਰਾਣੇ ਜਹਾਜ਼ਾਂ ਨੂੰ ਪੂਰੀ ਤਰ੍ਹਾਂ ਬਦਲਣ ਦੀ ਬਜਾਏ ਉਨ੍ਹਾਂ ਵਿੱਚ ਹੀ ਥੋੜ੍ਹਾ-ਬਹੁਤ ਸੁਧਾਰ ਕਰ ਕੇ ਕੰਮ ਚਲਾਉਣਾ ਪੈ ਰਿਹਾ ਹੈ। ਇੰਝ ਲੱਗਦਾ ਹੈ ਜਿਵੇਂ ਮਿੱਗ-21 ਲੜਾਕੂ ਜਹਾਜ਼ਾਂ ਨਾਲ ਹੋਏ ਹਾਦਸਿਆਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ, ਜਿਸ ਨੂੰ ਛੇ ਦਹਾਕਿਆਂ ਦੀ ਲੰਮੀ ਸੇਵਾ ਤੋਂ ਬਾਅਦ ਆਖਰਕਾਰ ਪਿਛਲੇ ਸਾਲ ਹੀ ਫ਼ੌਜ ਵਿੱਚੋਂ ਬਾਹਰ ਕੀਤਾ ਗਿਆ ਹੈ।ਕਾਰਜਕਾਰੀ ਲੋੜਾਂ ਅਤੇ ਖਰੀਦੋ-ਫਰੋਖ਼ਤ ਵਿਚਾਲੇ ਪਿਆ ਪਾੜਾ ਸਾਫ਼ ਨਜ਼ਰ ਆ ਰਿਹਾ ਹੈ। ਫ਼ੌਜੀਆਂ ਦੀ ਆਵਾਜਾਈ, ਆਫ਼ਤ ਪ੍ਰਬੰਧਨ ਅਤੇ ਸਰਹੱਦੀ ਰਸਦ-ਪਾਣੀ ਪਹੁੰਚਾਉਣ ਲਈ ਮਾਲਵਾਹਕ ਜਹਾਜ਼ ਰੀੜ੍ਹ ਦੀ ਹੱਡੀ ਹਨ। ਭਾਰਤੀ ਹਵਾਈ ਫ਼ੌਜ ਦੁਨੀਆ ਦੇ ਸਭ ਤੋਂ ਚੁਣੌਤੀਪੂਰਨ ਇਲਾਕਿਆਂ ਵਿੱਚ ਉਡਾਣਾਂ ਭਰਦੀ ਹੈ। ਅਜਿਹੇ ਹਾਲਾਤ ਵਿੱਚ ਸੁਰੱਖਿਆ ਅਤੇ ਮਜ਼ਬੂਤੀ ਸਿਰਫ਼ ਆਧੁਨਿਕ ਅਤੇ ਭਰੋਸੇਮੰਦ ਜਹਾਜ਼ਾਂ ਨਾਲ ਹੀ ਸੰਭਵ ਹੈ। ਹਰ ਹਾਦਸਾ ਫ਼ੌਜ ਦੀ ਤਿਆਰੀ ਅਤੇ ਹੌਸਲੇ ਨੂੰ ਸੱਟ ਮਾਰਦਾ ਹੈ। ਇਸ ਲਈ ਹਵਾਈ ਫ਼ੌਜ ਦੇ ਨਵੀਨੀਕਰਨ ਲਈ ਤੁਰੰਤ ਫ਼ੈਸਲੇ ਲੈਣੇ ਬੇਹੱਦ ਜ਼ਰੂਰੀ ਹਨ। ਏ ਐੱਨ-32 ਜਹਾਜ਼ਾਂ ਨੇ ਲੰਮਾ ਸਮਾਂ ਬੜੀ ਸ਼ਾਨ ਨਾਲ ਦੇਸ਼ ਦੀ ਸੇਵਾ ਕੀਤੀ ਹੈ। ਪਰ ਹੁਣ ਵੱਡਾ ਸਵਾਲ ਇਹ ਹੈ ਕਿ ਇਸ ਦੀ ਥਾਂ ਲੈਣ ਵਾਲਾ ਨਵਾਂ ਜਹਾਜ਼ ਕਿੰਨੀ ਜਲਦੀ ਅਤੇ ਕਿੰਨੀ ਸੁਰੱਖਿਆ ਨਾਲ ਸੇਵਾ ਨਿਭਾਏਗਾ।

# ਏ ਆਈ 'ਤੇ ਕਾਰਪੋਰੇਟ ਏਕਾਧਿਕਾਰ ਤੇ ਡਿਜੀਟਲ ਗ਼ੁਲਾਮੀ

**ਹਰਸ਼ਵਿੰਦਰ**

ਅਜੋਕੇ ਸੰਸਾਰ ਵਿੱਚ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ ਨਾਮਵਰ ਤਕਨੀਕੀ ਕੰਪਨੀਆਂ ਅਜਿਹੀ ਸ਼ਕਤੀ ਬਣ ਚੁੱਕੀਆਂ ਹਨ, ਜੋ ਸਾਡੇ ਰੋਜ਼ਮੱਰ੍ਹਾ ਦੇ ਕੰਮਕਾਜ ਤੋਂ ਲੈ ਕੇ ਰਾਜਨੀਤੀ ਅਤੇ ਕੌਮਾਂਤਰੀ ਸਬੰਧਾਂ ਤੱਕ ਹਰ ਖੇਤਰ 'ਤੇ ਡੂੰਘਾ ਪ੍ਰਭਾਵ ਪਾ ਰਹੀਆਂ ਹਨ। ਫੋਨ 'ਤੇ ਵੀਡੀਓ ਸੁਝਾਅ ਦੇਣ ਤੋਂ ਲੈ ਕੇ ਡਾਕਟਰੀ ਤੇ ਕਾਨੂੰਨੀ ਸਲਾਹਾਂ ਅਤੇ ਯੁੱਧ ਨੀਤੀ ਤੱਕ, ਹਰ ਥਾਂ ਏ ਆਈ ਆਪਣੀ ਮੌਜੂਦਗੀ ਦਰਜ ਕਰਵਾ ਰਹੀ ਹੈ। ਬੇਸ਼ੱਕ, ਇਸ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਇਆ ਹੈ, ਪਰ ਇਸ ਦੇ ਨਾਲ ਇੱਕ ਗੰਭੀਰ ਸਵਾਲ ਵੀ ਖੜ੍ਹਾ ਹੁੰਦਾ ਹੈ ਕਿ ਕੀ ਇਹ ਤਕਨੀਕ ਆਮ ਲੋਕਾਂ ਦੇ ਭਲੇ ਲਈ ਹੈ ਜਾਂ ਫਿਰ ਕੁਝ ਕੰਪਨੀਆਂ ਅਤੇ ਤਾਕਤਵਰ ਮੁਲਕਾਂ ਲਈ ਮੁਨਾਫ਼ਾ ਕਮਾਉਣ ਦਾ ਸਾਧਨ ਮਾਤਰ ਹੈ ? ਸ਼ਕਤੀ ਦੇ ਇਸ ਕੇਂਦਰੀਕਰਨ ਨੇ ਦੁਨੀਆ ਭਰ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ, ਜਿਸ ਨਾਲ ਸਿਆਸੀ ਅਤੇ ਆਰਥਿਕ ਚਿੰਤਾਵਾਂ ਲਗਾਤਾਰ ਵਧ ਰਹੀਆਂ ਹਨ।

ਇਸੇ ਚਰਚਾ ਦੇ ਚੱਲਦਿਆਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਜਨਵਰੀ 2025 ਵਿੱਚ ਆਪਣੇ ਵਿਦਾਇਗੀ ਭਾਸ਼ਣ ਦੌਰਾਨ ਇੱਕ ਮਹੱਤਵਪੂਰਨ ਚਿਤਾਵਨੀ ਦਿੱਤੀ ਸੀ। ਉਨ੍ਹਾਂ ਨੇ ਅਮਰੀਕਾ ਨੂੰ ਇੱਕ ਨਵੇਂ ਖ਼ਤਰੇ ਤੋਂ ਜਾਣੂ ਕਰਵਾਇਆ, ਇੱਕ ਅਜਿਹਾ ਉੱਭਰਦਾ 'ਟੈੱਕ-ਉਦਯੋਗਿਕ ਕੰਪਲੈਕਸ' ਜੋ ਲੋਕਤੰਤਰ ਲਈ ਗੰਭੀਰ ਚੁਣੌਤੀ ਬਣ ਰਿਹਾ ਹੈ। ਇਹ ਚਿਤਾਵਨੀ ਸਾਲ 1961 ਵਿੱਚ ਰਾਸ਼ਟਰਪਤੀ ਡੀ ਡੀ ਆਈਜ਼ਨਹਾਵਰ ਵੱਲੋਂ 'ਫ਼ੌਜੀ-ਉਦਯੋਗਿਕ ਕੰਪਲੈਕਸ' ਬਾਰੇ ਦਿੱਤੀ ਗਈ ਇਤਿਹਾਸਕ ਚਿਤਾਵਨੀ ਨਾਲ ਮੇਲ ਖਾਂਦੀ ਹੈ। ਬਾਇਡਨ ਅਨੁਸਾਰ, ਟੈੱਕ ਅਰਬਪਤੀਆਂ ਅਤੇ ਵਿਸ਼ਾਲ ਤਕਨੀਕੀ ਕੰਪਨੀਆਂ ਦੇ ਹੱਥਾਂ ਵਿੱਚ ਦੌਲਤ ਅਤੇ ਤਾਕਤ ਦਾ ਇਕੱਠਾ ਹੋਣਾ ਖ਼ਤਰਨਾਕ ਰੂਪ ਅਖ਼ਤਿਆਰ ਕਰ ਰਿਹਾ ਹੈ, ਜੋ ਲੋਕਾਂ ਦੇ ਬੁਨਿਆਦੀ ਹੱਕਾਂ ਅਤੇ ਬਰਾਬਰ ਦੇ ਮੌਕਿਆਂ ਨੂੰ ਢਾਹ ਲਾ ਸਕਦਾ ਹੈ। ਸੋਸ਼ਲ ਮੀਡੀਆ ਰਾਹੀਂ ਫੈਲ ਰਹੀਆਂ ਗ਼ਲਤ ਖ਼ਬਰਾਂ, ਬੱਚਿਆਂ ਤੇ ਪਰਿਵਾਰਾਂ 'ਤੇ ਪੈਂਦੇ ਇਸ ਦੇ ਮਾੜੇ ਪ੍ਰਭਾਵਾਂ ਅਤੇ ਮਸਨੂਈ ਬੁੱਧੀ ਨੂੰ ਆਪਣੇ ਦੌਰ ਦੀ ਸਭ ਤੋਂ ਵੱਡੀ ਚੁਣੌਤੀ ਮੰਨਦਿਆਂ ਬਾਇਡਨ ਨੇ ਇਸ ਨੂੰ ਸਮਾਜ ਅਤੇ ਆਰਥਿਕਤਾ ਲਈ ਵੱਡਾ ਖ਼ਤਰਾ ਦੱਸਿਆ। ਇਹ ਚਿੰਤਾ ਉਸ ਵੇਲੇ ਹੋਰ ਵੀ ਪ੍ਰਸੰਗਿਕ ਹੋ ਜਾਂਦੀ ਹੈ ਜਦੋਂ ਮੌਜੂਦਾ ਟਰੰਪ ਪ੍ਰਸ਼ਾਸਨ ਵਿੱਚ ਐਲਨ ਮਸਕ ਵਰਗੇ ਤਕਨੀਕੀ ਜਗਤ ਦੇ ਮੋਹਰੀਆਂ ਦਾ ਪ੍ਰਭਾਵ ਸਪੱਸ਼ਟ ਨਜ਼ਰ ਆ ਰਿਹਾ ਹੈ।

ਸਿਲੀਕੌਨ ਵੈਲੀ ਦੀਆਂ ਦਿੱਗਜ ਕੰਪਨੀਆਂ ਜਿਵੇਂ ਕਿ ਗੂਗਲ, ਮੈਟਾ, ਐਮਾਜ਼ੋਨ, ਮਾਈਕਰੋਸੌਫਟ, ਐਪਲ ਅਤੇ ਓਪਨਏਆਈ ਅੱਜ ਵਿਸ਼ਵ ਸਿਆਸਤ ਅਤੇ ਆਰਥਿਕਤਾ 'ਤੇ ਉਸੇ ਤਰ੍ਹਾਂ ਹਾਵੀ ਹਨ, ਜਿਵੇਂ ਕਿਸੇ ਵੇਲੇ ਤੇਲ, ਆਟੋਮੋਬਾਈਲ ਅਤੇ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਹੁੰਦੀਆਂ ਸਨ। ਫ਼ਰਕ ਸਿਰਫ਼ ਇੰਨਾ ਹੈ ਕਿ ਹੁਣ ਰਵਾਇਤੀ ਹਥਿਆਰਾਂ ਦੀ ਥਾਂ ਡੇਟਾ, ਐਲਗੋਰਿਦਮ ਅਤੇ ਕਲਾਊਡ ਸੇਵਾਵਾਂ ਨੇ ਲੈ ਲਈ ਹੈ। ਇਹ ਕੰਪਨੀਆਂ ਸਾਡੀ ਰੋਜ਼ਾਨਾ ਜੀਵਨ ਸ਼ੈਲੀ ਤੋਂ ਲੈ ਕੇ ਸਾਡੀਆਂ ਨਿੱਜੀ ਭਾਵਨਾਵਾਂ ਤੱਕ ਹਰ ਗਤੀਵਿਧੀ 'ਤੇ ਨਜ਼ਰ ਰੱਖ ਰਹੀਆਂ ਹਨ। ਸਾਡੇ ਕਲਿੱਕਾਂ, ਲਾਈਕਾਂ ਅਤੇ ਆਪਸੀ ਗੱਲਬਾਤ ਤੋਂ ਡੇਟਾ ਇਕੱਠਾ ਕਰਕੇ ਇਹ ਕੰਪਨੀਆਂ ਆਪਣੇ ਏ ਆਈ ਮਾਡਲਾਂ ਨੂੰ ਸਿੱਖਿਅਤ ਕਰਦੀਆਂ ਅਤੇ ਇਸੇ ਤੋਂ ਅੰਨ੍ਹਾ ਮੁਨਾਫ਼ਾ ਕਮਾਉਂਦੀਆਂ ਹਨ।

ਇਸ ਪ੍ਰਕਿਰਿਆ ਨੇ ਪੁਰਾਣੇ ਫ਼ੌਜੀ-ਉਦਯੋਗਿਕ ਗੱਠਜੋੜ ਨੂੰ ਤਕਨਾਲੋਜੀ ਨਾਲ ਜੋੜ ਕੇ ਨਵਾਂ ਵਿਕਰਾਲ ਰੂਪ ਦੇ ਦਿੱਤਾ ਹੈ। ਮਿਸਾਲ ਵਜੋਂ, ਮਸਨੂਈ ਬੁੱਧੀ ਦਾ ਜਿਹੜਾ ਮਾਡਲ ਤੁਹਾਨੂੰ ਔਨਲਾਈਨ ਖ਼ਰੀਦਦਾਰੀ ਦੇ ਸੁਝਾਅ ਦਿੰਦਾ ਹੈ, ਉਹੀ ਮਾਡਲ ਫ਼ੌਜ ਲਈ ਡਰੋਨਾਂ ਰਾਹੀਂ ਦੁਸ਼ਮਣ ਦੇ ਨਿਸ਼ਾਨੇ ਤੈਅ ਕਰਨ ਵਿੱਚ ਵੀ ਮਦਦ ਕਰ ਰਿਹਾ ਹੈ। ਅਮਰੀਕਾ ਵਿੱਚ 'ਪੈਲੈਂਟੀਰ' ਅਤੇ 'ਗੂਗਲ' ਵਰਗੀਆਂ ਕੰਪਨੀਆਂ ਰੱਖਿਆ ਵਿਭਾਗ ਨਾਲ ਵੱਡੇ ਸਮਝੌਤੇ ਕਰ ਰਹੀਆਂ ਹਨ ਜਦੋਂਕਿ ਦੂਜੇ ਪਾਸੇ ਚੀਨ ਵੀ ਆਪਣੀ ਏ ਆਈ ਤਕਨਾਲੋਜੀ ਦੀ ਵਰਤੋਂ ਰਾਜਨੀਤਿਕ ਨਿਗਰਾਨੀ ਅਤੇ ਫ਼ੌਜੀ ਉਦੇਸ਼ਾਂ ਲਈ ਬੜੀ ਤੇਜ਼ੀ ਨਾਲ ਕਰ ਰਿਹਾ ਹੈ। ਇਸ ਤਰ੍ਹਾਂ ਤਕਨਾਲੋਜੀ ਭੂ-ਸਿਆਸੀ ਮੈਦਾਨ ਵਿੱਚ ਫ਼ੈਸਲਾਕੁਨ ਭੂਮਿਕਾ ਨਿਭਾਉਣ ਲੱਗੀ ਹੈ, ਜੋ ਅਮਰੀਕਾ-ਚੀਨ ਦਰਮਿਆਨ ਆਧੁਨਿਕ ਤਕਨੀਕੀ ਜੰਗ ਦਾ ਮੁੱਖ ਧੁਰਾ ਬਣ ਚੁੱਕੀ ਹੈ।

ਕਿਰਤ ਦਾ ਸੰਕਲਪ ਹੁਣ ਰਵਾਇਤੀ ਸਰੀਰਕ ਮੁਸ਼ੱਕਤ ਦੇ ਦਾਇਰੇ ਤੋਂ ਨਿਕਲ ਕੇ ਜਟਿਲ ਡਿਜੀਟਲ ਪ੍ਰਬੰਧ ਵਿੱਚ ਤਬਦੀਲ ਹੋ ਚੁੱਕਾ ਹੈ। ਭਾਵੇਂ ਖੇਤੀਬਾੜੀ, ਉਸਾਰੀ ਅਤੇ ਲੌਜਿਸਟਿਕਸ ਵਰਗੇ ਖੇਤਰਾਂ ਵਿੱਚ ਮਨੁੱਖੀ ਮਿਹਨਤ ਅੱਜ ਵੀ ਬੁਨਿਆਦ ਹੈ, ਪਰ ਹੁਣ ਇਸ ਦੀ ਗਤੀ ਅਤੇ ਦਿਸ਼ਾ ਐਲਗੋਰਿਦਮ ਤੈਅ ਕਰਦੇ ਹਨ। ਅੱਜ ਦਾ ਮਜ਼ਦੂਰ ਸਿਰਫ਼ ਪਸੀਨਾ ਹੀ ਨਹੀਂ ਵਹਾਉਂਦਾ ਸਗੋਂ ਆਪਣੇ ਹਰ ਕਦਮ ਨਾਲ 'ਡੇਟਾ' ਪੈਦਾ ਕਰਦਾ ਹੈ, ਜੋ ਕੰਪਨੀਆਂ ਦੇ ਮੁਨਾਫ਼ੇ ਵਧਾਉਣ ਦਾ ਮੁੱਖ ਸੰਦ ਬਣਦਾ ਹੈ। ਡਿਜੀਟਲ ਯੁੱਗ ਨੇ ਸਰੀਰਕ ਕਿਰਤ ਨੂੰ ਖ਼ਤਮ ਨਹੀਂ ਕੀਤਾ, ਸਗੋਂ ਇਸ ਨੂੰ ਤਕਨੀਕੀ ਨਿਗਰਾਨੀ ਦੇ ਢਾਂਚੇ ਵਿੱਚ ਪਰੋ ਦਿੱਤਾ ਹੈ ਜਿੱਥੇ ਕੰਮ ਦੀ ਪ੍ਰਕਿਰਤੀ ਅਤੇ ਮੁੱਲ ਦੋਵੇਂ ਬਦਲ ਗਏ ਹਨ। ਹੁਣ ਮਾਨਸਿਕ ਅਤੇ ਡਿਜੀਟਲ ਕਿਰਤ ਰਵਾਇਤੀ ਕੰਮਾਂ ਨੂੰ ਨਵੇਂ ਢੰਗ ਨਾਲ ਸੰਗਠਿਤ ਕਰ ਰਹੀ ਹੈ। ਲੋਕ ਆਪਣੇ ਗਿਆਨ, ਰਚਨਾਤਮਕਤਾ ਅਤੇ ਵਿਹਾਰ ਰਾਹੀਂ ਜੋ ਡੇਟਾ ਉਤਪੰਨ ਕਰਦੇ ਹਨ, ਕੰਪਨੀਆਂ ਉਸ ਦੀ ਵਰਤੋਂ ਆਪਣੀਆਂ ਮਸ਼ੀਨਾਂ ਨੂੰ ਸਿਖਾਉਣ ਲਈ ਕਰਦੀਆਂ ਹਨ। ਇਸ ਤਰ੍ਹਾਂ ਆਮ ਲੋਕਾਂ ਦਾ ਸਮਾਂ ਅਤੇ ਧਿਆਨ ਵੀ ਇੱਕ ਕਿਸਮ ਦੀ 'ਮੁਫ਼ਤ ਮਜ਼ਦੂਰੀ' ਬਣ ਗਿਆ ਹੈ, ਜਿਸ ਨਾਲ ਤਕਨੀਕੀ ਕੰਪਨੀਆਂ ਦੀ ਕਮਾਈ ਤਾਂ ਵਧ ਰਹੀ ਹੈ ਪਰ ਉਸ ਲਾਭ ਵਿੱਚ ਆਮ ਲੋਕਾਂ ਦਾ ਹਿੱਸਾ ਨਿਗੂਣਾ ਹੈ। ਨਤੀਜੇ ਵਜੋਂ, ਟੈੱਕ ਅਰਬਪਤੀਆਂ ਦੀ ਤਾਕਤ ਵਧ ਰਹੀ ਹੈ, ਪਰ 'ਗਿੱਗ ਇਕੌਨੌਮੀ' ਦੇ ਕਾਮੇ ਨਿਊਨਤਮ ਉਜਰਤਾਂ 'ਤੇ ਰਹਿ ਗਏ ਹਨ, ਜਿਸ ਨੇ ਵਰਗ-ਵੰਡ ਨੂੰ ਡੂੰਘੇਰਾ ਕਰ ਦਿੱਤਾ ਹੈ।

ਇਹ ਕੰਪਨੀਆਂ 'ਧਿਆਨ ਦੀ ਆਰਥਿਕਤਾ' ਰਾਹੀਂ ਲੋਕਾਂ ਦੀਆਂ ਰੁਚੀਆਂ, ਗੁੱਸੇ ਅਤੇ ਡਰ ਨੂੰ ਸਮਝ ਕੇ ਉਹੀ ਸਮੱਗਰੀ ਸਾਹਮਣੇ ਲਿਆਉਂਦੀਆਂ ਹਨ, ਜਿਸ ਨਾਲ ਯੂਜ਼ਰ ਪਲੇਟਫਾਰਮ ਉੱਤੇ ਵੱਧ ਤੋਂ ਵੱਧ ਸਮਾਂ ਬਿਤਾਵੇ। ਇਹ ਪ੍ਰਣਾਲੀ ਸਾਡੀਆਂ ਟਿੱਪਣੀਆਂ, ਸਿਆਸੀ ਰੁਝਾਨਾਂ ਅਤੇ ਖਪਤ ਦੀਆਂ ਆਦਤਾਂ ਨੂੰ ਪ੍ਰਭਾਵਿਤ ਕਰਦੀ ਹੈ। ਗ਼ਲਤ ਖ਼ਬਰਾਂ ਅਤੇ ਭਰਮ ਫੈਲਾਉਣ ਵਾਲੇ ਇਸ ਤੰਤਰ ਨੇ ਸਮਾਜਿਕ ਉਲਝਣ ਨੂੰ ਬਹੁਤ ਵਧਾ ਦਿੱਤਾ ਹੈ। ਦਰਅਸਲ, ਇਹ 'ਨਿਗਰਾਨੀ ਪੂੰਜੀਵਾਦ' ਦਾ ਉਹ ਰੂਪ ਹੈ ਜਿੱਥੇ ਮਨੁੱਖੀ ਨਿੱਜਤਾ 'ਤੇ ਇਸ ਕਦਰ ਡਾਕਾ ਮਾਰਿਆ ਜਾਂਦਾ ਹੈ ਕਿ ਤੁਹਾਡਾ ਹਰ ਛੋਟਾ ਕੰਮ ਡੇਟਾ ਬਣ ਕੇ ਉਨ੍ਹਾਂ ਦੇ ਮੁਨਾਫ਼ੇ ਦਾ ਸਾਧਨ ਬਣ ਜਾਂਦਾ ਹੈ।

ਆਲਮੀ ਪੱਧਰ 'ਤੇ ਵੀ ਇਸ ਦਾ ਅਸਰ ਸਪੱਸ਼ਟ ਹੈ। ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਤਕਨੀਕੀ ਕੰਪਨੀਆਂ 'ਮੁਫ਼ਤ ਇੰਟਰਨੈੱਟ' ਦੇ ਨਾਂ 'ਤੇ ਲੋਕਾਂ ਦਾ ਕੀਮਤੀ ਡੇਟਾ ਇਕੱਠਾ ਕਰਕੇ ਲਾਹਾ ਖੱਟ ਰਹੀਆਂ ਹਨ। ਇਹ ਇੱਕ ਤਰ੍ਹਾਂ ਦਾ ਡਿਜੀਟਲ ਬਸਤੀਵਾਦ ਹੈ, ਜਿਸ ਰਾਹੀਂ ਉਹ ਇਨ੍ਹਾਂ ਮੁਲਕਾਂ 'ਤੇ ਆਪਣਾ ਪ੍ਰਭਾਵ ਵਧਾ ਰਹੀਆਂ ਹਨ। ਖਾੜੀ ਦੇਸ਼ਾਂ ਅਤੇ ਇਰਾਨ ਵਰਗੀਆਂ ਥਾਵਾਂ ਉੱਤੇ ਏ ਆਈ ਨੂੰ ਨਿਗਰਾਨੀ ਕਰਨ ਅਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ, ਜਿਸ ਵਿੱਚ ਪੱਛਮੀ ਤਕਨੀਕੀ ਕੰਪਨੀਆਂ ਸਹਿਯੋਗ ਦੇ ਰਹੀਆਂ ਹਨ। ਮਿਸਾਲ ਵਜੋਂ 'ਸਟਾਰਲਿੰਕ' ਨੇ ਖ਼ੁਦ ਨੂੰ ਸਰਬਉੱਚ ਮੰਨ ਕੇ ਇਰਾਨ ਦੀ ਰਾਜਸੱਤਾ ਦੀ ਮਨਜ਼ੂਰੀ ਤੋਂ ਬਿਨਾਂ ਹੀ ਉੱਥੇ ਆਪਣੀਆਂ ਸੇਵਾਵਾਂ ਪਹੁੰਚਾਉਣ ਦਾ ਫ਼ੈਸਲਾ ਕੀਤਾ। ਜੇਕਰ ਇਸ ਅਸੀਮ ਅਤੇ ਅਥਾਹ ਸ਼ਕਤੀ ਉੱਤੇ ਸਿਰਫ਼ ਸਰਮਾਏਦਾਰ ਵਰਗ ਦਾ ਗ਼ਲਬਾ ਰਿਹਾ ਤਾਂ ਇਹ ਮਨੁੱਖਤਾ ਨੂੰ 'ਸਵੈ-ਇੱਛਤ ਡਿਜੀਟਲ ਗ਼ੁਲਾਮੀ' ਵੱਲ ਧੱਕ ਦੇਵੇਗੀ, ਜਿੱਥੇ ਲੋਕ ਬਿਨਾਂ ਕਿਸੇ ਜਬਰ ਦੇ ਖ਼ੁਦ ਐਲਗੋਰਿਦਮਾਂ ਦੇ ਅਧੀਨ ਹੋਣਾ ਪ੍ਰਵਾਨ ਕਰ ਲੈਣਗੇ। ਅਜਿਹੀ ਸਥਿਤੀ ਵਿੱਚ ਮਨੁੱਖ ਦੀ ਮੌਲਿਕ ਸੋਚ, ਸਿਰਜਣਾਤਮਕਤਾ ਅਤੇ ਆਜ਼ਾਦ ਚੇਤਨਾ ਹੌਲੀ-ਹੌਲੀ ਦਮ ਤੋੜ ਦੇਵੇਗੀ। ਇਸ ਗੰਭੀਰ ਚੁਣੌਤੀ ਦਾ ਅਸਲ ਸਥਾਈ ਹੱਲ ਇਹ ਹੈ ਕਿ ਮਸਨੂਈ ਬੁੱਧੀ, ਡੇਟਾ ਪ੍ਰਣਾਲੀ ਅਤੇ ਇਨ੍ਹਾਂ ਵਿਸ਼ਾਲ ਬਹੁ-ਕੌਮੀ ਤਕਨੀਕੀ ਕੰਪਨੀਆਂ ਨੂੰ ਨਿੱਜੀ ਮਲਕੀਅਤ ਦੇ ਸ਼ਿਕੰਜੇ ਵਿੱਚੋਂ ਮੁਕਤ ਕਰਵਾ ਕੇ ਜਨਤਕ ਅਤੇ ਸਾਂਝੀ ਮਲਕੀਅਤ ਅਧੀਨ ਲਿਆਂਦਾ ਜਾਵੇ।

ਭੂ-ਸਿਆਸੀ ਪੱਧਰ 'ਤੇ ਵੀ ਇਸ ਸ਼ਕਤੀ ਦਾ ਵਿਕੇਂਦਰੀਕਰਨ ਅਤੇ ਨਿਆਂਪੂਰਨ ਵੰਡ ਹੋਣੀ ਬੇਹੱਦ ਲਾਜ਼ਮੀ ਹੈ। ਅਜੋਕੇ ਦੌਰ ਵਿੱਚ ਕੁਝ ਮੁਲਕਾਂ ਅਤੇ ਕਾਰਪੋਰੇਟ ਘਰਾਣਿਆਂ ਨੇ ਇਸ ਤਕਨਾਲੋਜੀ 'ਤੇ ਆਪਣਾ ਏਕਾਧਿਕਾਰ ਜਮਾਇਆ ਹੋਇਆ ਹੈ, ਜੋ ਵਿਸ਼ਵ ਸ਼ਾਂਤੀ ਅਤੇ ਜਮਹੂਰੀਅਤ ਲਈ ਵੱਡਾ ਖ਼ਤਰਾ ਹੈ। ਜਦੋਂ ਤੱਕ ਮਸਨੂਈ ਬੁੱਧੀ ਦੀ ਲਗਾਮ ਕੁਝ ਤਾਕਤਵਰ ਹੱਥਾਂ ਵਿੱਚ ਰਹੇਗੀ, ਉਦੋਂ ਤੱਕ ਇਸ ਦੀ ਵਰਤੋਂ ਜੰਗਾਂ, ਨਿਗਰਾਨੀ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਹੁੰਦੀ ਰਹੇਗੀ। ਅਜਿਹਾ ਕਰਕੇ ਹੀ ਮਸਨੂਈ ਬੁੱਧੀ ਨੂੰ ਨਵੇਂ ਸਾਮਰਾਜਵਾਦੀ ਹਥਿਆਰ ਵਜੋਂ ਵਰਤੇ ਜਾਣ ਤੋਂ ਰੋਕਿਆ ਅਤੇ ਮਨੁੱਖੀ ਆਜ਼ਾਦੀ, ਬਰਾਬਰੀ ਤੇ ਮੁਕਤੀ ਦਾ ਸੱਚਾ ਵਸੀਲਾ ਬਣਾਇਆ ਜਾ ਸਕਦਾ ਹੈ। ਅਜਿਹੇ ਨਿਆਂਸ਼ੀਲ, ਚੇਤੰਨ ਅਤੇ ਸੁਰੱਖਿਅਤ ਭਵਿੱਖ ਦੀ ਸਿਰਜਣਾ ਲਈ ਅੱਜ ਵਿਸ਼ਵ ਭਰ ਦੇ ਲੋਕਾਂ ਨੂੰ ਇੱਕਜੁੱਟ ਹੋ ਕੇ ਇਸ ਨਵੀਂ ਡਿਜੀਟਲ ਚੁਣੌਤੀ ਖ਼ਿਲਾਫ਼ ਇੱਕ ਵਿਆਪਕ ਆਵਾਜ਼ ਬੁਲੰਦ ਕਰਨੀ ਪਵੇਗੀ। ਸਮਾਂ ਆ ਗਿਆ ਹੈ ਕਿ ਤਕਨਾਲੋਜੀ ਦੇ ਵਿਕਾਸ ਨੂੰ ਮੁੱਠੀ ਭਰ ਮੁਨਾਫ਼ਾਖ਼ੋਰਾਂ ਦੀਆਂ ਤਿਜੋਰੀਆਂ ਭਰਨ ਦਾ ਸਾਧਨ ਬਣਨ ਤੋਂ ਰੋਕਿਆ ਜਾਵੇ ਅਤੇ ਇਸ ਦਾ ਰੁਖ਼ ਸਮੁੱਚੀ ਲੋਕਾਈ ਦੇ ਭਲੇ ਤੇ ਇੱਕ ਸੁਖਾਵੇਂ ਸੰਸਾਰ ਦੀ ਸਿਰਜਣਾ ਵੱਲ ਮੋੜਿਆ ਜਾਵੇ।

ਇੱਕ ਹੈਰਾਨਕੁਨ ਤੱਥ ਇਹ ਹੈ ਕਿ ਮਹਿਜ਼ ਗੂਗਲ, ਮੈਟਾ ਅਤੇ ਐਮਾਜ਼ੋਨ ਵਰਗੀਆਂ ਤਿੰਨ ਵੱਡੀਆਂ ਕੰਪਨੀਆਂ ਅੱਜ ਦੁਨੀਆ ਭਰ ਦੇ ਲਗਪਗ 8 ਅਰਬ ਲੋਕਾਂ ਦੀ ਰੋਜ਼ਾਨਾ ਡਿਜੀਟਲ ਗਤੀਵਿਧੀ 'ਤੇ ਨਜ਼ਰ ਰੱਖ ਰਹੀਆਂ ਹਨ। ਇਸ ਡੇਟਾ ਦੇ ਸਿਰ 'ਤੇ ਇਹ ਕੰਪਨੀਆਂ ਹਰ ਸਾਲ ਲੱਖਾਂ-ਕਰੋੜਾਂ ਡਾਲਰਾਂ ਦਾ ਮੁਨਾਫ਼ਾ ਕਮਾਉਂਦੀਆਂ ਹਨ ਜਦੋਂਕਿ ਇਸ ਡੇਟਾ ਨੂੰ ਪੈਦਾ ਕਰਨ ਵਾਲੇ ਅਰਬਾਂ ਲੋਕਾਂ ਨੂੰ ਬਦਲੇ ਵਿੱਚ ਇੱਕ ਧੇਲਾ ਵੀ ਹਾਸਲ ਨਹੀਂ ਹੁੰਦਾ। ਮੌਜੂਦਾ ਦੌਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਜੰਗ ਅਤੇ ਹਥਿਆਰਾਂ ਵਜੋਂ ਵਰਤੋਂ ਸਭ ਤੋਂ ਵੱਡਾ ਖ਼ਤਰਾ ਬਣ ਕੇ ਉੱਭਰੀ ਹੈ। ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਵਿੱਚ ਵਰਤੀ ਗਈ 'ਲੈਵੈਂਡਰ' ਪ੍ਰਣਾਲੀ ਵਰਗੀਆਂ ਤਕਨੀਕਾਂ ਮਨੁੱਖੀ ਦਖ਼ਲ ਤੋਂ ਬਿਨਾਂ ਹੀ ਖ਼ੁਦਮੁਖ਼ਤਿਆਰ ਤਰੀਕੇ ਨਾਲ ਨਿਸ਼ਾਨੇ ਚੁਣ ਰਹੀਆਂ ਹਨ। 'ਲੈਵੈਂਡਰ' ਅਸਲ ਵਿੱਚ ਏ ਆਈ ਆਧਾਰਿਤ ਨਿਸ਼ਾਨਾਬੰਦੀ ਪ੍ਰਣਾਲੀ ਹੈ, ਜਿਸ ਨੂੰ ਇਜ਼ਰਾਈਲੀ ਫ਼ੌਜ ਦੀ ਨਿਪੁੰਨ ਖ਼ੁਫ਼ੀਆ ਇਕਾਈ 'ਯੂਨਿਟ 8200' ਨੇ ਵਿਕਸਿਤ ਕੀਤਾ ਹੈ। ਇਹ ਪ੍ਰਣਾਲੀ ਵੱਡੇ ਪੱਧਰ 'ਤੇ ਉਪਲਬਧ ਨਿਗਰਾਨੀ ਡੇਟਾ ਦਾ ਵਿਸ਼ਲੇਸ਼ਣ ਕਰਕੇ ਫ਼ਲਸਤੀਨੀਆਂ ਨੂੰ ਹਮਾਸ ਜਾਂ ਇਸਲਾਮਿਕ ਜਹਾਦ ਨਾਲ ਜੋੜਦੀ ਅਤੇ ਉਨ੍ਹਾਂ ਨੂੰ ਫ਼ੌਜੀ ਨਿਸ਼ਾਨਿਆਂ ਵਜੋਂ ਚਿੰਨ੍ਹਿਤ ਕਰਦੀ ਹੈ। ਰਿਪੋਰਟਾਂ ਮੁਤਾਬਿਕ ਜੰਗ ਦੇ ਸ਼ੁਰੂਆਤੀ ਹਫ਼ਤਿਆਂ ਦੌਰਾਨ ਇਸ ਪ੍ਰਣਾਲੀ ਨੇ ਲਗਪਗ 37,000 ਫ਼ਲਸਤੀਨੀਆਂ ਨੂੰ ਸ਼ੱਕੀ ਮੈਂਬਰਾਂ ਵਜੋਂ ਚਿੰਨ੍ਹਿਤ ਕੀਤਾ ਅਤੇ ਉਨ੍ਹਾਂ ਦੇ ਘਰਾਂ ਨੂੰ ਬੰਬਾਰੀ ਦਾ ਨਿਸ਼ਾਨਾ ਬਣਾਇਆ ਗਿਆ। ਇਸ ਪ੍ਰਕਿਰਿਆ ਨੇ ਫ਼ੌਜੀ ਫੈਸਲਿਆਂ ਵਿੱਚ ਮਨੁੱਖੀ ਸੰਵੇਦਨਾ ਤੇ ਸੋਚ ਨੂੰ ਬਹੁਤ ਸੀਮਤ ਕਰ ਦਿੱਤਾ, ਜਿਸ ਕਾਰਨ ਵੱਡੀ ਗਿਣਤੀ ਬੇਗੁਨਾਹ ਨਾਗਰਿਕਾਂ ਦੀਆਂ ਮੌਤਾਂ ਹੋਈਆਂ। ਇਸ ਤੋਂ ਇਲਾਵਾ, ਸਾਈਬਰ ਹਮਲੇ ਅਤੇ ਖ਼ੁਦਮੁਖ਼ਤਿਆਰ ਡਰੋਨ ਵੀ ਹੁਣ ਏਆਈ ਰਾਹੀਂ ਸੰਚਾਲਿਤ ਹੋ ਰਹੇ ਹਨ। ਇਹ ਸਭ ਕੁਝ ਆਲਮੀ ਭੂ-ਸਿਆਸਤ ਵਿੱਚ ਸ਼ਕਤੀ ਪ੍ਰਦਰਸ਼ਨ ਦੀ ਨਵੀਂ ਖੇਡ ਬਣ ਚੁੱਕਾ ਹੈ, ਜਿਸ ਵਿੱਚ ਅਮਰੀਕਾ, ਚੀਨ ਅਤੇ ਰੂਸ ਵਰਗੇ ਸ਼ਕਤੀਸ਼ਾਲੀ ਮੁਲਕ ਇਸ ਤਕਨਾਲੋਜੀ ਨੂੰ ਆਪਣੇ ਸਿਆਸੀ ਮਨੋਰਥਾਂ ਲਈ ਵਰਤ ਰਹੇ ਹਨ।

ਜੇਕਰ ਇਸ ਬੇਅੰਤ ਤਾਕਤ ਉੱਤੇ ਪੂੰਜੀਵਾਦੀ ਵਰਗ ਦਾ ਗਲਬਾ ਬਣਿਆ ਰਿਹਾ ਤਾਂ ਇਹ ਮਨੁੱਖਤਾ ਨੂੰ ਇੱਕ ਅਜਿਹੀ 'ਸਵੈ-ਇੱਛਿਤ ਡਿਜੀਟਲ ਗ਼ੁਲਾਮੀ' ਵੱਲ ਧੱਕ ਦੇਵੇਗਾ ਜਿੱਥੇ ਲੋਕ ਖ਼ੁਦ ਐਲਗੋਰਿਦਮਾਂ ਦੇ ਅਧੀਨ ਹੋਣਾ ਪ੍ਰਵਾਨ ਕਰ ਲੈਣਗੇ ਅਤੇ ਉਨ੍ਹਾਂ ਦੀ ਸੁਤੰਤਰ ਸੋਚ ਦਾ ਦਾਇਰਾ ਸੁੰਗੜਦਾ ਜਾਵੇਗਾ। ਲਿਹਾਜ਼ਾ, ਇਸ ਦਾ ਅਸਲ ਹੱਲ ਏ ਆਈ, ਡੇਟਾ ਅਤੇ ਵੱਡੀਆਂ ਤਕਨੀਕੀ ਕੰਪਨੀਆਂ ਨੂੰ ਪੂੰਜੀਪਤੀਆਂ ਦੀ ਨਿੱਜੀ ਮਲਕੀਅਤ ਵਿੱਚੋਂ ਮੁਕਤ ਕਰਵਾ ਕੇ ਜਨਤਕ/ਸਾਂਝੀ ਮਲਕੀਅਤ ਅਧੀਨ ਲਿਆਉਣਾ ਹੈ। ਸਿਰਫ਼ ਇਸੇ ਰੂਪ ਵਿੱਚ ਇਸ ਉੱਨਤ ਤਕਨਾਲੋਜੀ ਨੂੰ ਲੋਕ-ਭਲਾਈ, ਸਮਾਜਿਕ ਬਰਾਬਰੀ ਅਤੇ ਮਨੁੱਖੀ ਵਿਕਾਸ ਦੇ ਲੇਖੇ ਲਾਇਆ ਜਾ ਸਕਦਾ ਹੈ। ਭੂ-ਸਿਆਸੀ ਪੱਧਰ 'ਤੇ ਵੀ ਇਸ ਸ਼ਕਤੀ ਨੂੰ ਬਰਾਬਰੀ ਦੇ ਆਧਾਰ 'ਤੇ ਵੰਡਣਾ ਲਾਜ਼ਮੀ ਹੈ ਤਾਂ ਜੋ ਇਹ ਕੁਝ ਗਿਣੇ-ਚੁਣੇ ਦੇਸ਼ਾਂ ਅਤੇ ਕਾਰਪੋਰੇਸ਼ਨਾਂ ਦਾ ਏਕਾਧਿਕਾਰ ਨਾ ਬਣ ਸਕੇ। ਇਸ ਰਣਨੀਤੀ ਰਾਹੀਂ ਹੀ ਏ ਆਈ ਨੂੰ ਮਨੁੱਖਤਾ ਦੀ ਮੁਕਤੀ ਦਾ ਸਾਧਨ ਬਣਾਇਆ ਜਾ ਸਕਦਾ ਹੈ, ਨਾ ਕਿ ਕਿਸੇ ਨਵੀਂ ਦਮਨਕਾਰੀ ਸ਼ਕਤੀ ਦਾ ਹਥਿਆਰ।

# ਕਰੋੜਾਂ ਦੇ ਬੈਂਕ ਘੁਟਾਲੇ 'ਚ 'ਆਪ' ਆਗੂ ਦੀਪਕ ਸਿੰਗਲਾ ਦੇ ਰਿਸ਼ਤੇਦਾਰਾਂ 'ਤੇ ਈ.ਡੀ. ਦੇ ਛਾਪੇ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ (54) ਦੀ ਚੰਡੀਗੜ੍ਹ ਯੂਨਿਟ ਨੇ ਅੱਜ ਇੱਕ ਵੱਡੀ ਕਾਰਵਾਈ ਕਰਦਿਆਂ 'ਮੈਸਰਜ਼ ਮਹੇਸ਼ ਟਿੰਬਰ ਪ੍ਰਾਈਵੇਟ ਲਿਮਟਿਡ' ਕੰਪਨੀ ਵਿਰੁੱਧ ਚੱਲ ਰਹੀ ਮਨੀ ਲਾਂਡਰਿੰਗ ਦੀ ਜਾਂਚ ਦੇ ਸਿਲਸਿਲੇ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦੀਪਕ ਸਿੰਗਲਾ ਦੇ ਰਿਸ਼ਤੇਦਾਰਾਂ ਅਤੇ ਸਾਥੀਆਂ ਦੇ 11 ਟਿਕਾਣਿਆਂ 'ਤੇ ਤਾਬੜਤੋੜ ਛਾਪੇਮਾਰੀ ਕੀਤੀ। ਈ.ਡੀ. ਦੀਆਂ ਟੀਮਾਂ ਵੱਲੋਂ ਇਹ ਛਾਪੇ ਹਰਿਆਣਾ ਦੇ ਕਰਨਾਲ, ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਗੋਆ ਵਿੱਚ ਸਥਿਤ ਅਸ਼ੋਕ ਮਿੱਤਲ, ਸੌਰਭ ਢੀਂਗਰਾ, ਭਾਰਤ ਭੂਸ਼ਣ ਮਿੱਤਲ, ਰਮਨ ਸਿੰਗਲ ਅਤੇ ਹੋਰਨਾਂ ਦੇ ਵਪਾਰਕ ਤੇ ਨਿੱਜੀ ਟਿਕਾਣਿਆਂ 'ਤੇ ਮਾਰੇ ਗਏ ਹਨ।





ਇਹ ਪੂਰਾ ਮਾਮਲਾ ਕੇਂਦਰੀ ਜਾਂਚ ਬਿਊਰੋ (329) ਵੱਲੋਂ 'ਮੈਸਰਜ਼ ਮਹੇਸ਼ ਟਿੰਬਰ ਪ੍ਰਾਈਵੇਟ ਲਿਮਟਿਡ' ਅਤੇ ਉਸ ਦੇ ਡਾਇਰੈਕਟਰਾਂ ਖ਼ਿਲਾਫ਼ ਦਰਜ ਕੀਤੀ ਗਈ ਐੱਫ.ਆਈ.ਆਰ. 'ਤੇ ਅਧਾਰਿਤ ਹੈ। ਕੰਪਨੀ 'ਤੇ ਓਰੀਐਂਟਲ ਬੈਂਕ ਆਫ਼ ਕਾਮਰਸ (®23) ਅਤੇ ਹੋਰਾਂ ਬੈਂਕਾਂ ਦੇ ਸਮੂਹ ਨਾਲ ਕਰੀਬ 155.21 ਕਰੋੜ ਰੁਪਏ ਦੀ ਵਿੱਤੀ ਧੋਖਾਧੜੀ ਕਰਨ ਦੇ ਗੰਭੀਰ ਦੋਸ਼ ਹਨ। ਈ.ਡੀ. ਮੁਤਾਬਕ 'ਆਪ' ਦੇ ਗੋਆ ਇੰਚਾਰਜ ਦੀਪਕ ਸਿੰਗਲਾ, ਉਨ੍ਹਾਂ ਦੇ ਭਰਾ ਰਮਨ ਸਿੰਗਲ ਅਤੇ ਉਨ੍ਹਾਂ ਦੇ ਸਕੇ ਮਾਮੇ ਅਸ਼ੋਕ ਕੁਮਾਰ ਮਿੱਤਲ ਨੇ ਭਾਰਤ ਅਤੇ ਸਿੰਗਾਪੁਰ ਵਿੱਚ ਆਪਸ ਵਿੱਚ ਜੁੜੀਆਂ ਫਰਜ਼ੀ ਕੰਪਨੀਆਂ ਦਾ ਇੱਕ ਵੱਡਾ ਨੈੱਟਵਰਕ ਤਿਆਰ ਕੀਤਾ ਹੋਇਆ ਸੀ, ਜਿਸ ਰਾਹੀਂ ਇਸ ਘੁਟਾਲੇ ਨੂੰ ਅੰਜਾਮ ਦਿੱਤਾ ਗਿਆ।

ਜਾਂਚ ਏਜੰਸੀ ਨੇ ਪੰਚਕੂਲਾ ਅਦਾਲਤ ਵਿੱਚ ਦੀਪਕ ਸਿੰਗਲਾ ਦੇ ਰਿਮਾਂਡ ਦੌਰਾਨ ਖੁਲਾਸਾ ਕੀਤਾ ਸੀ ਕਿ ਮੁਲਜ਼ਮਾਂ ਨੇ ਬੈਂਕਾਂ ਤੋਂ ਵਿਦੇਸ਼ੀ ਲੈਟਰਜ਼ ਆਫ਼ ਕ੍ਰੈਡਿਟ ਹਾਸਲ ਕਰਨ ਅਤੇ ਉਨ੍ਹਾਂ ਦੀ ਸੀਮਾ ਗ਼ੈਰ-ਕਾਨੂੰਨੀ ਤਰੀਕੇ ਨਾਲ ਵਧਾਉਣ ਲਈ ਬਿੱਲ ਆਫ਼ ਲੈਡਿੰਗ, ਬਿੱਲ ਆਫ਼ ਐਂਟਰੀ ਅਤੇ ਹੋਰ ਜਾਅਲੀ ਦਸਤਾਵੇਜ਼ ਤਿਆਰ ਕੀਤੇ ਸਨ। ਡਾਇਰੈਕਟਰ ਜਨਰਲ ਆਫ਼ ਸਿਸਟਮਜ਼ ਐਂਡ ਡੇਟਾ ਮੈਨੇਜਮੈਂਟ (3293) ਦੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਅਸਲ ਵਿੱਚ ਭਾਰਤ ਵਿੱਚ ਕਿਸੇ ਵੀ ਕਿਸਮ ਦੀ ਲੱਕੜ ਦਾ ਕੋਈ ਆਯਾਤ ਹੋਇਆ ਹੀ ਨਹੀਂ ਸੀ ਅਤੇ ਸਾਰੀਆਂ ਟ੍ਰਾਂਜੈਕਸ਼ਨਾਂ ਸਿਰਫ਼ ਕਾਗਜ਼ਾਂ ਵਿੱਚ ਹੀ ਦਿਖਾਈਆਂ ਗਈਆਂ ਸਨ।

ਸੀਬੀਆਈ ਨੇ ਕਰਨਾਲ ਵਿੱਚ ਓਰੀਐਂਟਲ ਬੈਂਕ ਆਫ਼ ਕਾਮਰਸ ਦੀ ਬ੍ਰਾਂਚ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਅਸ਼ੋਕ ਮਿੱਤਲ 'ਤੇ ਕੇਸ ਦਰਜ ਕੀਤਾ ਸੀ। ਬੈਂਕ ਵੱਲੋਂ ਸ਼ੁਰੂ ਵਿੱਚ 21.48 ਕਰੋੜ ਰੁਪਏ ਦੇ ਲੈਟਰਜ਼ ਆਫ਼ ਕ੍ਰੈਡਿਟ ਜਾਰੀ ਕੀਤੇ ਗਏ ਸਨ, ਜਿਨ੍ਹਾਂ ਨੂੰ ਬੈਂਕ ਮੈਨੇਜਰ ਦੀ ਮਿਲੀਭੁਗਤ ਨਾਲ ਧੋਖੇ ਨਾਲ ਵਧਾ ਕੇ 173.04 ਕਰੋੜ ਰੁਪਏ ਕਰ ਦਿੱਤਾ ਗਿਆ। ਬੈਂਕ ਦੇ ਬਰਖ਼ਾਸਤ ਸੀਨੀਅਰ ਮੈਨੇਜਰ ਸੁਰਿੰਦਰ ਕੁਮਾਰ ਰੰਗਾ ਨੇ ਈ.ਡੀ. ਨੂੰ ਦਿੱਤੇ ਬਿਆਨ ਵਿੱਚ ਮੰਨਿਆ ਸੀ ਕਿ ਅਸ਼ੋਕ ਮਿੱਤਲ ਨੇ ਇਸ ਬਦਲੇ ਉਸ ਨੂੰ ਸਿੰਗਾਪੁਰ ਵਿੱਚ ਸੈੱਟ ਕਰਨ ਦਾ ਲਾਲਚ ਦਿੱਤਾ ਸੀ।

ਈ.ਡੀ. ਨੇ ਅਦਾਲਤ ਨੂੰ ਦੱਸਿਆ ਕਿ ਦੀਪਕ ਸਿੰਗਲਾ ਅਤੇ ਉਸ ਦਾ ਭਰਾ ਹਰੀਸ਼ ਸਿੰਗਲਾ 'ਮੈਸਰਜ਼ ਟ੍ਰੈਫਿਕ ਮੀਡੀਆ ਇੰਡੀਆ ਪ੍ਰਾਈਵੇਟ ਲਿਮਟਿਡ' ਵਿੱਚ ਡਾਇਰੈਕਟਰ ਸਨ, ਜੋ 'ਮਹੇਸ਼ ਟਿੰਬਰ' ਤੋਂ ਕਾਗਜ਼ੀ ਤੌਰ 'ਤੇ ਲੱਕੜ ਖਰੀਦ ਰਹੀ ਸੀ। ਦੂਜੇ ਪਾਸੇ, ਉਸ ਦਾ ਦੂਜਾ ਭਰਾ ਰਮਨ ਸਿੰਗਲ ਸਿੰਗਾਪੁਰ ਦੀ ਕੰਪਨੀ 'ਐਮਾਜ਼ਾਨ ਐਕਸਪੋਰਟ ਪ੍ਰਾਈਵੇਟ ਲਿਮਟਿਡ' (15♦*) ਦਾ ਡਾਇਰੈਕਟਰ ਸੀ, ਜੋ ਅੱਗੋਂ 'ਮਹੇਸ਼ ਟਿੰਬਰ' ਨੂੰ ਮਾਲ ਸਪਲਾਈ ਕਰ ਰਹੀ ਸੀ। ਖਾਤਿਆਂ ਦੀ ਜਾਂਚ ਤੋਂ ਸਾਫ਼ ਹੋਇਆ ਹੈ ਕਿ ਲੱਕੜ ਦਾ ਕੋਈ ਵਜੂਦ ਨਾ ਹੋਣ ਦੇ ਬਾਵਜੂਦ ਕਰੋੜਾਂ ਰੁਪਏ ਇਧਰੋਂ-ਉਧਰ ਟ੍ਰਾਂਸਫਰ ਕੀਤੇ ਗਏ। ਈ.ਡੀ. ਮੁਤਾਬਕ ਅੱਜ ਦੀ ਛਾਪੇਮਾਰੀ ਦੌਰਾਨ ਕਈ ਅਹਿਮ ਦਸਤਾਵੇਜ਼ ਅਤੇ ਡਿਜੀਟਲ ਸਬੂਤ ਹੱਥ ਲੱਗੇ ਹਨ, ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਮੁਲਜ਼ਮਾਂ ਦੀਆਂ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ।

## ਹਰਿਆਣਾ ਦੇ ਪਿੰਡਾਂ ਵਿੱਚ ਝੋਨੇ ਦੀ ਲਵਾਈ ਸ਼ੁਰੂ



**ਸ਼ਾਹਬਾਦ ਮਾਰਕੰਡਾ,18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਸਰਕ4ਾਰ ਵੱਲੋਂ ਝੋਨੇ ਦੀ ਲਵਾਈ ਲਈ 15 ਜੂਨ ਨਿਰਧਾਰਤ ਕੀਤੇ ਜਾਣ ਤੋਂ ਬਾਅਦ ਸੂਬੇ ਦੇ ਕਿਸਾਨਾਂ ਨੇ ਵੱਡੇ ਪੱਧਰ 'ਤੇ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਸਵੇਰ ਤੋਂ ਦੇਰ ਸ਼ਾਮ ਤੱਕ ਕਿਸਾਨ ਅਤੇ ਮਜ਼ਦੂਰ ਖੇਤਾਂ ਵਿੱਚ ਰੁੱਝੇ ਦਿਖਾਈ ਦੇ ਰਹੇ ਹਨ। ਖੇਤ ਤਿਆਰ ਕਰਨ ਲਈ ਟਰੈਕਟਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਪਨੀਰੀ ਖੇਤਾਂ ਵਿੱਚ ਪਹੁੰਚਾਈ ਜਾ ਰਹੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਸ ਵਾਰ ਲਵਾਈ ਲਈ ਹਾਲਾਤ ਪੂਰੀ ਤਰ੍ਹਾਂ ਅਨੁਕੂਲ ਹਨ। ਲੋੜੀਂਦੀ ਬਿਜਲੀ ਸਪਲਾਈ ਮਿਲਣ ਕਾਰਨ ਉਨ੍ਹਾਂ ਨੂੰ ਖੇਤਾਂ ਵਿੱਚ ਸਿੰਚਾਈ ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਨਹੀਂ ਆ ਰਹੀ। ਇਸ ਤੋਂ ਇਲਾਵਾ ਝੋਨੇ ਦੀ ਲਵਾਈ ਲਈ ਲੋੜੀਂਦੇ ਮਜ਼ਦੂਰ ਵੀ ਸੌਖਿਆਂ ਹੀ ਉਪਲਬਧ ਹੋ ਗਏ ਹਨ, ਜਿਸ ਨਾਲ ਲਵਾਈ ਪ੍ਰਕਿਰਿਆ ਕਾਫ਼ੀ ਸੁਖਾਲੀ ਹੋ ਗਈ ਹੈ।

ਖੇਤਰ ਦੇ ਕਿਸਾਨਾਂ ਰਾਜ ਕੁਮਾਰ, ਦਰਸ਼ਨ ਸਿੰਘ, ਰਾਮ ਜੀ ਲਾਲ, ਬਲਕਾਰ ਸਿੰਘ ਅਤੇ ਗੁਰਮੇਲ ਸਿੰਘ ਨੇ ਦੱਸਿਆ ਕਿ ਪਿਛਲੇ ਸਾਲਾਂ ਵਿੱਚ ਬਿਜਲੀ ਦੇ ਲਾਂਘੇ ਬੰਦ ਹੋਣ ਅਤੇ ਮਜ਼ਦੂਰਾਂ ਦੀ ਵੱਡੀ ਘਾਟ ਕਾਰਨ ਝੋਨੇ ਦੀ ਲਵਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਸੀ, ਪਰ ਇਸ ਵਾਰ ਸਥਿਤੀ ਵਿੱਚ ਕਾਫ਼ੀ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਕਿਸਾਨਾਂ ਅਨੁਸਾਰ ਸਰਕਾਰ ਵੱਲੋਂ ਨਿਰਧਾਰਤ ਸਮਾਂ ਸੀਮਾ ਮੁਤਾਬਕ ਲਵਾਈ ਸ਼ੁਰੂ ਕਰਨ ਨਾਲ ਫ਼ਸਲ ਦੇ ਵਾਧੇ ਵਿੱਚ ਸੁਧਾਰ ਹੋਵੇਗਾ ਅਤੇ ਉਤਪਾਦਨ ਵਿੱਚ ਵੀ ਵਾਧਾ ਦਰਜ ਕੀਤਾ ਜਾ ਸਕੇਗਾ। ਝੋਨੇ ਦੀ ਸਮੇਂ ਸਿਰ ਲਵਾਈ ਕਰਨ ਨਾਲ ਫ਼ਸਲ ਨੂੰ ਵਧਣ-ਫੁੱਲਣ ਲਈ ਪੂਰਾ ਸਮਾਂ ਮਿਲਦਾ ਹੈ ਅਤੇ ਨਿਰਧਾਰਤ ਸਮੇਂ ਅੰਦਰ ਹੀ ਕਟਾਈ ਯਕੀਨੀ ਬਣ ਜਾਂਦੀ ਹੈ।

ਇਸੇ ਕਾਰਨ ਕਿਸਾਨ ਆਪਣੇ ਖੇਤਾਂ ਵਿੱਚ ਝੋਨਾ ਲਗਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ। ਝੋਨੇ ਦੀ ਲਵਾਈ ਕਾਰਨ ਪਿੰਡਾਂ ਵਿੱਚ ਮਜ਼ਦੂਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕਿਸਾਨਾਂ ਨੂੰ ਪੂਰੀ ਉਮੀਦ ਹੈ ਕਿ ਜੇ ਆਉਣ ਵਾਲੇ ਦਿਨਾਂ ਵਿੱਚ ਮੌਸਮ ਅਨੁਕੂਲ ਰਿਹਾ ਅਤੇ ਬਿਜਲੀ ਦੀ ਸਪਲਾਈ ਇਸੇ ਤਰ੍ਹਾਂ ਨਿਰਵਿਘਨ ਚੱਲਦੀ ਰਹੀ ਤਾਂ ਜ਼ਿਆਦਾਤਰ ਖੇਤਰਾਂ ਵਿੱਚ ਝੋਨੇ ਦੀ ਲਵਾਈ ਨਿਰਧਾਰਤ ਸਮੇਂ ਅੰਦਰ ਹੀ ਪੂਰੀ ਕਰ ਲਈ ਜਾਵੇਗੀ।

ਦੂਜੇ ਪਾਸੇ ਖੇਤੀਬਾੜੀ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਨਿਰਧਾਰਤ ਸਮਾਂ ਸੀਮਾ ਅਨੁਸਾਰ ਝੋਨਾ ਲਾਉਣ ਨਾਲ ਭੂਮੀਗਤ ਪਾਣੀ ਦੀ ਸੰਭਾਲ ਹੁੰਦੀ ਹੈ ਅਤੇ ਫ਼ਸਲ ਪ੍ਰਬੰਧਨ ਵਿੱਚ ਵੀ ਵੱਡਾ ਸੁਧਾਰ ਹੁੰਦਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਲੋੜ ਅਨੁਸਾਰ ਸੰਤੁਲਿਤ ਮਾਤਰਾ ਵਿੱਚ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ।

# ਪੰਜਾਬ ਮੰਡੀ ਬੋਰਡ ਨੇ ਸਿਰਜੇ ਵਿਕਾਸ ਦੇ ਨਵੇਂ ਕੀਰਤੀਮਾਨ : ਹਰਚੰਦ ਸਿੰਘ ਬਰਸਟ

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਅੱਜ ਕਿਸਾਨ ਭਵਨ, ਚੰਡੀਗੜ੍ਹ ਵਿਖੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਹੋਈ।

ਮੀਟਿੰਗ ਦੌਰਾਨ ਮੰਡੀ ਬੋਰਡ ਨਾਲ ਸੰਬੰਧਤ ਵੱਖ-ਵੱਖ ਏਜੰਡਿਆਂ ਉੱਤੇ ਵਿਸਥਾਰ ਨਾਲ ਗੱਲਬਾਤ ਹੋਈ। ਇਸ ਮੌਕੇ ਅਹਿਮ ਏਜੰਡਿਆਂ ਨੂੰ ਪਾਸ ਕੀਤਾ ਗਿਆ ਅਤੇ ਜਲਦ ਤੋਂ ਜਲਦ ਅਮਲੀ-ਜਾਮਾਂ ਪਹਿਨਾਉਣ ਦਾ ਫੈਸਲਾ ਲਿਆ ਗਿਆ। ਇਸ ਮਗਰੋਂ ਪੱਤਰਕਾਰਵਾਰਤਾ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਪਿਛਲੇ ਚਾਰ ਸਾਲਾਂ ਵਿੱਚ ਮੰਡੀ ਬੋਰਡ ਵੱਲੋਂ ਵਿਕਾਸੀ ਕੰਮਾਂ ਅਤੇ ਬੁਨਿਆਦੀ ਢਾਂਚੇ ਦੇ ਸੁਧਾਰ ਵਿੱਚ ਪ੍ਰਾਪਤ ਕੀਤੀਆਂ ਇਤਿਹਾਸਕ ਉਪਲਬੱਧੀਆਂ ਦਾ ਵੇਰਵਾ ਸਾਂਝਾ ਕੀਤਾ। ਚੇਅਰਮੈਨ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਡੀ ਬੋਰਡ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਅਤੇ ਆਮ ਲੋਕਾਂ ਦੀ ਸਹੂਲਤ ਲਈ ਵਚਨਬੱਧਤਾ ਨਾਲ ਕੰਮ ਕਰ ਰਿਹਾ ਹੈ।

ਇਸ ਦੌਰਾਨ ਚੇਅਰਮੈਨ ਸ. ਬਰਸਟ ਨੇ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਨੂੰ ਵਿਧਾਨ ਸਭਾ ਹਲਕਾ ਸਮਾਨਾ ਦੇ ਪਿੰਡ ਦਦਹੇੜਾ ਦੀ ਪੰਚਾਇਤ ਵੱਲੋਂ 18 ਕਿੱਲੇ ਜਮੀਨ ਫ੍ਰੀ ਆਫ਼ ਕਾਸਟ ਦਿੱਤੀ ਗਈ ਹੈ ਤਾਂ ਜੋ ਉੱਥੇ ਮੰਡੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਮੰਡੀ ਇਸ ਖੇਤਰ ਦੇ ਆਰਥਿਕ ਵਿਕਾਸ ਵਿੱਚ ਮੀਲ ਪੱਥਰ ਸਾਬਤ ਹੋਵੇਗੀ ਅਤੇ ਇਲਾਕੇ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਸ ਮੌਕੇ ਸ. ਬਰਸਟ ਵੱਲੋਂ ਪਿੰਡ ਦਦਹੇੜਾ ਦੇ ਸਰਪੰਚ ਗੁਰਜੀਤ ਸਿੰਘ, ਪੰਚ ਤੋਤੀ, ਗੁਰਪ੍ਰੀਤ ਸਿੰਘ, ਗਿਆਨ ਦਾਸ, ਗੋਬਿੰਦ ਸਿੰਘ, ਗੁਰਬਖਸ ਸਿੰਘ, ਸੁਸ਼ੀਲਾ ਰਾਣੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਹਲਕਾ ਸਮਾਣਾ ਦੇ ਪਿੰਡ ਮਹਿਮਦਪੁਰ (ਪਟਿਆਲਾ) ਵਿਖੇ ਗ੍ਰਾਮ ਪੰਚਾਇਤ ਵੱਲੋਂ ਫਰੀ ਆਫ਼ ਕਾਸਟ ਦਿੱਤੀ 19 ਏਕੜ 6 ਕਨਾਲ 13 ਮਰਲੇ ਜਮੀਨ 'ਤੇ ਸਬ-ਯਾਰਡ ਬਣਾਇਆ ਗਿਆ ਹੈ, ਜਿਸ ਨੂੰ ਆਲੂ ਮੰਡੀ ਹੱਬ ਵੱਜੋਂ ਵਿਕਸਤ ਕੀਤਾ ਜਾ ਰਿਹਾ ਹੈ।



ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 44,597 ਕਿਲੋਮੀਟਰ ਲੰਬਾਈ ਦੀਆਂ ਲਿੰਕ ਸੜਕਾਂ ਨੂੰ ਕਰੀਬ 13,339.01 ਕਰੋੜ ਰੁਪਏ ਦੀ ਲਾਗਤ ਨਾਲ ਮੁਰੰਮਤ, ਮਾਡਰਨਾਈਜੇਸ਼ਨ ਅਤੇ ਅਪਗ੍ਰੇਡੇਸ਼ਨ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਕੀਮਤੀ ਜਾਨਾਂ ਬਚਾਉਣ ਲਈ 13,865 ਕਿਲੋਮੀਟਰ ਲੰਬਾਈ ਦੀਆਂ ਲਿੰਕ ਸੜਕਾਂ 'ਤੇ ਕਰੀਬ 132.65 ਕਰੋੜ ਦੀ ਲਾਗਤ ਨਾਲ ਰੋਡ ਸੇਫਟੀ ਪ੍ਰੋਵੀਜ਼ਨ ਲਗਾਈਆਂ ਗਈਆਂ ਹਨ। ਸੂਬੇ ਦੇ ਪਿੰਡਾਂ ਦੀਆਂ 280 ਕਿਲੋਮੀਟਰ ਲੰਬਾਈ ਦੀਆਂ ਫਿਰਨੀਆਂ ਨੂੰ 235 ਕਰੋੜ ਰੁਪਏ ਦੀ ਲਾਗਤ ਨਾਲ ਸੀ.ਸੀ. (ਸੀਮੇਂਟ ਅਤੇ ਕੰਕਰੀਟ) ਨਾਲ ਮਾਡਰਨਾਈਜੇਸ਼ਨ ਕਰਨ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ। ਸੂਬੇ ਦੀਆਂ ਲਿੰਕ ਸੜਕਾਂ ਤੇ ਪੈਂਦੇ 46 ਤੰਗ ਅਤੇ ਡੈਮੇਜ ਪੁਲਾਂ ਨੂੰ 20 ਕਰੋੜ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਗਿਆ ਹੈ।

ਵਿੱਤੀ ਸਾਲ 2025-26 ਦੌਰਾਨ ਪੰਜਾਬ ਰਾਜ ਦੀਆਂ 664 ਮੰਡੀਆਂ ਵਿੱਚ 197 ਕਰੋੜ ਦੀ ਲਾਗਤ ਨਾਲ ਕਵਰ ਸ਼ੈੱਡ ਬਣਾਏ ਗਏ ਹਨ ਅਤੇ 36 ਮੰਡੀਆਂ ਵਿੱਚ ਲਗਭਗ 24.40 ਕਰੋੜ ਦੀ ਲਾਗਤ ਨਾਲ ਸੋਲਰ ਪੈਨਲ ਲਗਾਏ ਜਾ ਚੁੱਕੇ ਹਨ। ਇਸ ਦੇ ਨਾਲ ਹੀ ਲਗਭਗ 455.84 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਦੀਆਂ ਵੱਖ-ਵੱਖ ਮੰਡੀਆਂ ਦੀਆਂ ਅੰਦਰੂਨੀ ਸੜਕਾਂ, ਫੜ੍ਹਾਂ ਅਤੇ ਸ਼ੈਡਾਂ ਦੀ ਮੁਰੰਮਤ ਦਾ ਕੰਮ ਕੀਤਾ ਜਾ ਰਿਹਾ ਹੈ। ਕਿਸਾਨਾਂ ਦੀ ਸਹੂਲਤ ਲਈ ਬੁੱਢਲਾਡਾ ਵਿਖੇ ਲਗਭਗ 34 ਕਰੋੜ ਰੁਪਏ ਦੀ ਲਾਗਤ ਨਾਲ 51.01 ਏਕੜ ਵਿੱਚ ਅਤੇ ਅਰਨੀਵਾਲਾ ਵਿਖੇ 1.14 ਕਰੋੜ ਰੁਪਏ ਦੀ ਲਾਗਤ ਨਾਲ 12 ਏਕੜ ਜਮੀਨ ਤੇ ਨਵੀਆਂ ਅਨਾਜ ਮੰਡੀਆਂ ਸਥਾਪਿਤ ਕੀਤੀਆਂ ਗਈਆਂ ਹਨ।

## ਨਰਿੰਦਰ ਕੁਮਾਰ ਨੂੰ ਜ਼ਿਲ੍ਹਾ ਨਗਰ ਕਮਿਸ਼ਨਰ, ਰੋਹਤਕ ਦੀ ਵਾਧੂ ਜ਼ਿੰਮੇਵਾਰੀ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਤੋਂ ਆਈ.ਏ.ਐਸ. ਅਧਿਕਾਰੀ ਸ੍ਰੀ ਨਰਿੰਦਰ ਕੁਮਾਰ ਨੂੰ ਉਨ੍ਹਾਂ ਦੇ ਮੌਜੂਦਾ ਕਾਰਜਭਾਰ ਦੇ ਨਾਲ ਹੀ ਜ਼ਿਲ੍ਹਾ ਨਗਰ ਕਮਿਸ਼ਨਰ, ਰੋਹਤਕ ਦਾ ਵਾਧੂ ਕਾਰਜਭਾਰ ਵੀ ਸੌਂਪਿਆ ਹੈ।

ਸਾਲ 2021 ਬੈਚ ਦੇ ਅਧਿਕਾਰੀ ਸ੍ਰੀ ਨਰਿੰਦਰ ਕੁਮਾਰ ਮੌਜੂਦਾ ਸਮੇਂ ਵਿੱਚ ਰੋਹਤਕ ਵਿੱਚ ਵਧੀਕ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਨਾਗਰਿਕ ਸੰਸਾਧਨ ਸੂਚਨਾ ਅਧਿਕਾਰੀ, ਜ਼ਿਲ੍ਹਾ ਪਰਿਸ਼ਦ ਅਤੇ ਡੀ.ਆਰ.ਡੀ.ਏ. ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਨਗਰ ਨਿਗਮ, ਰੋਹਤਕ ਦੇ ਕਮਿਸ਼ਨਰ ਦੇ ਅਹੁਦਿਆਂ 'ਤੇ ਕਾਰਜਸ਼ੀਲ ਹਨ।

# ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਬੂਥ ਲੈਵਲ ਅ.ਫ਼ਸਰਾਂ ਵੱਲੋਂ ਘਰ-ਘਰ ਦੌਰੇ ਸ਼ੁਰੂ



**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲੈਕਟੋਰਲ ਰੋਲਸ ਦੇ ਚਲ ਰਹੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ ਦੇ ਤਹਿਤ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਅੱਜ ਤੋਂ ਬੂਥ ਲੈਵਲ ਅਫ਼ਸਰਾਂ (ਬੀਐੱਲਓਜ਼ ਵੱਲੋਂ ਘਰ-ਘਰ ਦੌਰੇ ਸ਼ੁਰੂ ਕੀਤੇ ਗਏ। ਭਾਰਤ ਦੇ ਚੋਣ ਕਮਿਸ਼ਨ (ਈਸੀਆਈ/539) ਦੁਆਰਾ ਨਿਰਧਾਰਿਤ ਸਮਾਂ-ਸਾਰਣੀ ਦੇ ਅਨੁਸਾਰ ਕੀਤਾ ਜਾ ਰਿਹਾ ਇਹ ਗਣਨਾ ਪੜਾਅ 15 ਜੂਨ ਤੋਂ 14 ਜੁਲਾਈ, 2026 ਤੱਕ ਜਾਰੀ ਚਲੇਗਾ।

ਇਸ ਕਾਰਜ ਨੂੰ ਸੁਚਾਰੂ ਰੂਪ ਨਾਲ ਸੰਪੰਨ ਕਰਵਾਉਣ ਲਈ ਸਾਰੀਆਂ ਜ਼ਰੂਰੀ ਵਿਵਸਥਾਵਾਂ ਕੀਤੀਆਂ ਗਈਆਂ ਹਨ। ਮੁਹਿੰਮ ਦੇ ਪਹਿਲੇ ਦਿਨ ਅੱਜ ਸ਼ਾਮ 5:00 ਵਜੇ ਤੱਕ, ਬੂਥ ਲੈਵਲ ਅਫ਼ਸਰਾਂ (ਬੀਐੱਲਓਜ਼/ਦੁਆਰਾ ਸ਼ਹਿਰ ਭਰ ਦੇ ਇਲੈਕਟਰਸ ਨੂੰ 37,410 ਗਣਨਾ ਫਾਰਮ ਵੰਡੇ, ਜੋ ਇਸ ਰਿਵਿਜ਼ਨ ਪ੍ਰਕਿਰਿਆ ਪ੍ਰਤੀ ਉਤਸ਼ਾਹਜਨਕ ਸਹਿਭਾਗਿਤਾ ਨੂੰ ਦਰਸਾਉਂਦਾ ਹੈ।

ਗਣਨਾ ਪੜਾਅ ਦੇ ਦੌਰਾਨ ਬੂਥ ਲੈਵਲ ਅਫ਼ਸਰ (ਬੀਐੱਲਓਜ਼ ਘਰ-ਘਰ ਜਾ ਕੇ ਗਣਨਾ ਫਾਰਮਾਂ ਦੀ ਵੰਡ ਅਤੇ ਉਨ੍ਹਾਂ ਦਾ ਸੰਗ੍ਰਹਿਣ ਕਰਨਗੇ। ਹਰੇਕ ਇਲੈਕਟਰ ਨੂੰ ਫਾਰਮ ਦੀਆਂ ਦੋ ਕਾਪੀਆਂ ਉਪਲਬਧ ਕਰਵਾਈਆਂ ਜਾਣਗੀਆਂ ਅਤੇ ਜ਼ਰੂਰਤ ਪੈਣ 'ਤੇ ਫਾਰਮ ਭਰਨ ਵਿੱਚ ਸਹਾਇਤਾ ਵੀ ਪ੍ਰਦਾਨ ਕੀਤੀ ਜਾਵੇਗੀ।

ਜਿਨ੍ਹਾਂ ਘਰਾਂ 'ਤੇ ਤਾਲਾ ਲਗਿਆ ਮਿਲੇਗਾ, ਉੱਥੇ ਬੂਥ ਲੈਵਲ ਅਫ਼ਸਰ (ਬੀਐੱਲਓਜ਼ ਫਾਰਮ ਨੂੰ ਪਰਿਸਰ ਵਿੱਚ ਛੱਡ ਦੇਣਗੇ ਅਤੇ ਉਨ੍ਹਾਂ ਨੂੰ ਇਕੱਠਾ ਕਰਨ ਲਈ ਵੱਖ-ਵੱਖ ਤਰੀਕਾਂ 'ਤੇ ਘੱਟ-ਘੱਟ ਤਿੰਨ ਵਾਰ ਫਾਲੋ-ਅਪ ਦੌਰੇ ਕਰਨਗੇ। ਇਲੈਕਟਰਸ ਆਪਣੇ ਭਰੇ ਹੋਏ ਗਣਨਾ ਫਾਰਮ
ਈਸੀਆਈਨੈੱਟ ਮੋਬਾਈਲ ਐਪ ਜਾਂ ਵੋਟਰਸ ਸਰਵਿਸ ਪੋਰਟਲ ਦੇ ਜ਼ਰੀਏ ਜਮ੍ਹਾਂ ਕਰਵਾ ਸਕਦੇ ਹਨ, ਜਿਨ੍ਹਾਂ ਦੀ ਤਸਦੀਕ ਸਬੰਧਿਤ ਬੀਐੱਲਓ ਦੁਆਰਾ ਕੀਤੀ ਜਾਵੇਗੀ।

ਇਲੈਕਟਰਸ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੰਨ 2002-2003 ਵਿੱਚ ਆਯੋਜਿਤ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ ਤੋਂ ਸਬੰਧਿਤ ਮੈਪਿੰਗ ਵੇਰਵੇ ਉਪਲਬਧ ਕਰਵਾਉਣ। ਜੇਕਰ ਅਜਿਹੇ ਵੇਰਵੇ ਉਪਲਬਧ ਨਹੀਂ ਹਨ, ਤਾਂ ਉਹ ਸੰਨ 2002-2003 ਦੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ ਜਾਂ 12 ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ

ਹਾਲ ਹੀ ਵਿੱਚ ਆਯੋਜਿਤ ਸੰਨ 2025-2026 ਦੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ ਵਿੱਚ ਦਰਜ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਦੇ ਵੇਰਵੇ ਪ੍ਰਦਾਨ ਕਰ ਸਕਦੇ ਹਨ। ਪਿਛਲੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ ਰਿਕਾਰਡ ਮੁੱਖ ਚੋਣ ਅਧਿਕਾਰੀ, ਚੰਡੀਗੜ੍ਹ ਦੀ ਵੈੱਬਸਾਇਟ, ਈਸੀਆਈਨੈੱਟ ਮੋਬਾਈਲ ਐਪ ਜਾਂ ਵੋਟਰਸ ਸਰਵਿਸ ਪੋਰਟਲ 'ਤੇ ਉਪਲਬਧ ਹਨ।

ਅਜਿਹੇ ਪਾਤਰ ਨਿਵਾਸੀ ਜਿਨ੍ਹਾਂ ਦਾ ਨਾਮ ਵਰਤਮਾਨ ਇਲੈਕਟੋਰਲ ਰੋਲ ਵਿੱਚ ਸ਼ਾਮਲ ਨਹੀਂ ਹੈ, ਉਹ ਨਿਰਧਾਰਿਤ ਐਲਾਨਨਾਮੇ ਦੇ ਨਾਲ ਫਾਰਮ-6 ਜਮ੍ਹਾਂ ਕਰ ਸਕਦੇ ਹਨ। ਅਜਿਹੀਆਂ ਅਰਜ਼ੀਆਂ 'ਤੇ 21 ਜੁਲਾਈ, 2026 ਨੂੰ ਡ੍ਰਾਫਟ ਇਲੈਕਟੋਰਲ ਰੋਲ ਦੇ ਪ੍ਰਕਾਸ਼ਨ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ।

# ਅੰਮ੍ਰਿਤਸਰ ਤੋਂ ਮਾਤਾ ਵੈਸ਼ਨੋ ਦੇਵੀ ਕਟੜਾ ਲਈ 'ਵੰਦੇ ਭਾਰਤ' ਟ੍ਰੇਨ ਨੂੰ ਹਰੀ ਝੰਡੀ ਭਲਕੇ

**ਅੰਮ੍ਰਿਤਸਰ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਧਾਰਮਿਕ ਸੈਰ-ਸਪਾਟੇ ਨੂੰ ਵੱਡਾ ਹੁਲਾਰਾ ਦਿੰਦਿਆਂ ਪਵਿੱਤਰ ਨਗਰੀ ਅੰਮ੍ਰਿਤਸਰ ਨੂੰ ਹੁਣ ਸਿੱਧਾ ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਕਟੜਾ ਨਾਲ ਜੋੜਿਆ ਜਾ ਰਿਹਾ ਹੈ। ਇਸ ਨਾਲ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਉਨ੍ਹਾਂ ਹਜ਼ਾਰਾਂ ਸੈਲਾਨੀਆਂ ਅਤੇ ਸ਼ਰਧਾਲੂਆਂ ਨੂੰ ਵੱਡੀ ਸਹੂਲਤ ਮਿਲੇਗੀ, ਜੋ ਅਕਸਰ ਸ੍ਰੀ ਹਰਿਮੰਦਰ ਸਾਹਿਬ ਅਤੇ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਇੱਕੋ ਫੇਰੀ ਦੌਰਾਨ ਆਪਣਾ ਸਫ਼ਰ ਤੈਅ ਕਰਦੇ ਹਨ। ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਮੰਗਲਵਾਰ ਸ਼ਾਮ 4:15 ਵਜੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਇਸ ਸੋਧੇ ਹੋਏ ਰੂਟ ਵਾਲੀ 'ਅੰਮ੍ਰਿਤਸਰ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਵੰਦੇ ਭਾਰਤ ਐਕਸਪ੍ਰੈਸ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ।

ਰੇਲਵੇ ਵਿਭਾਗ ਵੱਲੋਂ ਇਸ ਟ੍ਰੇਨ ਦੇ ਰੂਟ ਵਿੱਚ ਅਹਿਮ ਸੋਧ ਕੀਤੀ ਗਈ ਹੈ। ਹੁਣ ਇਹ ਰੇਲ ਗੱਡੀ ਬਟਾਲਾ ਅਤੇ ਗੁਰਦਾਸਪੁਰ ਦੇ ਰਸਤੇ ਹੋ ਕੇ ਕਟੜਾ ਪਹੁੰਚੇਗੀ। ਨਵੇਂ ਰੂਟ ਸਦਕਾ ਅੰਮ੍ਰਿਤਸਰ ਤੋਂ ਕਟੜਾ ਵਿਚਕਾਰਲੀ ਦੂਰੀ 84 ਕਿਲੋਮੀਟਰ ਘਟ ਗਈ ਹੈ, ਜਿਸ ਨਾਲ ਸਫ਼ਰ ਦਾ ਸਮਾਂ ਵੀ ਕਰੀਬ 40 ਮਿੰਟ ਘੱਟ ਜਾਵੇਗਾ। ਹੁਣ ਇਹ ਹਾਈ-ਸਪੀਡ ਟ੍ਰੇਨ 283 ਕਿਲੋਮੀਟਰ ਦਾ ਸਫ਼ਰ ਮਹਿਜ਼ ਪੰਜ ਘੰਟਿਆਂ ਵਿੱਚ ਪੂਰਾ ਕਰੇਗੀ। ਕਾਂਗਰਸ ਦੇ ਮੀਡੀਆ ਕੋਆਰਡੀਨੇਟਰ ਪੰਕਜ ਖੰਨਾ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਬਟਾਲਾ ਅਤੇ ਗੁਰਦਾਸਪੁਰ ਵਰਗੇ ਇਤਿਹਾਸਕ ਸ਼ਹਿਰਾਂ ਲਈ ਇਹ ਬਹੁਤ ਵੱਡੀ ਖ਼ੁਸ਼ਖ਼ਬਰੀ ਹੈ, ਕਿਉਂਕਿ ਇਨ੍ਹਾਂ ਖੇਤਰਾਂ ਦੇ ਲੋਕ ਪਹਿਲੀ ਵਾਰ ਵੰਦੇ ਭਾਰਤ ਵਰਗੀ ਆਧੁਨਿਕ ਟ੍ਰੇਨ ਸੇਵਾ ਨਾਲ ਜੁੜਨਗੇ।



ਟ੍ਰੇਨ ਨੰਬਰ 26405/26406 ਦੇ ਰੂਪ ਵਿੱਚ ਚੱਲਣ ਵਾਲੀ ਇਹ ਵੰਦੇ ਭਾਰਤ ਐਕਸਪ੍ਰੈਸ ਦੇਸ਼ ਦੇ ਦੋ ਵੱਡੇ ਅਧਿਆਤਮਿਕ ਕੇਂਦਰਾਂ- ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਅਸਥਾਨ (ਕਟੜਾ) ਨੂੰ ਆਪਸ ਵਿੱਚ ਜੋੜੇਗੀ। ਹਫ਼ਤੇ ਵਿੱਚ ਛੇ ਦਿਨ (ਸ਼ਨੀਵਾਰ ਨੂੰ ਛੱਡ ਕੇ) ਚੱਲਣ ਵਾਲੀ ਇਸ ਟ੍ਰੇਨ ਵਿੱਚ ਯਾਤਰੀਆਂ ਦੇ ਆਰਾਮ ਲਈ ਏਸੀ ਚੇਅਰ ਕਾਰ (AC Chair Car) ਅਤੇ ਐਗਜ਼ੀਕਿਊਟਿਵ ਚੇਅਰ ਕਾਰ (Executive Chair Car) ਕੋਚ ਲਗਾਏ ਗਏ ਹਨ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਟ੍ਰੇਨ ਦੀ ਸਮਾਂ ਸਾਰਣੀ (Timing) ਨੂੰ ਬੇਹੱਦ ਸੁਚੱਜੇ ਢੰਗ ਨਾਲ ਤਿਆਰ ਕੀਤਾ ਗਿਆ ਹੈ। ਇਸ ਦੇ ਚੱਲਣ ਦੇ ਸਮੇਂ ਕਾਰਨ ਦੋਵਾਂ ਪਾਸਿਆਂ ਦੇ ਸ਼ਰਧਾਲੂ ਇੱਕੋ ਦਿਨ ਯਾਤਰਾ ਕਰਕੇ, ਦਰਸ਼ਨ ਕਰਨ ਤੋਂ ਬਾਅਦ ਉਸੇ ਦਿਨ ਸੁਖਾਲੇ ਤਰੀਕੇ ਨਾਲ ਆਪਣੇ ਘਰਾਂ ਨੂੰ ਪਰਤ ਸਕਣਗੇ।

ਇਸ ਹਾਈ-ਸਪੀਡ ਲਿੰਕ ਦੇ ਸ਼ੁਰੂ ਹੋਣ ਨਾਲ ਪੰਜਾਬ ਅਤੇ ਜੰਮੂ-ਕਸ਼ਮੀਰ ਦਰਮਿਆਨ ਵਪਾਰਕ ਅਤੇ ਧਾਰਮਿਕ ਗਤੀਵਿਧੀਆਂ ਨੂੰ ਨਵੀਂ ਰਫ਼ਤਾਰ ਮਿਲਣ ਦੀ ਉਮੀਦ ਹੈ।

# ਭਗਵੰਤ ਮਾਨ ਕੋਲੋਂ ਅਸਤੀਫੇ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕਥਿਤ ਵਿਵਾਦਿਤ ਵੀਡੀਓ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਤੋਂ ਕੀਤੀ ਕਾਰਵਾਈ ਤੋਂ ਬਾਅਦ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਜ਼ੋਰ ਫੜਨ ਲੱਗ ਪਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਤੋਂ ਅਸਤੀਫੇ ਦੀ ਮੰਗ ਕਰਦਿਆਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੀਆਂ ਸ਼ਿਕਾਇਤਾਂ ਦੀ ਗੰਭੀਰਤਾ ਨੂੰ ਵੇਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦੇਸ਼ ਦੀਆਂ ਨਾਮੀ ਲੈਬ ਤੋਂ ਕਰਵਾਈ ਜਾਂਚ ਵਿਚ ਵੀਡੀਓ ਅਸਲ ਸਾਬਤ ਹੋਏ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਦਾ ਅਹੁਦਾ ਬਹੁਤ ਹੀ ਜ਼ਿੰਮੇਵਾਰੀ ਅਤੇ ਮਰਿਆਦਾ ਵਾਲਾ ਹੈ। ਹੁਣ ਜਦੋਂ ਜਾਂਚ ਦੌਰਾਨ ਇਹ ਵੀਡੀਓ ਅਸਲ ਅਤੇ ਪ੍ਰਮਾਣਿਕ ਸਾਬਤ ਹੋਈ ਹੈ ਤਾਂ ਨੈਤਿਕਤਾ ਦੇ ਆਧਾਰ 'ਤੇ ਮੁੱਖ ਮੰਤਰੀ ਨੂੰ ਤੁਰੰਤ ਆਪਣਾ ਅਹੁਦਾ ਛੱਡ ਦੇਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦਾ ਸਤਿਕਾਰ ਕਰਨਾ ਹਰ ਸਿੱਖ ਅਤੇ ਜਨਤਕ ਜੀਵਨ ਨਾਲ ਜੁੜੇ ਵਿਅਕਤੀ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਕਿਸੇ ਵੀ ਤਰ੍ਹਾਂ ਦੀ ਰਾਜਨੀਤਕ ਰੰਗਤ ਦੇਣ ਦੀ ਬਜਾਏ ਸੱਚਾਈ ਅਤੇ ਜਵਾਬਦੇਹੀ ਦੇ ਅਸੂਲਾਂ ਦੇ ਆਧਾਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਜਨਤਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਤੋਂ ਉੱਚ ਨੈਤਿਕ ਮਾਪਦੰਡਾਂ ਦੀ ਉਮੀਦ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਤੇ ਪੰਥਕ ਮਰਿਆਦਾ



ਅਨੁਸਾਰ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਰਹੇਗੀ ਅਤੇ ਹਰ ਆਦੇਸ਼ 'ਤੇ ਡੱਟ ਕੇ ਪਹਿਰਾ ਦੇਵੇਗੀ।

ਸੀਨੀਅਰ ਕਾਂਗਰਸੀ ਆਗੂ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇੱਕ ਕਥਿਤ ਵਾਇਰਲ ਵੀਡੀਓ ਦੀ ਫੋਰੈਂਸਿਕ ਜਾਂਚ ਤੋਂ ਬਾਅਦ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਥ ਵਿਰੋਧੀ ਐਲਾਨਣਾ ਪੰਜਾਬ ਦੇ ਇਤਿਹਾਸ ਵਿੱਚ ਇੱਕ ਬਹੁਤ ਮਹੱਤਵਪੂਰਨ ਘਟਨਾ ਹੈ। ਉਹਨਾਂ ਆਖਿਆ ਕਿ ਇਹ ਕਾਰਵਾਈ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਇਸ ਦੀਆਂ ਪਰੰਪਰਾਵਾਂ ਅਤੇ ਲੱਖਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਬਿਨਾਂ ਕਿਸੇ ਦੇਰੀ ਦੇ ਨੈਤਿਕ ਆਧਾਰ 'ਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਤੁਰੰਤ ਸਿੱਖ ਭਾਈਚਾਰੇ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਦੇਸ਼ ਦੀ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਉੱਚ ਤਕਨੀਕੀ ਫੋਰੈਂਸਿਕ ਲੈਬਾਂ ਦੀਆਂ ਰਿਪੋਰਟਾਂ ਦੇ ਹਵਾਲੇ ਨਾਲ ਭਗਵੰਤ ਮਾਨ ਦੀ ਦਸ ਗੁਰੂ ਸਾਹਿਬਾਨ ਦੀ ਤਸਵੀਰ ਦੀ ਬੇਅਦਬੀ ਨਾਲ ਸਬੰਧਿਤ ਵਿਵਾਦਿਤ ਵੀਡੀਓ ਦੇ ਸਹੀ ਪਾਏ ਜਾਣ ਦਾ ਖ਼ੁਲਾਸਾ ਕੀਤਾ । ਇਸ ਤੋਂ ਬਾਅਦ ਭਗਵੰਤ ਮਾਨ ਕੋਲ ਮੁੱਖ ਮੰਤਰੀ ਅਤੇ ਵਿਧਾਇਕ ਦੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਨੈਤਿਕ, ਸਮਾਜਿਕ ਜਾਂ ਰਾਜਨੀਤਕ ਅਧਿਕਾਰ ਨਹੀਂ ਰਹਿ ਜਾਂਦਾ।

ਉਨ੍ਹਾਂ ਕਿਹਾ ਕਿ ਜੇਕਰ ਇੱਕ ਆਮ ਨਾਗਰਿਕ ਅਜਿਹੇ ਦੋਸ਼ਾਂ ਲਈ ਕਾਨੂੰਨ ਦੇ ਘੇਰੇ ਵਿੱਚ ਆ ਸਕਦਾ ਹੈ ਤਾਂ ਸੂਬੇ ਦਾ ਮੁੱਖ ਮੰਤਰੀ ਕਾਨੂੰਨ ਅਤੇ ਨੈਤਿਕਤਾ ਤੋਂ ਉੱਪਰ ਨਹੀਂ ਹੋ ਸਕਦਾ।

# ਡਿਊਟੀ ਦੌਰਾਨ ਏਐੱਸਆਈ ਨੇ ਖੁਦ ਨੂੰ ਗੋਲੀ ਮਾਰੀ; ਹਾਲਤ ਨਾਜ਼ੁਕ

**ਪੱਟੀ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਟੀ ਕੋਰਟ ਕੰਪਲੈਕਸ ਵਿੱਚ ਸੁਰੱਖਿਆ ਡਿਊਟੀ 'ਤੇ ਤਾਇਨਾਤ ਏਐੱਸਆਈ ਗੁਰਮੀਤ ਸਿੰਘ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਤੇ ਉਹ ਗੰਭੀਰ ਰੂਪ ਵਿੱਚ ਜ਼ਖ਼ਮੀਂ ਹੋ ਗਿਆ। ਗੋਲੀ ਚੱਲਣ ਦੀ ਆਵਾਜ਼ ਸੁਣਾਈ ਦੇਣ ਤੋਂ ਬਾਅਦ ਕੋਰਟ ਕੰਪਲੈਕਸ ਵਿੱਚ ਤਾਇਨਾਤ ਪੁਲੀਸ ਕਰਮਚਾਰੀ ਅਤੇ ਹੋਰ ਲੋਕ ਮੌਕੇ ਵੱਲ ਦੌੜੇ ਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਥਾਣੇਦਾਰ ਗੁਰਮੀਤ ਸਿੰਘ ਨੂੰ ਤੁਰੰਤ ਇਲਾਜ ਲਈ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਪਰ



ਉਸ ਦੀ ਹਾਲਤ ਨਾਜ਼ੁਕ ਹੋਣ ਕਰਕੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਭੇਜ ਦਿੱਤਾ। ਇਹ ਥਾਣੇਦਾਰ ਪੱਟੀ ਨੇੜਲੇ ਪਿੰਡ ਸੈਦਪੁਰ ਦਾ ਰਹਿਣ ਵਾਲਾ ਹੈ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਸੀਨੀਅਰ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ। ਫ਼ਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਏਐੱਸਆਈ ਨੇ ਇਹ ਕਦਮ ਕਿਸ ਕਾਰਨ ਚੁੱਕਿਆ ਹੈ। ਸਥਾਨਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ।

# ਛੇ ਸਾਲਾਂ ਵਿੱਚ ਬਠਿੰਡਾ ਐੱਮਸੀ ਨੇ ਜਾਰੀ ਕੀਤੇ 3,950 ਰੇਹੜੀ-ਫੜੀ ਲਾਇਸੈਂਸ

**ਬਠਿੰਡਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਸ਼ਹਿਰ ਵਿੱਚ ਰੇਹੜੀ-ਫੜੀ ਵਾਲਿਆਂ ਦਾ ਮੁੱਦਾ ਪਿਛਲੇ ਕਈ ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਨਗਰ ਨਿਗਮ ਵੱਲੋਂ ਸਮੇਂ-ਸਮੇਂ 'ਤੇ ਸਟਰੀਟ ਵੈਂਡਰਾਂ ਨੂੰ ਢੁੱਕਵੀਆਂ ਥਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਯਤਨ ਕੀਤੇ ਗਏ, ਪਰ ਇਹ ਕੋਸ਼ਿਸ਼ਾਂ ਹੁਣ ਤੱਕ ਪੂਰੀ ਤਰ੍ਹਾਂ ਸਫ਼ਲ ਨਹੀਂ ਹੋ ਸਕੀਆਂ। ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਸੜਕਾਂ 'ਤੇ ਬਿਨਾਂ ਪਰਵਾਨਗੀ ਬੈਠੇ ਰੇਹੜੀ-ਫੜੀ ਵਾਲਿਆਂ ਕਾਰਨ ਟਰੈਫਿਕ ਜਾਮ ਅਤੇ ਆਵਾਜਾਈ ਦੀਆਂ ਸਮੱਸਿਆਵਾਂ ਲਗਾਤਾਰ ਵਧ ਰਹੀਆਂ ਹਨ।

ਉੱਥੇ ਹੀ ਆਰ ਟੀ ਆਈ ਕਾਰਕੁਨ ਸੰਜੀਵ ਗੋਇਲ ਵੱਲੋਂ 14 ਮਈ 2026 ਨੂੰ 'ਸੂਚਨਾ ਦਾ ਅਧਿਕਾਰ' ਕਾਨੂੰਨ ਤਹਿਤ ਬਠਿੰਡਾ ਨਗਰ ਨਿਗਮ ਤੋਂ ਰੇਹੜੀ-ਫੜੀ ਲਾਇਸੈਂਸਾਂ ਅਤੇ ਉਨ੍ਹਾਂ ਤੋਂ ਹੋਈ ਆਮਦਨ ਸਬੰਧੀ ਜਾਣਕਾਰੀ ਮੰਗੀ ਗਈ ਸੀ।

ਇਸ ਦੇ ਜਵਾਬ ਵਿੱਚ ਨਗਰ ਨਿਗਮ ਨੇ 12 ਜੂਨ 2026 ਨੂੰ ਜਾਣਕਾਰੀ ਮੁਹੱਈਆ ਕਰਵਾਈ। ਪ੍ਰਾਪਤ ਵੇਰਵਿਆਂ ਅਨੁਸਾਰ, ਵਿੱਤੀ ਸਾਲ 2018-19 ਤੋਂ 2025-26 ਤੱਕ ਦੇ ਉਪਲਬਧ 6 ਸਾਲਾਂ ਦੇ ਰਿਕਾਰਡ ਮੁਤਾਬਕ ਕੁੱਲ 3,950 ਲਾਇਸੈਂਸ ਜਾਰੀ ਕੀਤੇ ਗਏ, ਜਿਨ੍ਹਾਂ ਤੋਂ ਨਿਗਮ ਨੂੰ 3 ਲੱਖ 1 ਹਜ਼ਾਰ ਰੁਪਏ ਦੀ ਆਮਦਨ ਹੋਈ। ਸਭ ਤੋਂ ਵੱਧ 1,321 ਲਾਇਸੈਂਸ ਸਾਲ 2019-20 ਵਿੱਚ ਜਾਰੀ ਹੋਏ, ਜਦਕਿ 2020-21 ਵਿੱਚ 890 ਅਤੇ 2022-23 ਵਿੱਚ 868 ਲਾਇਸੈਂਸ ਜਾਰੀ ਕੀਤੇ ਗਏ। ਸਾਲ 2023-24 ਅਤੇ 2024-25 ਲਈ ਕੋਈ ਰਿਕਾਰਡ ਮੌਜੂਦ ਨਹੀਂ ਦੱਸਿਆ ਗਿਆ।

ਸ਼ਹਿਰ ਦੇ ਅਦਾਲਤ ਰੋਡ, ਸਬਜ਼ੀ ਮੰਡੀ, ਰਾਜਿੰਦਰਾ ਕਾਲਜ ਰੋਡ, ਦਾਣਾ ਮੰਡੀ ਰੋਡ, ਅਮਰੀਕ ਸਿੰਘ ਰੋਡ, ਹਸਪਤਾਲ ਬਾਜ਼ਾਰ, ਕਿੱਕਰ ਬਾਜ਼ਾਰ, ਪਾਵਰ ਹਾਊਸ ਰੋਡ, ਜੀ ਟੀ ਰੋਡ ਅਤੇ ਬੱਸ ਸਟੈਂਡ ਇਲਾਕਿਆਂ ਸਮੇਤ ਕਈ ਥਾਵਾਂ 'ਤੇ ਵੱਡੀ ਗਿਣਤੀ ਵਿੱਚ ਰੇਹੜੀ-ਫੜੀ ਵਾਲੇ ਕਾਰੋਬਾਰ ਕਰ ਰਹੇ ਹਨ। ਆਰ ਟੀ ਆਈ ਦੇ ਜਵਾਬ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਸਾਲ 2016 ਤੋਂ ਬਾਅਦ ਨਗਰ ਨਿਗਮ ਵੱਲੋਂ ਸਟਰੀਟ ਵੈਂਡਰਾਂ ਦੀ ਗਿਣਤੀ ਸਬੰਧੀ ਕੋਈ ਸਰਵੇਖਣ ਨਹੀਂ ਕਰਵਾਇਆ ਗਿਆ। ਸੰਜੀਵ ਗੋਇਲ ਦਾ ਅਨੁਮਾਨ ਹੈ ਕਿ ਇਸ ਵੇਲੇ ਬਠਿੰਡਾ ਸ਼ਹਿਰ ਵਿੱਚ ਲਗਪਗ 10 ਹਜ਼ਾਰ ਸਟਰੀਟ ਵੈਂਡਰ ਕੰਮ ਕਰ ਰਹੇ ਹਨ।

# ਮੰਦਰਾਂ ਦੀ ਸੁਰੱਖਿਆ ਲਈ ਕੇਂਦਰੀ ਫੋਰਸਾਂ ਤਾਇਨਾਤ ਕੀਤੀਆਂ ਜਾਣ : ਭਾਜਪਾ ਆਗੂ

**ਬਠਿੰਡਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੀਨੀਅਰ ਆਗੂ ਸੁਖਪਾਲ ਸਰਾਂ ਨੇ ਪੰਜਾਬ ਦੇ ਪ੍ਰਮੁੱਖ ਮੰਦਰਾਂ ਅਤੇ ਗੁਰਦੁਆਰਿਆਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਮੰਦਰ ਮਾਈਸਰਖਾਨਾ, ਦੇਵੀ ਤਲਾਬ ਮੰਦਰ, ਕਾਲੀ ਮਾਤਾ ਮੰਦਰ, ਦੁਰਗਿਆਣਾ ਮੰਦਰ ਅਤੇ ਮੁਕਤੇਸ਼ਵਰ ਮੰਦਰ ਨੂੰ ਈ-ਮੇਲ ਰਾਹੀਂ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲਣ ਦੇ ਮਾਮਲੇ ਬੇਹੱਦ ਚਿੰਤਾਜਨਕ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸੁਰੱਖਿਆ ਚੁਣੌਤੀਆਂ ਨੂੰ ਦੇਖਦੇ ਹੋਏ ਸੂਬਾ ਸਰਕਾਰ ਨੂੰ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਪ੍ਰਬੰਧ ਕਰਨੇ ਚਾਹੀਦੇ ਹਨ।

ਸੁਖਪਾਲ ਸਰਾਂ ਨੇ ਮੰਗ ਕੀਤੀ ਕਿ ਸੰਵੇਦਨਸ਼ੀਲ ਧਾਰਮਿਕ ਸਥਾਨਾਂ 'ਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ, ਤਾਂ ਜੋ ਕਿਸੇ ਵੀ ਅਸਮਾਜਿਕ ਅਨਸਰ, ਅਤਿਵਾਦੀ ਸੰਗਠਨ ਜਾਂ ਸ਼ਰਾਰਤੀ ਤੱਤ ਵੱਲੋਂ ਪੰਜਾਬ ਦੀ ਭਾਈਚਾਰਕ ਸਾਂਝ ਤੇ ਸ਼ਾਂਤੀਪੂਰਨ ਮਾਹੌਲ ਨੂੰ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਵੀ ਅਤਿਵਾਦ ਅਤੇ ਨਸ਼ਿਆਂ ਵਰਗੀਆਂ ਗੰਭੀਰ ਸਮੱਸਿਆਵਾਂ ਦਾ



ਸਾਹਮਣਾ ਕਰ ਚੁੱਕਾ ਹੈ। ਅਜਿਹੇ ਹਾਲਾਤ ਵਿੱਚ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਕਿ ਸੂਬੇ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਸਦਭਾਵਨਾ ਅਤੇ ਧਾਰਮਿਕ ਏਕਤਾ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਧਾਰਮਿਕ ਸਥਾਨ 'ਤੇ ਹਮਲਾ ਸਿਰਫ਼ ਇੱਕ ਭਾਈਚਾਰੇ 'ਤੇ ਨਹੀਂ, ਸਗੋਂ ਪੂਰੇ ਸਮਾਜ ਦੀ ਏਕਤਾ ਅਤੇ ਅਖੰਡਤਾ 'ਤੇ ਹਮਲਾ ਮੰਨਿਆ ਜਾਣਾ ਚਾਹੀਦਾ ਹੈ।

ਭਾਜਪਾ ਆਗੂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਿਵਸਥਾ ਦੀ ਉੱਚ-ਪੱਧਰੀ ਸਮੀਖਿਆ ਕਰਕੇ ਲੋੜੀਂਦੇ ਕਦਮ ਤੁਰੰਤ ਚੁੱਕੇ ਜਾਣ ਅਤੇ ਸੂਬੇ ਦੇ ਲੋਕਾਂ ਵਿੱਚ ਸੁਰੱਖਿਆ ਤੇ ਭਰੋਸੇ ਦਾ ਮਾਹੌਲ ਕਾਇਮ ਕੀਤਾ ਜਾਵੇ।

# ਕਲੀਨ ਪਟਿਆਲਾ,ਗਰੀਨ ਪਟਿਆਲਾ ਰਾਹੀ ਸਾਫ-ਸਫਾਈ ਦਾ ਵੀ ਰੱਖੋ ਧਿਆਨ : ਮੇਅਰ ਗੋਗੀਆ,ਉਪਕਾਰ ਸਿੰਘ

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹੀ ਸ਼ਹਿਰ ਪਟਿਆਲਾ ਦੀ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ( ਰਜਿ) ਪਟਿਆਲਾ ਵੱਲੋਂ ਚਲਾਈ ਮੁਹਿਮ ÷ ਕਲੀਨ ਪਟਿਆਲਾ ਗਰੀਨ ਪਟਿਆਲਾ÷ ਇਸ ਮੁਹਿਮ ਰਾਂਹੀ ਗੁਰੂਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਦੇ ਬਾਹਰਲੇ ਪਾਸੇ ਮੇਨ ਸੜਕ,ਖੰਡਾਂ ਚੌਂਕ ਦੀ ਸਫਾਈ ਮਿਉਂਸਪਲ ਕਾਰਪੋਰੇਸ਼ਨ ਪਟਿਆਲਾ ਦੀ ਪੂਰੀ ਟੀਮ ਦੇ ਅਤੇ ਸਾਹੀ ਸ਼ਹਿਰ ਦੇ ਮੇਅਰ ਕੁੰਦਨ ਗੋਗੀਆ ਜੀ ਦੀ ਰਹਿਨੁਮਾਈ ਵਿੱਚ ਸਫ਼ਾਈ ਕੀਤੀ ਤੇ ਲੋਕਾਂ ਨੂੰ ਮੇਅਰ ਕੁੰਦਨ ਗੋਗੀਆ ਨੇ ਅਪੀਲ ਕੀਤੀ ਇਹ ਸ਼ਹਿਰ ਤਹਾਡਾ ਆਪਣਾ ਹੈ ਇਸ ਦੀ ਸਾਫ- ਸਫ਼ਾਈ ਅਤੇ ਸੁੰਦਰ ਬਣਾਉਣ ਵਿੱਚ ਹਰੇਕ ਸਹਿਰੀ ਦਾ ਫਰਜ ਬਣਦਾ ਹੈ
ਸਾਫ - ਸੁਥਰਾ ਰੱਖਣ ਦੇ ਨਾਲ ਨਾਲ ਵਾਤਾਵਰਣ ਦਾ ਵੀ ਧਿਆਨ ਰੱਖਿਆ ਜਾਵੇ÷ ਹਰ ਮਨੁੱਖ ਲਾਵੇ ਦੋ ਰੁੱਖ ÷ ਮੁਹਿਮ ਨਾ ਜੁੜਿਆ ਜਾਵੇ।ਸਵੱਛਤਾ ਇਸ ਬਾਘਾ ਦੇ ਸ਼ਹਿਰ ਨੂੰ ਸਾਫ-ਸੁਥਰਾ' ਤੇ ਸੁੰਦਰ ਬਣਾਇਆ ਜਾਵੇ।ਵਾਤਾਵਰਨ ਲਈ ਵੀ ਧਿਆਨ ਰੱਖਿਆ ਜਾਵੇ।÷ ਹਰ ਮਨੁੱਖ ਲਾਵੇ ਦੋ ਰੁੱਖ ÷ ਮੁਹਿਮ ਕਲੀਨ ਪਟਿਆਲਾ ਗਰੀਨ ਪਟਿਆਲਾ ਵਿੱਚ ਹਰੇਕ ਪਟਿਆਲਵੀ ਜ਼ਰੂਰ ਆਪਣਾ ਯੋਗਦਾਨ ਪਾਵੇ। ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਵੀ ਦੱਸਿਆ ਕਿ ਅਸੀਂ ਪ੍ਰਸ਼ਾਸ਼ਨ ਦਾ ਵੀ ਸਫ਼ਾਈ ਅਭਿਆਨ,ਸਾਫ ਸਫਾਈ,ਨਸ਼ਿਆਂ ਸਬੰਧੀ, ਅੱਖਾਂ ਦੇ ਕੈਂਪ,ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ ਸਫ਼ਾਈ ਦੇ ਨਾਲ ਨਾਲ ਪਲਾਸਟਿਕ ਮੁਕਤ ਵੀ ਸ਼ਹਿਰ ਪਟਿਆਲਾ ਬਣਾਉਣਾ ਹੈ।' ਪਟਿਆਲਾ ਸ਼ਹਿਰ ਨਗੀਨਾ,ਪ੍ਰਾਉਣਾ ਆਵੇ ਇੱਕ ਦਿਨ ਰਵੇ ਪੂਰਾ ਮਹੀਨਾ।ਇਸ ਮੌਕੇ ਕਾਰਪੋਰੇਸ਼ਨ ਦੀ ਪੂਰੀ ਟੀਮ ਸੁਪਰਵਾਈਜ਼ਰ ਪੂਰੀ ਜੇ ਈ ਬਲਜਿੰਦਰ,ਲੱਕੀ,ਦੀਪਕ ਕਪੂਰ ਚਰਨਪਾਲ ਸਿੰਘ ਟੋਨੀ ਸ਼ਹਿਰ,ਵਿਨੇ ਸਰਵੇਰਾ,ਵਿੱਕੀ ਸਿੰਘ, ਰਮੇਸ਼ ਲਹਿਰ ਤੋਂ ਸੁਰਿੰਦਰਪਾਲ ਸਿੰਘ,ਤਰਸੇਮ ਸਿੰਘ,ਨਰਿੰਦਰ ਸਿੰਘ,ਜਸਵਿੰਦਰ ਨੇ ਵੀ ਸਫ਼ਾਈ ਕੀਤੀ ਇਹ ਸਿਲਸਿਲਾ 1 ਜੂਨ ਤੇ ਲਗਾਤਾਰ ਜਾਰੀ ਹੈ।



# ਜ਼ਿਲ੍ਹਾ ਪ੍ਰਸ਼ਾਸਨ ਸੈਂਸਜ਼ ਡਿਊਟੀ ਨਾ ਕਰਨ ਵਾਲਿਆਂ 'ਤੇ ਮਿਹਰਬਾਨ ਕਿਉਂ ?

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਚ ਜਿਵੇਂ-ਕਿਵੇਂ ਸੈਂਸਜ਼ (ਜਨਗਣਨਾ) 2027 ਦੇ ਪਹਿਲੇ ਪੜਾਅ ਦਾ ਕੰਮ ਨੇਪਰੇ ਚੜ੍ਹ ਗਿਆ। ਇਸ ਬੇਹੱਦ ਗਰਮੀ ਦੇ ਮੌਸਮ ਵਿਚ ਸੈਂਸਜ਼ ਡਿਊਟੀ ਕਰਨ ਵਾਲੇ ਮੁਲਾਜ਼ਮਾਂ ਦੀ ਹਿੰਮਤ ਤੇ ਕੰਮ ਪ੍ਰਤੀ ਲਗਨ ਦੀ ਸ਼ਲਾਘਾ ਕਰਨੀ ਬਣਦੀ ਹੈ, ਜਿਨ੍ਹਾਂ ਵਲੋਂ ਅੱਗ ਵਰਦੀ ਗਰਮੀ ਵਿਚ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਪਰ ਇਸ ਦੇ ਉਲਟ ਕੁਝ ਉਹ ਮੁਲਾਜ਼ਮ ਵੀ ਹਨ, ਜਿਨ੍ਹਾਂ ਵਲੋਂ ਸੈਂਸਜ਼ (ਜਨਗਣਨਾ) ਦੀ ਡਿਊਟੀ ਤੋਂ ਕਰਨ ਤੋਂ ਹੀ ਟਾਲਾ ਵੱਟ ਲਿਆ ਗਿਆ। ਅਜਿਹੇ ਮੁਲਾਜ਼ਮਾਂ ਵਲੋਂ ਸੈਂਸਜ਼ ਵਿਚ ਡਿਊਟੀ ਲੱਗਣ ਦੇ ਬਾਅਵਜੂਦ ਡਿਊਟੀ ਨਹੀਂ ਕੀਤੀ। ਅਜਿਹੇ ਮੁਲਾਜ਼ਮਾਂ 'ਤੇ ਪਟਿਆਲਾ ਦੇ ਜੁਆਇੰਟ ਕਮਿਸ਼ਨਰ ਜਾਂ ਡਿਪਟੀ ਕਮਿਸ਼ਨਰ ਵੀ ਪੂਰੇ ਮਿਹਰਬਾਨ ਹਨ, ਤਾਂ ਹੀ ਤਾਂ ਉਨ੍ਹਾਂ 'ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਹੋ ਰਹੀ। ਕਾਰਵਾਈ ਤਾਂ ਦੂਰ ਦੀ ਗੱਲ ਸਗੋਂ ਮੇਅਰ ਚਹੇਤੇ ਸੈਂਕੜੇ ਮੁਲਾਜ਼ਮਾਂ ਨੂੰ ਇਸ ਡਿਊਟੀ ਤੋਂ ਛੋਟ ਵੀ ਦਿੱਤੀ ਗਈ। ਕੁਝ ਮੁਲਾਜ਼ਮ ਡਿਊਟੀ ਦਾ ਪੱਤਰ ਮਿਲਣ ਤੋਂ ਬਾਅਦ ਡਿਊਟੀ ਕੱਟਵਾਉਣ ਦਾ ਜੁਗਾੜ ਲਗਾ ਗਏ, ਕੁਝ ਟਰੇਨਿੰਗਾਂ ਲੈਣ ਤੋਂ ਬਾਅਦ ਅਤੇ ਕੁਝ ਕਿੱਟਾਂ ਮਿਲਣ ਤੋਂ ਬਾਅਦ ਆਪੋ-ਆਪਣੇ ਲਿੰਕ ਵਰਤ ਗਏ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਜਿਹੇ ਮੁਲਾਜ਼ਮਾਂ ਪ੍ਰਤੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ। ਉਲਟਾਂ ਸਗੋਂ ਤਨਦੇਹੀ ਨਾਲ ਸੈਂਸਜ਼ (ਜਨਗਣਨਾ) ਡਿਊਟੀ ਕਰਨ ਵਾਲੇ ਮੁਲਾਜ਼ਮਾਂ 'ਤੇ ਨਿਧਾਰਤ ਸਮੇਂ ਤੋਂ ਪਹਿਲਾਂ ਕੰਮ ਪੂਰਾ ਕਰਨ ਦਾ ਦਬਾਅ ਬਣਾਇਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮੁਲਾਜ਼ਮਾਂ ਨਾਲ ਐਨਾ ਵੱਡਾ ਵਿਤਕਰਾ ਕੀਤਾ ਜਾ ਰਿਹਾ ਹੈ। ਹਾਲਾਂਕਿ ਜਲੰਧਰ, ਲੁਧਿਆਣਾ ਤੇ ਹੋਰ ਜ਼ਿਲ੍ਹਿਆਂ ਵਿਚ ਡਿਊਟੀ ਨਾ ਕਰਨ ਵਾਲੇ ਮੁਲਾਜ਼ਮਾਂ 'ਤੇ ਕਾਰਵਾਈ ਦੀਆਂ ਖ਼ਬਰਾਂ ਹਨ।

ਭਾਵੇਂ ਜ਼ਿਲ੍ਹੇ ਵਿਚ ਸੈਂਕੜੇ ਮੁਲਾਜ਼ਮਾਂ ਦੀਆਂ ਡਿਊਟੀਆਂ ਸੈਂਸਜ਼ 2027 ਦੇ ਕੰਮ ਵਿਚ ਲੱਗੀਆਂ ਸਨ ਤੇ ਉਨ੍ਹਾਂ ਨੂੰ ਕੱਢੇ ਪੱਤਰ ਵਿਚ ਜ਼ਿਲ੍ਹਾ ਸੈਂਸਜ਼ ਅਫਸਰ ਵਲੋਂ ਡਿਊਟੀ ਨਾ ਕਰਨ 'ਤੇ ਕਾਰਵਾਈ ਕਰਨ ਵਾਲੀ ਲਾਇਨ ਵੀ ਸਭ ਦੇ ਪੱਤਰ ਵਿਚ ਲਿਖੀ ਗਈ ਸੀ, ਪਰ ਇਹ ਕਾਰਵਾਈ ਕਰਨ ਵਾਲੀ ਲਾਈਨ ਸਿਰਫ ਪੱਤਰ ਤੱਕ ਹੀ ਸੀਮਤ ਰਹਿ ਗਈ। ਡਿਪਟੀ ਕਮਿਸ਼ਨਰ, ਕਮਿਸ਼ਨਰ, ਜੁਆਇੰਟ ਕਮਿਸ਼ਨਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਸਭ ਮੁਲਾਜ਼ਮਾਂ ਦੀ ਜਵਾਬ-ਤਲਬੀ ਕਰਕੇ ਬਣਦੀ ਕੀਤੀ ਜਾਵੇ, ਜਿਨ੍ਹਾਂ ਸਭ ਦੀਆਂ ਡਿਊਟੀਆਂ ਇਸ ਕੰਮ ਵਿਚ ਲੱਗੀਆਂ ਸਨ, ਚਾਹੇ ਉਸ ਨੇ ਟਰੇਨਿੰਗ ਲਈ ਹੈ ਜਾਂ ਨਹੀਂ ਲਈ। ਇਸ ਨਾਲ ਤਨਦੇਹੀ ਨਾਲ ਸੈਂਸਜ਼ ਡਿਊਟੀ ਕਰਨ ਵਾਲੇ ਮੁਲਾਜ਼ਮਾਂ ਦਾ ਵੀ ਉਤਸ਼ਾਹ ਵਧੇਗਾ ਤੇ ਉਹ ਦੂਜੇ ਪੜ੍ਹਾਅ ਵਿਚ ਪੂਰੇ ਹੌਂਸਲੇ ਨਾਲ ਡਿਊਟੀ ਕਰਨਗੇ।

# ਤਿਰੋਸਦੀ ਅਤੇ ਸੋਮਤੀ ਅਮੋਸੀਆ ਪ੍ਰਸ਼ੋਤਮ ਮਾਸ ਵਿੱਚ ਸੁਧਾਰ ਸਭਾ ਵੱਲੋਂ ਬੜੀ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਮਨਾਈ ਗਈ



**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿਰੋਸਦੀ ਅਤੇ ਸੋਮਤੀ ਅਮੋਸੀਆ ਪ੍ਰਸ਼ੋਤਮ ਮਾਸ ਵਿੱਚ ਸੁਧਾਰ ਸਭਾ ਵੱਲੋਂ ਬੜੀ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਮਨਾਈ ਗਈ। ਸ਼ਿਵ ਮੰਡਲੀ ਵਲੋਂ ਮਹਿਲਾ ਕੀਰਤਨ ਕੀਤਾ ਗਿਆ ਅਤੇ ਬਿੱਲ ਪੱਤਰ ਦੇ ਪੌਦੇ ਲਗਾਏ ਗਏ। ਆਤਰੀ ਉਪਰੰਤ ਪੂਰਨ ਖਜਾਨਚੀ ਦੀ ਪੋਤਰੀ ਕਸ਼ਿਸ਼ ਦਾ ਜਨਮ ਦਿਨ ਮਨਾਇਆ ਗਿਆ ਅਤੇ ਰਾਧਾ ਕਿਸ਼ਨ ਅਤੇ ਧਾਰਮਿਕ ਅਤੇ ਵਿਸ਼ੇਸ਼ ਕਰਕੇ ਰਾਧਾ ਕ੍ਰਿਸ਼ਨ ਜੀ ਦੇ ਗੀਤ ਗਾਏ ਗਏ। ਬੱਚਿਆਂ ਵਿੱਚ ਟੋਫੀਆਂ, ਚੋਕਲੇਟ ਆਦਿ ਵੰਡੀਆਂ ਗਈਆਂ ਅਤੇ ਅਟੁੱਟ ਲੰਗਰ ਵਰਤਾਇਆ ਗਿਆ। ਭਗਤਾਂ ਨੇ ਪ੍ਰਭੂ ਭਗਤੀ ਦਾ ਪੂਰਾ ਆਨੰਦ ਲਿਆ ਅਤੇ ਸੰਗਤ ਵਿੱਚ ਪੰਗਤ ਬੈਠ ਕੇ ਲੰਗਰ ਛੱਕਿਆ ਗਿਆ। ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨੇ ਲੰਗਰ ਬਣਾਉਣ ਅਤੇ ਵਰਤਾਉਣ ਦੀ ਸੇਵਾ ਕੀਤੀ। 15-06-2026 ਨੂੰ ਸੁਮਤੀ ਮੱਸਿਆ ਜਿਹੜੀ ਕਿ ਇਸ ਦਿਨ ਪ੍ਰਸ਼ੋਤਮ ਮਾਸ ਸਮਾਪਨ ਹੋਇਆ ਹੈ। ਇਹ ਸਮੋਤੀ ਮਸਿਆ ਦਾ ਯੋਗ ਜੇਠ ਮਹੀਨੇ ਵਿੱਚ 30 ਸਾਲ ਮਗਰੋਂ ਆਇਆ ਹੈ। ਸੇਵਾਮੁਕਤ ਪੰਡਿਤ ਸ਼ਿਵਨੀ ਸ਼ਰਮਾ ਨੇ ਦੱਸਿਆ ਕਿ ਪਿੱਤਰਾਂ ਨੂੰ ਇਹ ਦਿਨ ਅਰਪਿਤ ਹੈ। ਇਸ ਦਿਨ ਦਾਨ, ਪੁੰਨ, ਇਸ਼ਨਾਨ ਅਤਿ ਸ਼ੁਭ ਮੰਨਿਆ ਗਿਆ ਹੈ। ਸੁਧਾਰ ਸਭਾ ਨੇ ਮੇਰੀ ਸੁਰਤ ਵਿੱਚ ਇਹ ਪਹਿਲੀ ਵਾਰੀ ਮਨਾਇਆ ਹੈ। ਸਵੇਰੇ ਸਵੇਰੇ ਖੀਰ ਦਾ ਪ੍ਰਸ਼ਾਦ ਮੰਦਿਰ ਵਿੱਚ ਲਗਾ ਕੇ ਭਗਤਾ ਨੂੰ ਵਰਤਾਇਆ ਗਿਆ ਅਤੇ ਸ਼ਾਮ ਨੂੰ 5:00 ਵਜੇ ਸ਼ਿਵ ਜੀ ਦੀ ਮੂਰਤੀ ਦੇ ਕੋਲ ਵੀ ਵਰਤਾਇਆ ਗਿਆ। ਮੰਦਿਰ ਦੇ ਵਿੱਚ ਆਰਤੀ ਉਪਰੰਤ ਖੀਰ ਪੂੜੇ ਦਾ ਲੰਗਰ ਵਰਤਾਇਆ ਗਿਆ। ਹੋਰ ਭਗਤਾਂ ਵੱਲੋਂ ਵੀ ਤਰ੍ਹਾਂ-ਤਰ੍ਹਾਂ ਦੇ ਪਕਵਾਨ ਬਜੁਰਗਾਂ ਦੇ ਨਿਮ੍ਰਤ ਵੰਡਿਆ ਗਿਆ। ਸ਼ਾਮ ਨੂੰ ਆਰਤੀ ਉਪਰੰਤ ਮੰਦਿਰ ਵਿੱਚ ਸੰਗਤਾਂ ਦਾ ਇਕੱਠ ਮੇਲੇ ਦਾ ਰੂਪ ਧਾਰਨ ਕਰ ਗਿਆ। ਲੋਕਾਂ ਵੱਲੋਂ ਅਰਾਮ ਨਾਲ ਲੰਗਰ ਛੱਕਿਆ। ਮੁਹੱਲਾ ਨਿਵਾਸੀਆਂ ਅਤੇ ਸ਼ਹਿਰ ਨਿਵਾਸੀਆਂ ਨੇ ਦੱਸਿਆ ਕਿ ਜਦੋਂ ਦੀ ਸ਼ਿਵ ਜੀ ਦੀ ਵਿਸ਼ਾਲ ਮੂਰਤੀ ਬਣੀ ਹੈ ਅਤੇ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਦੀ ਸਥਾਪਨਾ ਹੋਈ ਹੈ ਉਸ ਤੋਂ ਬਾਅਦ ਮੰਦਿਰ ਜਗ ਮਗਾ ਗਿਆ ਅਤੇ ਲੋਕਾਂ ਦੀ ਆਵਾਜਾਈ ਬਹੁਤ ਵੱਧ ਗਈ ਹੈ। ਹਰ ਬੰਦਾ ਕਹਿੰਦਾ ਹੈ ਇੱਥੇ ਆ ਕੇ ਮੱਥਾ ਟੇਕ ਕੇ ਜ਼ੋ ਵੀ ਮਨਤ ਮੰਨਦੇ ਹਾਂ ਭੋਲੇ ਬਾਬਾ ਪੂਰੀ ਕਰਦੇ ਹਨ। ਸੁਧਾਰ ਸਭਾ ਵੱਲੋਂ ਬੇਨਤੀ ਹੈ ਕਿ ਵੱਧ ਤੋਂ ਵੱਧ ਭਗਤਾ ਆ ਕੇ ਨਤਮਸਤਕ ਹੋਣ ਅਤੇ ਭੋਲੇ ਬਾਬਾ ਜੀ ਦਾ ਅਸ਼ਿਰਵਾਦ ਪ੍ਰਾਪਤ ਕਰਨ।

# ਦਰਜਾ ਚਾਰ ਮਾਲੀਆਂ ਨੇ ਯੂਨੀਅਨ ਦਫਤਰ ਰਾਜਪੁਰਾ ਕਾਲੋਨੀ ਵਿਖੇ ਇਕੱਤਰਤਾ ਕੀਤੀ




**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ 1680 ਨਾਲ ਸਬੰਧਤ ਪੰਜਾਬ ਲੋਕ ਨਿਰਮਾਣ ਵਿਭਾਗ ਅਤੇ ਸ਼ਾਖਾ ਬਾਗਬਾਨੀ ਮੰਡਲ ਪਟਿਆਲਾ ਦੇ ਆਊਟ ਸੋਰਸ ਦਰਜਾ ਚਾਰ ਮਾਲੀਆਂ ਵੱਲੋਂ ਯੂਨੀਅਨ ਦਫਤਰ ਰਾਜਪੁਰਾ ਕਾਲੋਨੀ ਵਿਖੇ ਇਕੱਤਰਤਾ ਕੀਤੀ। ਇਸ ਇਕੱਤਰਤਾ ਵਿੱਚ ਸਾਥੀ ਦਰਸ਼ਨ ਸਿੰਘ ਲੁਬਾਣਾ ਪੰਜਾਬ ਪ੍ਰਧਾਨ ਵੀ ਸ਼ਾਮਲ ਹੋਏ। ਇਕੱਤਰਤਾ ਵਿੱਚ ਆਊਟ ਸੋਰਸ ਕਰਮੀਆਂ ਨੂੰ ਵਿਭਾਗ ਦਾ ਹਿੱਸਾ ਬਣਾਉਣ ਭਾਵ ਇਨਸ਼ੋਰਸ ਕਰਨ ਅਤੇ ਸੇਵਾਵਾ ਰੈਗੂਲਰ ਕਰਨ ਲਈ ਵਿਭਾਗ ਵੱਲੋਂ ਕਰਮੀਆਂ ਪਾਸੋਂ ਮੰਗੇ ਗਏ ਸਨਾਖਤੀ ਪ੍ਰਫ ਇਕੱਤਰ ਕਰਕੇ ਮੰਡਲ ਦਫਤਰ ਨੂੰ ਦੇਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਤੇ ਸੂਬਾ ਪ੍ਰਧਾਨ ਸਾਥੀ ਦਰਸ਼ਨ ਸਿੰਘ ਲੁਬਾਣਾ ਨੇ ਕਾਰਜਕਾਰੀ ਮੰਡਲ ਨਾਲ ਟੈਲੀਫੋਨ ਤੇ ਗੱਲਬਾਤ ਕਰਕੇ ਮੰਗੇ ਗਏ ਡਾਕੂਮੈਂਟਸ ਬਾਰੇ ਸਪਸ਼ਟ ਕੀਤਾ ਸਬੰਧਤ ਡਾਕੂਮੈਂਟ ਕਰਮਚਾਰੀ ਦੋ ਦਿਨਾਂ ਤੇ ਅੰਦਰ-ਅੰਦਰ ਇਕੱਠੇ ਕਰਕੇ ਦੇਣ ਚਾਰਾਜੋਈ ਕਰਨਗੇ।

# ਚੈਰੀਟੇਬਲ ਟਰੱਸਟ ਵਲੋਂ ਮੈਡੀਕਲ ਕੈਂਪ ਕ੍ਰੀਵੀ ਮੈਡੀਕਲ ਕੈਂਪ ਲਗਾਇਆ ਗਿਆ

**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸ਼ਨ ਚੰਦ ਗੋਇਲ ਮੈਮੋਰੀਅਲ ਚੈਰੀਟੇਬਲ ਟਰੱਸਟ ਵਲੋਂ ਮੈਡੀਕਲ ਕੈਂਪ ਕ੍ਰੀਵੀ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਡਾਕਟਰ ਅਨਿਲ ਗੋਇਲ ਵਲੋਂ ਮਰੀਜਾਂ ਦਾ ਚੈਕਅੱਪ ਕੀਤਾ ਗਿਆ ਅਤੇ ਮਰੀਜਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਲਗਾਉਣ ਨਾਲ ਨਜਦੀਕ ਦੇ ਲੋਕ ਇਸਦਾ ਲਾਭ ਲੈ ਸਕਦੇ ਹਨ ਅਤੇ ਆਪਣੀ ਸਹੀ ਢੰਗ ਨਾਲ ਇਲਾਜ ਕਰਵਾ ਸਕਦੇ ਹਨ। ਇਸ ਤਰ੍ਹਾਂ ਦੇ ਕੈਂਪ ਸਮੇਂ-ਸਮੇਂ ਤੇ ਹੋਰ ਵੀ ਲਗਾਏ ਜਾਣਗੇ ਅਤੇ ਬਰਸਾਤ ਦਾ ਮੌਸਮ ਵੀ ਆ ਰਿਹਾ




ਹੈ ਅਤੇ ਡੇਂਗੂ ਆਦਿ ਦਾ ਡਰ ਬਣਿਆ ਰਹਿੰਦਾ ਹੈ। ਜਿਸ ਵਿੱਚ ਬਚਾਓ ਬਹੁਤ ਜਰੂਰੀ ਹੈ। ਸਮੇਂ ਸਿਰ ਡਾਕਟਰ ਨੂੰ ਦਿਖਾਉਣਾ ਜਰੂਰੀ ਹੈ। ਇਸ ਅਵਸਰ ਤੇ ਅਮਿਤ ਕੁਮਾਰ ਗੋਇਲ ਅਤੇ ਅਧਿਕਾਰੀ ਵੀ ਹਾਜਰ ਸਨ।

# ਗੁਰਬਖਸ਼ ਸਿੰਘ ਉਬਰਾਏ ਜਿਲਾ ਖਤਰੀ ਸਭਾ ਦਾ ਚੇਅਰਮੈਨ ਬਨਾਉਣ 'ਤੇ ਕੀਤਾ ਸਨਮਾਨ



**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ੋਸ਼ਲ ਵੈਲਫੇਅਰ 25 ਸਾਲਾਂ ਤੋਂ ਲੋਕ ਸੇਵਾ ਦੇ ਕਾਰਜ ਕਰ ਰਹੀ ਹੈ ਅਤੇ ਆਪਣਾ ਸਿਲਵਰ ਜੁਬਲੀ ਸਾਲ ਮਨਾ ਰਹੀ ਹੈ ਜ਼ੋ ਸ਼ਲਾਘਾਯੋਗ ਕਦਮ ਹੈ। ਅੱਜ ਸਵੇਰੇ ਸੈਰ ਕਰਨ ਸਮੇਂ ਸ੍ਰੀ ਜਗਦੀਸ਼ ਅਹੁਜਾ ਸਮਾਜ ਸੇਵਕ ਜ਼ੋ ਲਗਾਤਾਰ ਸੇਵਾ ਦੇ ਕਾਰਜ ਕਰ ਰਹੇ ਹਨ ਹਰ ਰਵੀਵਾਰ ਉਹ ਸਵੇਰੇ ਸੈਰ ਕਰਨ ਵਾਲਿਆ ਲਈ ਚਾਹ ਦਾ ਲੰਗਰ ਲਗਾਉਂਦੇ ਹਨ ਅਤੇ ਜਨਮ ਦਿਨ ਅਤੇ ਸਾਲਗਿਰਾ ਨੂੰ ਵੀ ਮਨਾਉਂਦੇ ਹਨ ਅਤੇ ਵੱਖ-ਵੱਖ ਸਮਾਜ ਸੇਵਾ ਲਈ ਹਾਜਰ ਰਹਿੰਦੇ ਹਨ। ਇਸ ਲਈ ਅੱਜ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਮੁੱਖ ਮਹਿਮਾਨ ਸ੍ਰੀ ਤੇਜਿੰਦਰ ਮਹਿਤਾ ਚੇਅਰਮੈਨ ਜਿਲਾ ਪਲੈਨਿੰਗ ਬੋਰਡ ਅਤੇ ਸੋਸਾਇਟੀ ਦੇ ਪ੍ਰਧਾਨ ਵਿਜੈ ਗੋਇਲ ਉਹਨਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਦੇ ਨਾਲ ਨਾਲ ਸ੍ਰੀ ਗੁਰਬਖਸ਼ ਸਿੰਘ ਉਬਰਾਏ ਜਿਲਾ ਖਤਰੀ ਸਭਾ ਦਾ ਚੇਅਰਮੈਨ ਬਨਾਉਦ ਹਿੱਤ ਉਨ੍ਹਾਂ ਦਾ ਸਨਮਾਨ ਕੀਤਾ ਗਿਆ । ਇਸ ਅਵਸਰ ਸ੍ਰੀ ਤੇਜਿੰਦਰ ਮਹਿਤਾ ਵਲੋਂ ਸੋਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ।

ਉਨ੍ਹਾਂ ਨੇ ਦੱਸਿਆ ਕਿ ਸੋਸਾਇਟੀ ਵਲੋਂ ਮੁਫ਼ਤ ਮੈਡੀਕਲ ਕੈਂਪ, ਪਲਾਸਟਿਕ ਨੂੰ ਖਤਮ ਕਰਨ ਲਈ ਹੁਣ ਤੱਕ ਡੇਢ ਲੱਖ ਤੋਂ ਉਪਰ ਕੱਪੜੇ ਦੇ ਥੈਲੇ ਵੰਡੇ ਗਏ।

ਪਲਾਸਟਿਕ ਨੂੰ ਖਤਮ ਕਰਨਾ ਜਰੂਰੀ ਪਲਾਸਟਿਕ ਦੇ ਕਾਫੀ ਨੁਕਸਾਨ ਹਨ। ਇਹ ਗਲਦਾ ਨਹੀਂ ਅਤੇ ਜ਼ੋ ਵੀ ਸਮਾਨ ਇਸ ਵਿੱਚ ਆਉਂਦਾ ਹੈ ਉਹ ਖਰਾਬ ਹੋ ਜਾਂਦਾ ਹੈ। ਇਸ ਲਈ ਸਵੇਰੇ ਸਬਜੀ, ਫਲ ਅਤੇ ਕੋਈ ਵਸਤੂ ਥੈਲੇ ਵਿੱਚ ਲਿਆਓ ਸਮਾਨ ਵੀ ਸੇਫ ਅਤੇ ਬਿਮਾਰੀਆਂ ਤੋਂ ਵੀ ਬਚਾਓ, ਕੋਵਿਡ ਦੇ ਸਮੇਂ ਵੀ 51 ਕੈਂਪ ਟੀਕਾ ਕਰਨ ਦੇ ਲਗਾਏ ਗਏ। ਇਸ ਅਵਸਰ ਤੇ ਸ੍ਰੀ ਲੱਕੀ ਉਬਰਾਏ, ਵਿਜੇ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸ਼ੋਸ਼ਨ ਵੈਲਫੇਅਰ, ਮਹਿੰਦਰ ਭਾਟਿਆ, ਅਮਿਤ ਕੁਮਾਰ ਗੋਇਲ ਹਜਰ ਸਨ। ਬਲਰਾਜ ਸ਼ਰਮਾ, ਜ਼ਸਵੰਤ ਸਿੰਘ ਕੋਹਲੀ, ਤਾਰਾ ਸਿੰਘ ਭਵਰਾ, ਗੁਰਮੀਤ ਸਿੰਘ, ਲਵਲੀ, ਅਸ਼ੋਕ ਮਲਹੋਤਰਾ, ਵਿਜੇ ਜਨੇਜਾ ਆਦਿ ਹਾਜਰ ਸਨ।

# ਮਾਤਾ ਪੰਜਾਬ ਕੌਰ ਦਾ ਜੀਵਨ ਬਿਰਤਾਂਤ



ਮਾਤਾ ਪੰਜਾਬ ਕੌਰ ਨੂੰ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੀ ਗੁਰੂ-ਨੂੰਹ ਹੋਣ ਦਾ ਮਾਣ ਮਿਲਿਆ ਹੈ। ਮਾਤਾ ਜੀ ਅਜਿਹੀ ਹਸਤੀ ਹੋਏ ਹਨ, ਜਿਨ੍ਹਾਂ ਨੇ ਗੁਰੂ ਘਰ ਤੋਂ ਦੂਰ ਹੋਏ ਬਾਬਾ ਰਾਮ ਰਾਇ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਗੁਰੂ ਗੋਬਿੰਦ ਸਿੰਘ ਜੀ ਬਾਬਾ ਰਾਮ ਰਾਇ ਦੇ ਚਾਚਾ ਲੱਗਦੇ ਸਨ।

ਮਾਤਾ ਜੀ ਦੇ ਜਨਮ ਦਿਹਾੜੇ ਦੀ ਖ਼ੁਸ਼ੀ ਵਿੱਚ ਹਰ ਸਾਲ ਅਪਰੈਲ ਮਈ ਵਿੱਚ ਵੈਸਾਖ ਦੀ ਪੰਚਮੀ ਮੌਕੇ ਦੋਆਬੇ ਦੇ ਪਿੰਡ ਨੰਗਲ ਅੰਬੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿੱਚ ਮੇਲਾ ਲਾਇਆ ਜਾਂਦਾ ਹੈ। ਦੋ ਦਿਨ ਤੱਕ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਅਤੇ ਅਤੁੱਟ ਲੰਗਰ ਵਰਤਾਇਆ ਜਾਂਦਾ ਹੈ। ਇਹ ਮੇਲਾ ਸੰਨ 1947 ਤੋਂ ਪਹਿਲਾਂ ਵੀ ਪਿੰਡ ਨੰਗਲ ਅੰਬੀਆਂ ਵਿੱਚ ਮੁਸਲਮਾਨਾਂ ਦੀ ਵੱਧ ਗਿਣਤੀ ਹੋਣ ਦੇ ਬਾਵਜੂਦ, ਇੱਥੋਂ ਦੇ ਮੁੱਢਲੇ ਵਸਨੀਕ ਰਾਮਗੜ੍ਹੀਆ ਸਿੱਖ ਭਾਈਚਾਰੇ ਵੱਲੋਂ ਬੜੇ ਉਤਸ਼ਾਹ ਨਾਲ ਲਾਇਆ ਜਾਂਦਾ ਰਿਹਾ ਹੈ। ਹਰ ਮਹੀਨੇ ਦੀ ਪੰਚਮੀ ਵਾਲੇ ਦਿਨ ਦੂਰੋਂ-ਨੇੜਿਉਂ, ਦੇਸ਼-ਵਿਦੇਸ਼ ਤੋਂ ਸ਼ਰਧਾਲੂ ਮਾਤਾ ਜੀ ਦੇ ਸਥਾਨ 'ਤੇ ਸਿਰ ਝੁਕਾਉਣ ਲਈ ਪੁੱਜਦੇ ਹਨ ਅਤੇ ਆਪਣੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ।

ਸਿੱਖ ਇਤਿਹਾਸਕਾਰ ਭਾਈ ਗਰਜਾ ਸਿੰਘ ਦੇ ਭੱਟ ਵਹੀਆਂ ਦੇ ਗੁਰਮੁਖੀ ਲਿਪੀ-ਅੰਤਰ ਦੇ ਖੋਜ ਕਾਰਜ ਅਨੁਸਾਰ ਮਾਤਾ ਪੰਜਾਬ ਕੌਰ ਦਾ ਜਨਮ ਵੈਸਾਖ ਸੁਦੀ ਪੰਚਮੀ ਬਿਕਰਮੀ ਸੰਮਤ 1710 (5 ਵੈਸਾਖ 1653 ਈਸਵੀ) ਨੂੰ ਰਾਮ ਨਰੈਣ ਬੱਸੀ ਅਤੇ ਪਰਮੇਸ਼ਰੀ ਦੇ ਘਰ ਪਿੰਡ ਨੰਗਲ ਅੰਬੀਆਂ (ਜਲੰਧਰ) ਵਿੱਚ ਹੋਇਆ। ਕੁਝ ਲੇਖਕਾਂ ਨੇ ਮਾਤਾ ਪਰਮੇਸ਼ਰੀ ਦੇਵਕੀ ਲਿਖਿਆ ਹੈ। ਮਹੰਤ ਮਾਨ ਦਾਸ ਮਾਤਾ ਜੀ ਦੇ ਵਿੱਦਿਆ ਗੁਰੂ ਹੋਏ। ਮਾਤਾ ਜੀ ਦਾ ਘਰ ਪਿੰਡ ਦੇ ਦੱਖਣ-ਪੱਛਮ ਪਾਸੇ ਸਥਿਤ ਸੀ, ਜਿੱਥੇ ਅੱਜ ਮਾਤਾ ਜੀ ਦੀ ਯਾਦ ਵਿੱਚ ਡੇਰਾ ਪਿੱਪਲੀ ਸਾਹਿਬ ਸਥਾਪਿਤ ਹੈ।

ਬਚਪਨ ਵਿੱਚ ਹੀ ਮਾਤਾ ਜੀ ਬਹੁਤ ਕਰਨੀ ਵਾਲੇ ਸਨ। ਜਦ ਮਾਤਾ ਜੀ ਆਪਣੀਆਂ ਸਹੇਲੀਆਂ ਨਾਲ ਖੂਹ ਤੋਂ ਪਾਣੀ ਗਾਗਰਾਂ ਵਿੱਚ ਭਰ ਕੇ ਲਿਆਉਂਦੇ ਤਾਂ ਮਾਤਾ ਜੀ ਦੀ ਗਾਗਰ ਉਨ੍ਹਾਂ ਦੇ ਸਿਰ ਤੋਂ ਦੋ ਗਿੱਠ ਉੱਚੀ ਹੁੰਦੀ। ਇੱਕ ਵਾਰ ਸਾਉਣ ਦੇ ਮਹੀਨੇ ਕੁੜੀਆਂ ਪੀਂਘ ਝੂਟ ਰਹੀਆਂ ਸਨ ਤਾਂ ਸਹੇਲੀਆਂ ਨੇ ਮਾਤਾ ਜੀ ਨੂੰ ਪੀਂਘ ਝੂਟਣ ਨਾ ਦਿੱਤੀ। ਮਾਤਾ ਜੀ ਆਪਣੇ ਘਰੋਂ ਕੱਚੇ ਤੰਦ ਦੇ ਸੂਤ ਦੇ ਗਲੋਟੇ ਲੈ ਕੇ ਪਿੱਪਲ ਦੇ ਟਾਹਣੇ 'ਤੇ ਕੱਚੇ ਤੰਦ ਦੀ ਪੀਂਘ ਪਾ ਕੇ ਝੂਟਣ ਲੱਗੇ। ਸਾਰੀਆਂ ਸਹੇਲੀਆਂ ਹੈਰਾਨ ਖੜ੍ਹੀਆਂ ਦੇਖਦੀਆਂ ਰਹੀਆਂ ਕਿ ਮਾਤਾ ਜੀ ਤਾਂ ਕਿਸੇ ਰੱਬੀ ਸ਼ਕਤੀ ਦਾ ਪ੍ਰਤੀਕ ਹਨ। ਇਸ ਗੱਲ ਦੀ ਸਾਰੇ ਪਾਸੇ ਚਰਚਾ ਹੋ ਗਈ। ਇਹ ਪਿੱਪਲ ਅੱਜ ਵੀ ਡੇਰੇ ਵਿੱਚ ਮੌਜੂਦ ਹੈ। ਇਹ ਪਿੱਪਲੀ ਮਾਤਾ ਜੀ ਦੇ ਜਨਮ ਤੋਂ ਪਹਿਲਾਂ ਦੀ ਹੈ, ਜਿਸ ਨੂੰ ਉਸ ਸਮੇਂ ਦੇ ਜ਼ੈਲਦਾਰ ਅੰਮੀਆਂ ਨੇ ਵੱਢਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਹ ਪਿੱਪਲੀ ਫਿਰ ਹਰੀ-ਭਰੀ ਹੋ ਗਈ ਅਤੇ ਜ਼ੈਲਦਾਰ ਨੂੰ ਆਵਾਜ਼ ਆਈ ਕਿ ਇਹ ਪਿੱਪਲੀ ਮਾਤਾ ਪੰਜਾਬ ਕੌਰ ਦੀ ਹੈ, ਉਹ ਇਸ ਨੂੰ ਨਾ ਛੇੜੇ। ਇਸ ਤੋਂ ਬਾਅਦ ਉਸ ਨੇ ਇਸ ਦੇ ਨੇੜਲੀ ਜ਼ਮੀਨ ਛੱਡ ਦਿੱਤੀ। ਇਸੇ ਅੰਮੀਆ ਜ਼ੈਲਦਾਰ ਦੇ ਨਾਂ 'ਤੇ ਹੀ ਪਿੰਡ ਨੰਗਲ ਅੰਬੀਆਂ ਦਾ ਨਾਮ ਪਿਆ।

ਕੁਝ ਇਤਿਹਾਸਕਾਰ ਦੱਸਦੇ ਹਨ ਕਿ ਜਦੋਂ ਬਾਲੜੀ ਪੰਜਾਬ ਕੌਰ ਨੌਂ ਕੁ ਵਰ੍ਹਿਆਂ ਦੇ ਸਨ ਤਾਂ ਬਾਬਾ ਰਾਮ ਰਾਇ ਜੀ ਦੇ ਚਾਰ ਸੇਵਕ ਉਨ੍ਹਾਂ ਦੀ ਖ਼ੂੰਡੀ ਅਤੇ ਰੁਮਾਲ ਲੈ ਕੇ ਮਾਤਾ ਜੀ ਦੇ ਮਾਪਿਆਂ ਕੋਲ ਉਨ੍ਹਾਂ ਦੇ ਵਿਆਹ ਦਾ ਸੁਨੇਹਾ ਲੈ ਕੇ ਆਏ, ਕਿਉਂਕਿ ਬਾਬਾ ਰਾਮ ਰਾਇ ਜੀ ਸੱਤਵੇਂ ਗੁਰੂ ਦਾ ਹੁਕਮ ਮੰਨਦਿਆਂ ਖ਼ੁਦ ਪੰਜਾਬ ਨਹੀਂ ਆ ਸਕਦੇ ਸਨ। ਮਾਤਾ ਜੀ ਦੇ ਮਾਤਾ-ਪਿਤਾ ਖ਼ੁਸ਼ੀ-ਖ਼ੁਸ਼ੀ ਰਜ਼ਾਮੰਦ ਹੋ ਗਏ। ਕੁਝ ਸਮਾਂ ਬਾਅਦ ਮਾਤਾ ਪੰਜਾਬ ਕੌਰ ਜੀ ਦਾ ਡੋਲਾ ਨੂਰਪੁਰ ਚੱਠਿਆਂ, ਨਕੋਦਰ ਹੁੰਦਿਆਂ, ਖੁੜਵੜਾ (ਦੇਹਰਾਦੂਨ) ਪਹੁੰਚਿਆ, ਜਿੱਥੇ ਮਾਤਾ ਜੀ ਦੇ ਮਾਪਿਆਂ ਨੇ ਮੁਹੱਲਾ ਖੁੜਵੜਾ ਵਿੱਚ ਜਗ੍ਹਾ ਖਰੀਦ ਕੇ ਘਰ ਬਣਵਾਇਆ ਅਤੇ ਆਪਣੀ ਧੀ ਦੀ ਸ਼ਾਦੀ ਬੇਦੀ ਦੀਆਂ ਰਸਮਾਂ ਅਨੁਸਾਰ ਬਾਬਾ ਜੀ ਨਾਲ ਕੀਤੀ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਮਾਤਾ ਪੰਜਾਬ ਕੌਰ ਦੀ ਮੰਗਣੀ ਉਨ੍ਹਾਂ ਦੇ ਮਾਪਿਆਂ ਨੇ ਕੀਰਤਪੁਰ ਸਾਹਿਬ ਵਿੱਚ ਸੱਤਵੇਂ ਗੁਰੂ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨਾਲ ਕਰ ਦਿੱਤੀ ਸੀ। ਫਿਰ 1665 ਈਸਵੀ, ਦਿਨ ਸੋਮਵਾਰ, ਜਦੋਂ ਮਾਤਾ ਪੰਜਾਬ ਕੌਰ ਬਾਰਾਂ ਵਰ੍ਹਿਆਂ ਦੇ ਸਨ, ਉਦੋਂ ਬਾਬਾ ਰਾਮ ਰਾਇ ਜੀ ਨੇ ਆਪਣੇ ਸੇਵਕ ਹੱਥ ਤੀਰ, ਕਮਾਨ ਅਤੇ ਪਟਕਾ ਭੇਜ ਕੇ ਮਾਤਾ ਜੀ ਦੇ ਮਾਪਿਆਂ ਨੂੰ ਵਿਆਹ ਲਈ ਆਖਿਆ, ਜਿਸ ਨੂੰ ਮਾਤਾ ਜੀ ਦੇ ਮਾਪਿਆਂ ਨੇ ਖ਼ੁਸ਼ੀ-ਖ਼ੁਸ਼ੀ ਪਰਵਾਨ ਕਰ ਲਿਆ। ਇਹ ਤਿੰਨੇ ਵਸਤਾਂ ਬਾਬਾ ਰਾਮ ਰਾਇ ਜੀ ਦੇ ਮਾਤਾ ਸੁਲੱਖਣੀ ਜੀ ਨੇ ਕੀਰਤਪੁਰ ਤੋਂ ਭੇਜੀਆਂ ਸਨ।

ਭਾਈ ਗੁਲਾਬ ਸਿੰਘ ਦੀ ਗੁਰਪ੍ਰਣਾਲੀ ਅਨੁਸਾਰ ਬਾਬਾ ਰਾਮ ਰਾਇ ਜੀ ਦੀਆਂ ਚਾਰ ਪਤਨੀਆਂ – ਮਾਤਾ ਪੰਜਾਬ ਕੌਰ, ਮਾਤਾ ਰਾਜ ਕੌਰ, ਮਾਤਾ ਲਾਲ ਕੌਰ ਅਤੇ ਮਾਤਾ ਮਲੂਕੀ ਸਨ।

ਡਾ. ਮਹਿੰਦਰ ਕੌਰ ਗਿੱਲ ਜੀ ਦੀ ਪੁਸਤਕ 'ਤੂੰ ਸਤਵੰਤੀ ਤੂੰ ਪਰਧਾਨੁ' ਵਿੱਚ ਲਿਖਿਆ ਮਿਲਦਾ ਹੈ ਕਿ ਮਾਤਾ ਪੰਜਾਬ ਕੌਰ ਨੂੰ ਹੀ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਦੀ ਇਕਲੌਤੀ ਨੂੰਹ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ।

ਮਾਤਾ ਜੀ ਆਪਣੇ ਪਤੀ ਦੇ ਆਗਿਆਕਾਰੀ ਸਨ। ਉਨ੍ਹਾਂ ਨੇ ਚਿਰੀਂ ਵਿਛੁੰਨੇ ਚਾਚੇ-ਭਤੀਜੇ, ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਰਾਮ ਰਾਇ ਜੀ ਦਾ ਮੇਲ-ਮਿਲਾਪ ਕਰਵਾਇਆ। ਬਾਬਾ ਜੀ ਭਗਤੀ-ਸਾਧਨਾ ਵਿੱਚ ਲੀਨ ਰਹਿੰਦੇ ਸਨ ਅਤੇ ਡੇਹਰੇ ਦਾ ਕੰਮ ਮਾਤਾ ਜੀ ਦੇਖਦੇ ਸਨ। ਪਰ ਈਰਖਾਲੂ, ਭ੍ਰਿਸ਼ਟ ਮਸੰਦਾਂ ਕਰਕੇ, ਉਮਰ ਵਡੇਰੀ ਹੋਣ 'ਤੇ ਅਤੇ ਮਸੰਦਾਂ ਦੇ ਵਧਦੇ ਹੌਂਸਲੇ ਦੇਖ ਕੇ ਮਾਤਾ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਦਸਮ ਪਿਤਾ ਜੀ ਨਾਲ ਮਿਲਣ ਲਈ ਤਿਆਰ ਕੀਤਾ।

ਬਾਬਾ ਰਾਮ ਰਾਇ ਜੀ ਨਾਮ ਸਿਮਰਨ ਕਰਦਿਆਂ ਭਗਤੀ ਵਿੱਚ ਲੀਨ ਰਹਿੰਦੇ ਸਨ ਅਤੇ ਡੇਰੇ ਦਾ ਪ੍ਰਬੰਧ ਮਾਤਾ ਪੰਜਾਬ ਕੌਰ ਜੀ ਦੇਖਦੇ ਸਨ। ਇੱਕ ਦਿਨ ਬਾਬਾ ਰਾਮ ਰਾਇ ਜੀ ਕਿਸੇ ਸੇਵਕ ਦੀ ਮਦਦ ਕਰਨ ਬਾਰੇ ਮਾਤਾ ਪੰਜਾਬ ਕੌਰ ਜੀ ਨੂੰ ਦੱਸ ਕੇ ਸੱਤ ਦਿਨ ਲਈ ਸਮਾਧੀ ਵਿੱਚ ਲੀਨ ਹੋ ਗਏ। ਜਦੋਂ ਇਸ ਬਾਰੇ ਈਰਖਾਲੂ ਮਸੰਦਾਂ ਨੂੰ ਪਤਾ ਲੱਗਿਆ ਤਾਂ

ਉਨ੍ਹਾਂ ਨੇ ਮੌਕੇ ਦਾ ਲਾਭ ਉਠਾਉਂਦਿਆਂ ਇਹ ਪ੍ਰਚਾਰ ਕਰ ਦਿੱਤਾ ਕਿ ਬਾਬਾ ਰਾਮ ਰਾਇ ਜੀ ਪ੍ਰਲੋਕ ਗਮਨ ਕਰ ਗਏ ਹਨ। ਮਾਤਾ ਪੰਜਾਬ ਕੌਰ ਜੀ ਨੇ ਉਨ੍ਹਾਂ ਮਸੰਦਾਂ ਨੂੰ ਬੜਾ ਸਮਝਾਇਆ ਅਤੇ ਰੋਕਿਆ ਕਿ ਬਾਬਾ ਜੀ ਜਿਉਂਦੇ ਹਨ।

ਪਰ ਮਸੰਦਾਂ ਨੇ ਮਾਤਾ ਜੀ ਦੀ ਕੋਈ ਗੱਲ ਨਹੀਂ ਸੁਣੀ ਅਤੇ 1744 ਬਿਕਰਮੀ ਭਾਦੋਂ ਸੁਦੀ ਅੱਠਵੀਂ (4 ਸਤੰਬਰ 1687 ਈਸਵੀ) ਨੂੰ ਬਾਬਾ ਰਾਮ ਰਾਇ ਦਾ ਜਿਉਂਦਿਆਂ ਜੀਅ ਸਸਕਾਰ ਕਰ ਦਿੱਤਾ। ਮਾਤਾ ਜੀ ਨੇ ਬਹੁਤ ਦੁਖੀ ਹੋ ਕੇ ਆਪਣੀ ਦਰਦ ਭਰੀ ਕਹਾਣੀ ਦਾ ਸਾਰਾ ਹਾਲ ਇੱਕ ਚਿੱਠੀ ਵਿੱਚ ਲਿਖ ਕੇ ਦਸਵੇਂ ਪਾਤਸ਼ਾਹ ਜੀ ਨੂੰ ਮਦਦ ਕਰਨ ਲਈ ਬੇਨਤੀ ਕੀਤੀ।

ਜਦੋਂ ਮਾਤਾ ਜੀ ਦੀ ਚਿੱਠੀ ਦਸਵੇਂ ਪਾਤਸ਼ਾਹ ਨੂੰ ਮਿਲੀ ਤਾਂ ਉਨ੍ਹਾਂ ਨੇ ਬਹੁਤ ਅਫ਼ਸੋਸ ਕੀਤਾ ਅਤੇ ਦੇਹਰਾਦੂਨ ਪੁੱਜਣ ਦਾ ਭਰੋਸਾ ਦਿੱਤਾ। ਸੰਮਤ 1744 ਬਿਕਰਮੀ ਅੱਸੂ ਵਦੀ ਨੌਵੀਂ (1687 ਈਸਵੀ) ਨੂੰ ਗੁਰੂ ਗੋਬਿੰਦ ਸਿੰਘ ਜੀ ਮਾਤਾ ਜੀ ਦੇ ਸੱਦੇ 'ਤੇ ਆਪਣੇ ਭਤੀਜੇ ਬਾਬਾ ਰਾਮ ਰਾਇ ਜੀ ਦੀ ਸਤਾਰ੍ਹਵੀਂ 'ਤੇ ਦੇਹਰਾਦੂਨ ਆਪਣੇ ਸਿੰਘਾਂ ਦੇ ਜਥੇ ਨਾਲ ਗਏ।

ਉਸ ਸਮੇਂ ਰੱਖੇ ਹੋਏ ਪਾਠ ਦੇ ਭੋਗ ਪੈਣ ਮਗਰੋਂ ਦਸਵੇਂ ਗੁਰੂ ਨੇ ਸਿਰ ਬੰਨ੍ਹਣ ਦੀ ਰਸਮ ਕੀਤੀ ਅਤੇ ਮਾਤਾ ਜੀ ਦੀ ਝੋਲੀ ਕੀਮਤੀ ਬਸਤਰਾਂ ਅਤੇ ਢੇਰ ਸਾਰੀ ਨਕਦੀ ਨਾਲ ਭਰ ਦਿੱਤੀ। ਇਸ ਰਸਮ ਰਾਹੀਂ ਪਾਤਸ਼ਾਹ ਨੇ ਸੁਨੇਹਾ ਦਿੱਤਾ ਕਿ ਮਾਤਾ ਜੀ ਦੇ ਸਿਰ 'ਤੇ ਦਸਮ ਪਾਤਸ਼ਾਹ ਦਾ ਹੱਥ ਹੈ।

ਫਿਰ ਦਸਵੇਂ ਪਾਤਸ਼ਾਹ ਨੇ ਬੜੇ ਯੋਜਨਾਬੱਧ ਢੰਗ ਨਾਲ ਦੋਸ਼ੀ ਮਸੰਦਾਂ ਨੂੰ ਜਿਉਂਦੇ ਹੀ ਤੱਤੇ ਤੇਲ ਦੇ ਕੜਾਹਿਆਂ ਵਿੱਚ ਸਾੜ ਕੇ ਸਖ਼ਤ ਸਜ਼ਾ ਦੇ ਕੇ ਮਾਤਾ ਜੀ ਨੂੰ ਇਨਸਾਫ਼ ਦਿੱਤਾ। ਮਾਤਾ ਪੰਜਾਬ ਕੌਰ ਜੀ ਨੂੰ ਦੇਹਰਾਦੂਨ ਦੇ ਡੇਰੇ ਦਾ ਪ੍ਰਬੰਧਕ ਥਾਪ ਕੇ ਆਖਿਆ, 'ਆਪ ਜੀ ਇੱਥੋਂ ਦੀ ਸੇਵਾ-ਸੰਭਾਲ ਕਰੋ, ਅਸੀਂ ਆਪ ਜੀ ਦੇ ਨਾਲ ਹਾਂ। ਆਪ ਜੀ ਦਾ ਪ੍ਰਤਾਪ ਸਦਾ ਬਣਿਆ ਰਹੇਗਾ।'

ਗੁਰੂ ਗੋਬਿੰਦ ਸਿੰਘ ਜੀ ਕੋਲੋਂ ਆਸ਼ੀਰਵਾਦ ਲੈ ਕੇ ਮਾਤਾ ਪੰਜਾਬ ਕੌਰ ਗੁਰੂ ਘਰ ਨਾਲ ਸਦਾ ਜੁੜੇ ਰਹੇ ਅਤੇ ਨਾਮ ਸਿਮਰਨ ਕਰਦੇ ਹੋਏ ਲੋੜਵੰਦ ਲੋਕਾਂ ਦੀ ਮਦਦ ਕਰਦੇ ਰਹੇ। ਮਾਤਾ ਪੰਜਾਬ ਕੌਰ 1798 ਬਿਕਰਮੀ ਵੈਸਾਖ ਸੁਦੀ 4 (1741 ਈਸਵੀ) ਨੂੰ 88 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦੀ ਸਮਾਧ ਦੇਹਰਾਦੂਨ ਵਿੱਚ ਬਣੀ ਹੋਈ ਹੈ।

**ਅਮਰਪ੍ਰੀਤ ਸਿੰਘ ਝੀਟਾ**

## ਓਰੇਨ ਇੰਟਰਨੈਸ਼ਨਲ ਪਟਿਆਲਾ ਵੱਲੋਂ ਕਨਵੋਕੇਸ਼ਨ 2026 ਦਾ ਸ਼ਾਨਦਾਰ ਆਯੋਜਨ

### ਸ਼੍ਰੀ ਵਿਜੇ ਕੂਕਾ, ਸ਼੍ਰੀ ਅਨੁਜ ਖੋਸਲਾ ਅਤੇ ਸ਼੍ਰੀਮਤੀ ਮੀਨੂ ਸੋਢੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ



**ਪਟਿਆਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਓਰੇਨ ਇੰਟਰਨੈਸ਼ਨਲ ਪਟਿਆਲਾ ਵੱਲੋਂ 13 ਜੂਨ 2026 ਨੂੰ ਕਨਵੋਕੇਸ਼ਨ 2026 ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਸੁੰਦਰਤਾ, ਤੰਦਰੁਸਤੀ (ਵੈਲਨੈੱਸ) ਅਤੇ ਕਾਸਮੈਟੋਲੋਜੀ ਦੇ ਵੱਖ-ਵੱਖ ਕੋਰਸ ਸਫਲਤਾਪੂਰਵਕ ਪੂਰੇ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੀ ਵਿਜੇ ਕੂਕਾ, ਸ਼੍ਰੀ ਅਨੁਜ ਖੋਸਲਾ ਅਤੇ ਸ਼੍ਰੀਮਤੀ ਮੀਨੂ ਸੋਢੀ ਨੇ ਸ਼ਿਰਕਤ ਕੀਤੀ। ਮਹਿਮਾਨਾਂ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ, ਲਗਨ ਅਤੇ ਸ਼ਾਨਦਾਰ ਪ੍ਰਦਰਸ਼ਨ ਲਈ ਸਰਟੀਫਿਕੇਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੈਂਟਰ ਮੈਨੇਜਰ ਸ਼੍ਰੀਮਤੀ ਅੰਜਨਾ ਠਾਕੁਰ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਿੱਖਿਆ ਅਤੇ ਹੁਨਰ ਦੇ ਆਧਾਰ 'ਤੇ ਉਹ ਆਪਣੇ ਕਰੀਅਰ ਵਿੱਚ ਨਵੀਆਂ ਉੱਚਾਈਆਂ ਹਾਸਲ ਕਰਨਗੇ। ਉਨ੍ਹਾਂ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਸਮਾਗਮ ਦੌਰਾਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿੱਚ ਖ਼ੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਕਨਵੋਕੇਸ਼ਨ ਸਮਾਰੋਹ ਦਾ ਸਮਾਪਨ ਵਿਦਿਆਰਥੀਆਂ ਦੇ ਸਨਮਾਨ ਅਤੇ ਸੰਸਥਾ ਦੇ ਸਟਾਫ, ਟ੍ਰੇਨਰਾਂ ਅਤੇ ਮਾਪਿਆਂ ਦੇ ਧੰਨਵਾਦ ਨਾਲ ਕੀਤਾ ਗਿਆ।ਓਰੇਨ ਇੰਟਰਨੈਸ਼ਨਲ ਪਟਿਆਲਾ ਵੱਲੋਂ ਕਰਵਾਇਆ ਗਿਆ ਇਹ ਸਮਾਗਮ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਸਨਮਾਨ ਦੇਣ ਅਤੇ ਉਨ੍ਹਾਂ ਨੂੰ ਭਵਿੱਖ ਲਈ ਪ੍ਰੇਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

## ਲੋਕ ਨਿਰਮਾਣ ਤੇ ਜੰਗਲਾਤ ਵਿਭਾਗ ਆਹਮੋ-ਸਾਹਮਣੇ

**ਲੁਧਿਆਣਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖੰਨਾ-ਮਾਲੇਰਕੋਟਲਾ ਮੁੱਖ ਸੜਕ ਦੇ ਆਲੇ-ਦੁਆਲੇ ਬਰਮਾਂ 'ਤੇ ਮਿੱਟੀ ਨਾ ਪਾਉਣ ਸਬੰਧੀ 'ਪੰਜਾਬੀ ਟ੍ਰਿਬਿਊਨ' ਵਿੱਚ ਖ਼ਬਰ ਨਸ਼ਰ ਹੋਣ ਤੋਂ ਬਾਅਦ ਲੋਕ ਨਿਰਮਾਣ ਵਿਭਾਗ ਤੁਰੰਤ ਹਰਕਤ ਵਿੱਚ ਆ ਗਿਆ। ਵਿਭਾਗ ਨੇ ਜੰਗਲਾਤ ਵਿਭਾਗ ਦੀ ਜਗ੍ਹਾ 'ਚੋਂ ਬਿਨਾਂ ਕੋਈ ਮਨਜ਼ੂਰੀ ਲਏ ਜੌੜੇਪੁਲ ਜਰਗ ਨੇੜੇ ਜੇ ਸੀ ਬੀ ਨਾਲ ਮਿੱਟੀ ਪੁੱਟ ਕੇ ਸੜਕ ਦੇ ਬਰਮਾਂ 'ਤੇ ਪਾ ਦਿੱਤੀ, ਜਿਸ ਕਾਰਨ ਹੁਣ ਦੋਵੇਂ ਵਿਭਾਗ ਆਹਮੋ-ਸਾਹਮਣੇ ਹੋ ਗਏ ਹਨ।

ਜੰਗਲਾਤ ਵਿਭਾਗ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਠੇਕੇਦਾਰ ਖ਼ਿਲਾਫ਼ ਇੱਕ ਲਿਖਤੀ ਸ਼ਿਕਾਇਤ ਪੁਲੀਸ ਚੌਕੀ ਰੌਣੀ ਵਿੱਚ ਦਿੱਤੀ ਗਈ ਹੈ। ਇਸ ਸੜਕ ਦੇ ਬਰਮਾਂ 'ਤੇ ਜੰਗਲਾਤ ਵਿਭਾਗ ਦੀ ਜਗ੍ਹਾ ਵਿੱਚੋਂ ਮਿੱਟੀ ਪੁੱਟ ਕੇ ਪਾਉਣ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਵੱਲੋਂ ਉਠਾਇਆ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਜੰਗਲਾਤ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਦੀ ਮਿਲੀਭੁਗਤ ਦਾ ਖ਼ਦਸ਼ਾ ਪ੍ਰਗਟਾਇਆ ਸੀ। ਉਨ੍ਹਾਂ ਕਿਹਾ ਕਿ ਜੰਗਲਾਤ ਵਿਭਾਗ ਦੇ ਦਰੱਖਤਾਂ ਦੇ ਮੁੱਢਾਂ ਵਿੱਚੋਂ ਜੇ ਸੀ ਬੀ ਨਾਲ ਮਿੱਟੀ ਪੁੱਟਣ ਕਰ ਕੇ ਰੁੱਖਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਜਾਣਗੀਆਂ, ਜੋ ਤੇਜ਼ ਹਨੇਰੀ ਆਉਣ 'ਤੇ ਡਿੱਗ ਸਕਦੇ ਹਨ ਅਤੇ ਇਸ ਨਾਲ ਆਵਾਜਾਈ ਵਿੱਚ ਵੱਡਾ ਵਿਘਨ ਪਵੇਗਾ। ਇਸ ਮਾਮਲੇ 'ਤੇ ਗੌਰ ਕਰਦਿਆਂ ਜੰਗਲਾਤ ਵਿਭਾਗ ਦੇ ਬਲਾਕ ਅਫ਼ਸਰ ਸੁਰਿੰਦਰ ਸਿੰਘ ਭੁਮੱਦੀ ਅਤੇ ਬੇਲਦਾਰ ਅਮਰੀਕ ਸਿੰਘ ਨੇ ਪੁਲੀਸ ਨੂੰ ਦਿੱਤੀ ਦਰਖ਼ਾਸਤ ਵਿੱਚ ਦੱਸਿਆ ਕਿ



ਜਦੋਂ ਉਨ੍ਹਾਂ ਨੇ ਮੌਕੇ 'ਤੇ ਚੱਲ ਰਹੀ ਜੇ ਸੀ ਬੀ ਦੇ ਆਪਰੇਟਰਾਂ ਨੂੰ ਰੋਕਿਆ ਤਾਂ ਉਹ ਮਸ਼ੀਨਾਂ ਨੂੰ ਨੇੜੇ ਹੀ ਸਥਿਤ ਬੇਅੰਤ ਰਾਈਸ ਮਿੱਲ ਵਿੱਚ ਖੜ੍ਹੀਆਂ ਕਰ ਕੇ ਮੌਕੇ ਤੋਂ ਫ਼ਰਾਰ ਹੋ ਗਏ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਜਦੋਂ ਆਸ-ਪਾਸ ਦੇ ਲੋਕਾਂ ਕੋਲੋਂ ਪੁੱਛ-ਗਿੱਛ ਕੀਤੀ ਤਾਂ ਪਤਾ ਲੱਗਿਆ ਕਿ ਇਹ ਕੰਮ ਲੋਕ ਨਿਰਮਾਣ ਵਿਭਾਗ ਦਾ ਠੇਕੇਦਾਰ ਕਰਵਾ ਰਿਹਾ ਹੈ, ਜਿਸ ਨੇ ਜੰਗਲਾਤ ਵਿਭਾਗ ਦੀ ਜਗ੍ਹਾ ਵਿੱਚੋਂ ਮਿੱਟੀ ਪੁੱਟਣ ਲਈ ਸਬੰਧਤ ਮਹਿਕਮੇ ਕੋਲੋਂ ਕੋਈ ਮਨਜ਼ੂਰੀ ਨਹੀਂ ਲਈ ਸੀ। ਉਨ੍ਹਾਂ ਮੰਗ ਕੀਤੀ ਕਿ ਠੇਕੇਦਾਰ ਵੱਲੋਂ ਕੀਤੇ ਗਏ ਇਸ ਨੁਕਸਾਨ ਦੀ ਭਰਪਾਈ ਕੀਤੀ ਜਾਵੇ।

ਜਦੋਂ ਇਸ ਸਬੰਧੀ ਸ਼ਿਕਾਇਤਕਰਤਾ ਸੁਰਿੰਦਰ ਸਿੰਘ ਭੁਮੱਦੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਨੂੰ ਪੁਲੀਸ ਚੌਕੀ ਬੁਲਾਇਆ ਗਿਆ ਸੀ, ਪਰ ਨੁਕਸਾਨ ਦੀ ਭਰਪਾਈ ਦਾ ਮਾਮਲਾ ਸਿਰੇ ਨਹੀਂ ਚੜ੍ਹ ਸਕਿਆ। ਇਸ ਲਈ ਹੁਣ ਦੋਵਾਂ ਧਿਰਾਂ ਨੂੰ ਮੁੜ ਬੁਲਾਇਆ ਗਿਆ ਹੈ।

## ਵਾਟਰ ਸਪਲਾਈ ਪ੍ਰਾਜੈਕਟ ਕਾਰਨ ਕਈ ਸੜਕਾਂ ਧਸੀਆਂ

**ਲੁਧਿਆਣਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨਅਤੀ ਸ਼ਹਿਰ ਵਿੱਚ ਕਰੋੜਾਂ ਰੁਪਏ ਦੀ ਲਾਗਤ ਵਾਲੇ '24 ਘੰਟੇ ਵਾਟਰ ਸਪਲਾਈ ਪ੍ਰਾਜੈਕਟ' ਤਹਿਤ ਚੱਲ ਰਹੇ ਵਿਕਾਸ ਕਾਰਜਾਂ ਕਾਰਨ ਮੁੱਖ ਸੜਕਾਂ ਅੰਦਰੋਂ ਬਿਲਕੁਲ ਖੋਖਲੀਆਂ ਹੋ ਗਈਆਂ ਹਨ। ਜਾਣਕਾਰੀ ਅਨੁਸਾਰ ਜਿਨ੍ਹਾਂ ਸੜਕਾਂ 'ਤੇ ਜ਼ਮੀਨਦੋਜ਼ ਪਾਈਪਲਾਈਨ ਪਾਈ ਗਈ ਹੈ ਉਹ ਧਸਣ ਲੱਗੀਆਂ ਹਨ। ਕਈ ਥਾਵਾਂ 'ਤੇ 10-10 ਫੁੱਟ ਡੂੰਘੇ ਟੋਏ ਪੈ ਗਏ ਹਨ। ਅੱਜ ਪੱਖੋਵਾਲ ਰੋਡ ਅਤੇ ਮਾਡਲ ਟਾਊਨ ਵਿੱਚ ਸੜਕਾਂ ਧਸਣ ਦੇ ਕਈ ਮਾਮਲੇ ਸਾਹਮਣੇ ਆਏ। ਸ਼ਹੀਦ ਭਗਤ ਸਿੰਘ ਨਗਰ ਵਾਸੀ ਅਰਵਿੰਦ ਸ਼ਰਮਾ ਨੇ ਦੱਸਿਆ ਕਿ ਅੱਜ ਸਵੇਰੇ ਜਦੋਂ ਉਹ ਆਪਣੇ ਦਫ਼ਤਰ ਜਾ ਰਹੇ ਸਨ ਤਾਂ ਪੱਖੋਵਾਲ ਰੋਡ ਦੇ ਵਿਚਕਾਰ ਇੱਕ ਵੱਡਾ ਟੋਇਆ ਪਿਆ ਹੋਇਆ ਸੀ। ਉੱਪਰੋਂ ਦੇਖਣ ਨੂੰ ਇਹ ਟੋਆ ਭਾਵੇਂ ਛੋਟਾ ਲੱਗ ਰਿਹਾ ਸੀ, ਪਰ ਅੰਦਰੋਂ ਸੜਕ ਪੂਰੀ ਤਰ੍ਹਾਂ ਖ਼ਾਲੀ ਹੋ ਚੁੱਕੀ ਸੀ ਅਤੇ ਕਰੀਬ 10 ਫੁੱਟ ਡੂੰਘਾ ਟੋਆ ਸੀ।

ਵਾਹਨ ਇਸ ਖ਼ਤਰਨਾਕ ਖੱਡੇ ਦੇ ਬਿਲਕੁਲ ਕੋਲੋਂ ਲੰਘ ਰਹੇ ਸਨ। ਕਿਸੇ ਵੱਡੇ ਹਾਦਸੇ ਦੇ ਖ਼ਦਸ਼ੇ ਨੂੰ ਦੇਖਦਿਆਂ ਅਰਵਿੰਦ ਸ਼ਰਮਾ ਨੇ ਆਸ-ਪਾਸ ਪਈਆਂ ਦਰੱਖਤਾਂ ਦੀਆਂ ਟਾਹਣੀਆਂ ਇਕੱਠੀਆਂ ਕਰ ਕੇ ਉਸ ਖੱਡੇ ਵਿੱਚ ਫ਼ਸਾਈਆਂ ਤਾਂ ਜੋ ਵਾਹਨ ਚਾਲਕਾਂ ਨੂੰ ਚੌਕਸ ਕੀਤਾ ਜਾ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਨੇ ਨਿਗਮ ਅਧਿਕਾਰੀਆਂ ਨੂੰ ਕਈ ਫ਼ੋਨ ਕੀਤੇ ਅਤੇ



ਨਿਗਮ ਦੇ ਪੋਰਟਲ 'ਤੇ ਵੀ ਸ਼ਿਕਾਇਤ ਦਰਜ ਕਰਵਾਈ, ਪਰ ਕੋਈ ਜਵਾਬ ਨਹੀਂ ਮਿਲਿਆ। ਜਦੋ ਦਿਨ ਪਹਿਲਾਂ ਵੀ ਇਸੇ ਰੋਡ 'ਤੇ ਇੰਡੋਰ ਸਟੇਡੀਅਮ ਦੇ ਸਾਹਮਣੇ ਸੜਕ ਧਸ ਗਈ ਸੀ। ਇਸੇ ਤਰ੍ਹਾਂ ਦੀ ਦੂਜੀ ਘਟਨਾ ਮਾਡਲ ਟਾਊਨ ਐਕਸਟੈਂਸ਼ਨ ਦੇ ਸ਼ਮਸ਼ਾਨਘਾਟ ਰੋਡ 'ਤੇ ਵਾਪਰੀ।

ਇਸ ਸੜਕ 'ਤੇ ਵੀ ਕੁਝ ਦਿਨ ਪਹਿਲਾਂ ਹੀ ਪਾਣੀ ਦੀ ਪਾਈਪਲਾਈਨ ਵਿਛਾਈ ਗਈ ਸੀ। ਅੱਜ ਦੁਪਹਿਰ ਵੇਲੇ ਜਦੋਂ ਇੱਥੋਂ ਬਜਰੀ ਨਾਲ ਲੱਦਿਆ ਇੱਕ ਭਾਰੀ ਟਿੱਪਰ ਲੰਘ ਰਿਹਾ ਸੀ ਤਾਂ ਅਚਾਨਕ ਸੜਕ ਬੈਠ ਗਈ ਅਤੇ ਟਿੱਪਰ ਦੇ ਪਿਛਲੇ ਪਹੀਏ ਸੜਕ ਦੇ ਅੰਦਰ ਧਸ ਗਏ। ਸੜਕ ਦੇ ਵਿਚਾਲੇ ਭਾਰੀ ਵਾਹਨ ਫਸਣ ਕਾਰਨ ਦੋਵਾਂ ਪਾਸਿਆਂ ਦੀ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਲੋਕਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਥਾਵਾਂ 'ਤੇ 24 ਘੰਟੇ ਵਾਟਰ ਸਪਲਾਈ ਦੀ ਪਾਈਪਲਾਈਨ ਵਿਛਾਈ ਗਈ ਹੈ, ਉੱਥੇ ਸੜਕਾਂ ਦੀ ਮੁੜ-ਮੁਰੰਮਤ ਸਹੀ ਤਰੀਕੇ ਨਾਲ ਨਹੀਂ ਕੀਤੀ ਗਈ। ਪਾਈਪਾਂ ਪਾਉਣ ਤੋਂ ਬਾਅਦ ਮਿੱਟੀ ਨੂੰ ਬਿਨਾਂ ਦਬਾਏ ਕੱਚੀ ਲੁੱਕ ਪਾ ਕੇ ਕੰਮ ਨਿਬੇੜ ਦਿੱਤਾ ਗਿਆ, ਜਿਸ ਕਾਰਨ ਭਾਰੀ ਵਾਹਨ ਲੰਘਦਿਆਂ ਹੀ ਸੜਕਾਂ ਬੈਠ ਰਹੀਆਂ ਹਨ। ਸ਼ਹਿਰ ਵਾਸੀਆਂ ਨੇ ਦੋਸ਼ ਲਾਇਆ ਕਿ ਨਿਗਮ ਅਧਿਕਾਰੀਆਂ ਨੇ ਬਿਨਾਂ ਜਾਂਚ-ਪੜਤਾਲ ਦੇ ਠੇਕੇਦਾਰਾਂ ਦੇ ਕੰਮ ਨੂੰ ਹਰੀ ਝੰਡੀ ਦੇ ਦਿੱਤੀ, ਜੋ ਕਿ ਸਿੱਧੇ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਮਿਲੀਭੁਗਤ ਵੱਲ ਇਸ਼ਾਰਾ ਕਰਦਾ ਹੈ।

## ਘਰ 'ਚ ਅੱਗ ਕਾਰਨ ਕਰਿਆਨੇ ਦਾ ਸਾਮਾਨ ਸੜਿਆ

**ਲੁਧਿਆਣਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਗਾਂਧੀ ਨਗਰ ਇਲਾਕੇ ਵਿੱਚ ਅੱਜ ਤੜਕੇ ਇੱਕ ਘਰ ਦੀ ਤੀਜੀ ਮੰਜ਼ਿਲ 'ਤੇ ਅੱਗ ਲੱਗ ਗਈ, ਜਿਸ ਕਾਰਨ ਉੱਥੇ ਰੱਖਿਆ ਲੱਖਾਂ ਰੁਪਏ ਦਾ ਕਰਿਆਨੇ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ।

ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਆਸ-ਪਾਸ ਦੇ ਇਲਾਕੇ ਵਿੱਚ ਰਹਿੰਦ ਲੋਕ ਸਹਿਮ ਗਏ। ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਕਾਫ਼ੀ ਮੁਸ਼ੱਕਤ ਮਗਰੋਂ ਅੱਗ ਬੁਝਾਈ। ਅਧਿਕਾਰੀਆਂ ਅਨੁਸਾਰ ਹਾਦਸੇ ਵਿੱਚ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਸਥਾਨਕ ਕੌਂਸਲਰ ਨੀਰਜ ਅਹੂਜਾ ਨੇ ਦੱਸਿਆ ਕਿ ਉਨ੍ਹਾਂ ਨੂੰ ਤੜਕੇ ਲਗਪਗ ਚਾਰ ਵਜੇ ਇਸ ਹਾਦਸੇ ਦਾ ਪਤਾ ਲੱਗਿਆ, ਜਿਸ ਤੋਂ ਬਾਅਦ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ।

ਫਾਇਰ ਬ੍ਰਿਗੇਡ ਦੀ ਟੀਮ ਮਹਿਜ਼ 15 ਮਿੰਟਾਂ ਵਿੱਚ ਮੌਕੇ 'ਤੇ ਪਹੁੰਚ ਗਈ ਸੀ।

ਫਾਇਰ ਅਫ਼ਸਰ ਪੰਕਜ ਨੇ ਦੱਸਿਆ ਕਿ ਜਿਸ ਗਲੀ ਵਿੱਚ ਇਹ ਮਕਾਨ ਸਥਿਤ ਹੈ, ਉੱਥੇ ਸੜਕ ਬਣਾਉਣ ਦਾ ਕੰਮ ਚੱਲ ਰਿਹਾ ਸੀ, ਜਿਸ ਕਾਰਨ ਵੱਡੇ ਫਾਇਰ ਟੈਂਡਰਾਂ ਨੂੰ ਘਟਨਾ ਸਥਾਨ ਤੱਕ ਪਹੁੰਚਾਉਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪੀੜਤ ਢੀਂਗਰਾ ਪਰਿਵਾਰ ਇਸ ਮਕਾਨ ਤੋਂ ਹੀ ਆਪਣਾ ਕਰਿਆਨੇ ਦਾ ਕਾਰੋਬਾਰ ਚਲਾਉਂਦਾ ਹੈ ਜਿਸ ਤੀਜੀ ਮੰਜ਼ਿਲ 'ਤੇ ਅੱਗ ਲੱਗੀ, ਉਹ ਹਿੱਸਾ ਪਰਿਵਾਰ ਵੱਲੋਂ ਗੁਦਾਮ ਵਜੋਂ ਵਰਤਿਆ ਜਾ ਰਿਹਾ ਸੀ। ਉੱਥੇ ਭਾਰੀ ਮਾਤਰਾ ਵਿੱਚ ਕਰਿਆਨੇ ਦਾ ਸਾਮਾਨ ਪਿਆ ਸੀ।

ਅੱਗ ਦੀ ਇੱਕ ਚੰਗਿਆੜੀ ਨੇ ਇਸ ਸਾਮਾਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਨਾਲ ਪੂਰੀ ਮੰਜ਼ਿਲ 'ਤੇ ਅੱਗ ਫੈਲ ਗਈ। ਫਾਇਰ ਬ੍ਰਿਗੇਡ ਦੀ ਮੁੱਢਲੀ ਕਾਰਵਾਈ ਦੇ ਨਾਲ-ਨਾਲ ਬੈਕਅੱਪ ਵਜੋਂ ਹੋਰ ਗੱਡੀਆਂ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ। ਕਰੀਬ ਦੋ ਤੋਂ ਤਿੰਨ ਘੰਟਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾਇਆ ਗਿਆ। ਫਾਇਰ ਅਫ਼ਸਰਾਂ ਨੇ ਦੱਸਿਆ ਕਿ ਸਮੇਂ ਸਿਰ ਕੀਤੀ ਗਈ ਕਾਰਵਾਈ ਨਾਲ ਨਾਲ ਲੱਗਦੇ ਘਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਸੀ, ਜਿਸ ਨਾਲ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਫਿਲਹਾਲ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ

**ਦਸੂਹਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਤੇਗ ਬਹਾਦਰ ਸਾਹਿਬ, ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੁਸਾਇਟੀ ਵੱਲੋਂ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਸ਼ੁਰੂਆਤ ਸੁਸਾਇਟੀ ਦੇ ਹੁਸ਼ਿਆਰਪੁਰ ਰੋਡ ਸਥਿਤ ਦਫ਼ਤਰ ਤੋਂ ਹੋਈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਰਸਤੇ ਵਿਚ ਗਤਕਾ ਪਾਰਟੀ ਨੇ ਜੌਹਰ ਦਿਖਾਏ। ਸਮਾਜ ਸੇਵੀ ਰਾਜੂ ਠੁਕਰਾਲ ਨੇ ਪੁਰਾਣੀ ਅਨਾਜ ਮੰਡੀ ਵਿੱਚ ਲੰਗਰ ਲਾਏ। ਇਸ ਮੌਕੇ ਸਮਾਗਮ ਦੌਰਾਨ ਬੁਲਾਰੇ ਵਜੋਂ ਵਪਾਰ ਮੰਡਲ ਦੇ ਪ੍ਰਧਾਨ ਅਮਰੀਕ ਸਿੰਘ ਗੱਗੀ ਠੁਕਰਾਲ ਨੇ ਸੇਵਾ ਨਿਭਾਈ। ਇਸ ਮੌਕੇ ਵਿਧਾਇਕ ਕਰਮਬੀਰ ਘੁੰਮਣ, ਮਾਰਕੀਟ ਕਮੇਟੀ ਦੇ ਚੇਅਰਮੈਨ ਕੇ ਪੀ ਸੰਧੂ, ਪ੍ਰਧਾਨ ਦੀਦਾਰ ਸਿੰਘ ਕਾਲਾ, ਬਿੰਦੂ ਘੁੰਮਣ, ਦਸੂਹਾ ਕੌਂਸਲ ਦੇ ਮੀਤ ਪ੍ਰਧਾਨ ਅਮਰਪ੍ਰੀਤ ਖਾਲਸਾ, ਅਮਰਜੀਤ ਸਿੰਘ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ ਸੰਧੂ, ਬਲਜੀਤ ਸਿੰਘ, ਹਰਬਿੰਦਰ ਸਿੰਘ ਕਲਸੀ, ਸਤਪਾਲ ਸਿੰਘ, ਜੇ ਐੱਸ ਮੱਲੀ, ਪੰਮਾ ਪੇਂਟਰ, ਪਰਮਜੀਤ ਸਿੰਘ ਪੰਮਾ, ਪਵਿੱਤਰਪਾਲ ਸਿੰਘ, ਤਰਸੇਮ ਸਿੰਘ ਖਾਲਸਾ, ਮਿਹਰ ਸਿੰਘ ਕਾਲਾ, ਕਿਰਪਾਲ ਸਿੰਘ ਪੁਰੀ ਤੇ ਕਰਨ ਹਾਜ਼ਰ ਸਨ।ਹੁਸ਼ਿਆਰਪੁਰ (ਹਰਪ੍ਰੀਤ ਕੌਰ): ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਸਮਰਪਿਤ ਇਤਿਹਾਸਕ ਨਗਰ ਕੀਰਤਨ ਦੇ ਸਵਾਗਤ, ਸੁਰੱਖਿਆ ਅਤੇ ਸਮੁੱਚੇ ਪ੍ਰਬੰਧਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਿਵਲ ਅਤੇ ਪੁਲੀਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਅੱਜ ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਤੱਕ ਰੂਟ ਦਾ ਨਿਰੀਖਣ ਕੀਤਾ।

## ਰਾਸ਼ਟਰੀ ਰਾਜਧਾਨੀ ਖੇਤਰ ਦੇ ਵਿਕਾਸ ਨੂੰ ਲੈ ਕੇ ਰੀਜਨਲ ਪਲਾਨ 2041 ਹੋਵੇਗਾ ਤਿਆਰ

### ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਨਵੀਂ ਦਿੱਲੀ ਵਿੱਚ ਐਨ.ਸੀ.ਆਰ. ਪਲਾਨਿੰਗ ਬੋਰਡ ਦੀ 42ਵੀਂ ਮੀਟਿੰਗ ਵਿੱਚ ਲਿਆ ਗਿਆ ਫ਼ੈਸਲਾ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਮੰਗਲਵਾਰ ਨੂੰ ਨਵੀਂ ਦਿੱਲੀ ਸਥਿਤ ਵਿਗਿਆਨ ਭਵਨ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਯੋਜਨਾ ਬੋਰਡ ਦੀ 42ਵੀਂ ਮੀਟਿੰਗ ਹੋਈ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਏ.ਕੇ. ਸ਼ਰਮਾ ਅਤੇ ਰਾਜਸਥਾਨ ਦੇ ਸ਼ਹਿਰੀ ਸਥਾਨਕ ਨਿਕਾਏ ਮੰਤਰੀ ਸ੍ਰੀ ਝਾਬਰ ਸਿੰਘ ਖੱਰਾ ਇਸ ਮੀਟਿੰਗ ਵਿੱਚ ਸ਼ਾਮਲ ਹੋਏ।

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਟਿੰਗ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਦੇ ਵਿਕਾਸ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ 'ਤੇ ਵਿਸਤਾਰ ਚਰਚਾ ਹੋਈ। ਅੱਜ ਮੀਟਿੰਗ ਵਿੱਚ ਤੈਅ ਕੀਤਾ ਗਿਆ ਕਿ ਰਾਸ਼ਟਰੀ ਰਾਜਧਾਨੀ ਖੇਤਰ ਦੇ ਖੇਤਰੀ ਦਾਇਰੇ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ ਅਤੇ ਮੌਜੂਦਾ ਸੀਮਾ ਬਰਕਰਾਰ ਰਹੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਮੀਟਿੰਗ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਦੇ ਰੀਜਨਲ ਪਲਾਨ-2041 'ਤੇ ਚਰਚਾ ਹੋਈ। ਇਸ ਵਿੱਚ ਐਨ.ਸੀ.ਆਰ. ਦੇ ਭਵਿੱਖ ਦੇ ਵਿਕਾਸ, ਸ਼ਹਿਰੀ ਨਿਯੋਜਨ (ਪਲਾਨਿੰਗ), ਵਾਤਾਵਰਣ ਸੁਰੱਖਿਆ, ਇੰਫਰਾਸਟ੍ਰਕਚਰ ਵਿਕਾਸ ਅਤੇ ਸਸਟੇਨੇਬਲ ਗ੍ਰੋਥ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਡੂੰਘੀ ਚਰਚਾ ਕੀਤੀ ਗਈ।

ਰੀਜਨਲ ਪਲਾਨ-2041 ਨੂੰ ਅੰਤਿਮ ਰੂਪ ਦੇਣ ਲਈ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ (ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਦਿੱਲੀ) ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਸਬ-ਕਮੇਟੀ ਗਠਿਤ ਕੀਤੀ ਗਈ ਹੈ। ਇਹ ਸਬ-ਕਮੇਟੀ 15 ਅਗਸਤ, 2026 ਤੱਕ ਆਪਣੀ ਅੰਤਿਮ ਰਿਪੋਰਟ ਬੋਰਡ ਨੂੰ ਸੌਂਪੇਗੀ।

ਮੁੱਖ ਮੰਤਰੀ ਨੇ ਦੱਸਿਆ ਕਿ ਰਾਸ਼ਟਰੀ ਰਾਜਧਾਨੀ ਯੋਜਨਾ ਬੋਰਡ ਦੀ ਅਗਲੀ ਮੀਟਿੰਗ ਦਸੰਬਰ 2026 ਵਿੱਚ ਗੁਰੂਗ੍ਰਾਮ (ਹਰਿਆਣਾ) ਵਿੱਚ ਆਯੋਜਿਤ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਆਰ.ਆਰ.ਟੀ.ਐਸ. (ਰੈਪਿਡ ਰੇਲ ਟ੍ਰਾਂਜ਼ਿਟ ਸਿਸਟਮ) ਦੇ ਨਾਲ-ਨਾਲ ਚਾਰ ਨਵੇਂ ਗ੍ਰੀਨਫੀਲਡ ਸ਼ਹਿਰ ਵਿਕਸਿਤ ਕਰਨ ਦਾ ਮਹੱਤਵਪੂਰਨ ਫ਼ੈਸਲਾ ਲਿਆ ਗਿਆ। ਬੋਰਡ ਦੇ ਸਾਰੇ ਮੈਂਬਰ ਰਾਜ ਇੱਕ-ਇੱਕ ਨਵੇਂ ਗ੍ਰੀਨ ਫੀਲਡ ਸ਼ਹਿਰ ਦੀ ਵਿਕਾਸ ਯੋਜਨਾ ਭੇਜਣਗੇ। 'ਨਮੋ ਸਿਟੀ' ਦੇ ਨਾਮ ਨਾਲ ਵਿਕਸਿਤ ਹੋਣ ਵਾਲੇ ਇਹ ਸ਼ਹਿਰ ਆਧੁਨਿਕ, ਵਾਤਾਵਰਣ-ਅਨੁਕੂਲ ਅਤੇ ਆਤਮ-ਨਿਰਭਰ ਸ਼ਹਿਰੀ ਕੇਂਦਰਾਂ ਵਜੋਂ ਵਿਕਸਿਤ ਕੀਤੇ ਜਾਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਸ਼ਟਰੀ ਰਾਜਧਾਨੀ ਯੋਜਨਾ ਬੋਰਡ ਦੇ ਇਨ੍ਹਾਂ ਫ਼ੈਸਲਿਆਂ ਨਾਲ ਦਿੱਲੀ-ਐਨ.ਸੀ.ਆਰ. ਖੇਤਰ ਦਾ ਸੰਤੁਲਿਤ ਅਤੇ ਮਜ਼ਬੂਤ ਵਿਕਾਸ ਯਕੀਨੀ ਹੋਵੇਗਾ। ਹਰਿਆਣਾ ਸਰਕਾਰ ਐਨ.ਸੀ.ਆਰ. ਦੇ ਵਿਕਾਸ ਨੂੰ ਸਰਵਉੱਚ ਤਰਜੀਹ ਦੇ ਰਹੀ ਹੈ ਅਤੇ ਗ੍ਰੀਨਫੀਲਡ ਸ਼ਹਿਰਾਂ ਤੇ ਆਰ.ਆਰ.ਟੀ.ਐਸ. ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਏਗੀ।

ਇਸ ਮੌਕੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ, ਭਾਰਤ ਸਰਕਾਰ ਦੇ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਦੇ ਸਕੱਤਰ ਸ਼੍ਰੀਨਿਵਾਸ ਕਾਤਿਕੀਥਾਲਾ, ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੇ ਸਕੱਤਰ ਵੀ. ਉਮਾਸ਼ੰਕਰ ਸਮੇਤ ਐਨ.ਸੀ.ਆਰ. ਖੇਤਰ ਨਾਲ ਸਬੰਧਤ ਰਾਜਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

## ਅਵੈਧ ਲਿੰਗ ਜਾਂਚ ਨੈਟਵਰਕ ਨੂੰ ਤਬਾਹ ਕਰਨ ਲਈ ਹਰਿਆਣਾ ਲਵੇਗਾ ਉੱਤਰ ਪ੍ਰਦੇਸ਼ ਦਾ ਸਹਿਯੋਗ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਅਵੈਧ ਲਿੰਗ ਜਾਂਚ ਦੇ ਵਿਰੁਧ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਦੀ ਦਿਸ਼ਾ ਵਿੱਚ ਅੰਤਰਰਾਜੀ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਪਹਿਲ ਕੀਤੀ ਹੈ। ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਦੇ ਹੋਏ ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਪੀਸੀ-ਪੀਐਨਡੀਟੀ ਐਕਟ ਦੇ ਤਹਿਤ ਉੱਤਰ ਪ੍ਰਦੇਸ਼ ਦੇ ਨਾਲ ਸਹਿਯੋਗ ਦੀ ਪਹਿਲ ਕੀਤੀ ਹੈ।

ਉੱਤਰ ਪ੍ਰਦੇਸ਼ ਦੇ ਵਧੀਕ ਮੁੱਖ ਸਕੱਤਰ (ਮੈਡੀਕਲ ਸਿਹਤ ਅਤੇ ਪਰਿਵਾਰ ਭਲਾਈ) ਸ੍ਰੀ ਅਮਿਤ ਕੁਮਾਰ ਘੋਸ਼ ਨੂੰ ਲਿਖੇ ਪੱਤਰ ਵਿੱਚ ਡਾ. ਮਿਸ਼ਰਾ ਨੇ ਜਨਮ ਸਮੇਂ ਲਿੰਗ ਅਨੁਪਾਤ ਵਿੱਚ ਸੁਧਾਰ ਅਤੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਪ੍ਰਤੀ ਦੋਵਾਂ ਰਾਜਾਂ ਦੀ ਸਾਂਝੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਕੁੜੀ ਦੇ ਅਧਿਕਾਰਾਂ ਅਤੇ ਗਰਿਮਾ ਲਈ ਖ਼ਤਰਾ ਪੈਦਾ ਕਰਨ ਵਾਲੀਆਂ ਅਵੈਧ ਗਤੀਵਿਧੀਆਂ ਨੂੰ ਖ਼ਤਮ ਕਰਨ ਲਈ ਤਾਲਮੇਲ ਵਾਲੀ ਇਨਫੋਰਸਮੈਂਟ ਕਾਰਵਾਈ ਅਤੇ ਪ੍ਰਸ਼ਾਸਨਿਕ ਸਹਿਯੋਗ ਬਹੁਤ ਜ਼ਰੂਰੀ ਹੈ।

ਹਰਿਆਣਾ ਦੀ ਨਿਰੰਤਰ ਅਤੇ ਸਰਗਰਮ ਇਨਫੋਰਸਮੈਂਟ ਰਣਨੀਤੀ ਦਾ ਜ਼ਿਕਰ ਕਰਦਿਆਂ ਡਾ. ਮਿਸ਼ਰਾ ਨੇ ਦੱਸਿਆ ਕਿ ਰਾਜ ਦੀਆਂ ਪੀਸੀਪੀਐਨਡੀਟੀ ਟੀਮਾਂ ਅਵੈਧ ਲਿੰਗ ਜਾਂਚ ਵਿੱਚ ਸ਼ਾਮਲ ਅਨਸਰਾਂ ਖ਼ਿਲਾਫ਼ ਲਗਾਤਾਰ ਨਕਲੀ ਗਾਹਕ ਆਪ੍ਰੇਸ਼ਨ ਅਤੇ ਛਾਪੇਮਾਰੀ ਕਰ ਰਹੀਆਂ ਹਨ। ਜਨਵਰੀ 2024 ਤੋਂ ਮਾਰਚ 2026 ਦੇ ਵਿਚਕਾਰ ਹਰਿਆਣਾ ਨੇ ਕੁੱਲ 84 ਛਾਪੇਮਾਰੀ ਮੁਹਿੰਮਾਂ ਚਲਾਈਆਂ, ਜਿਨ੍ਹਾਂ ਵਿੱਚੋਂ 37 ਮੁਹਿੰਮਾਂ ਉੱਤਰ ਪ੍ਰਦੇਸ਼ ਵਿੱਚ ਚਲਾਈਆਂ ਗਈਆਂ। ਇਹ ਰਾਜ ਦੀਆਂ ਸਰਹੱਦਾਂ ਤੋਂ ਬਾਹਰ ਜਾ ਕੇ ਵੀ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਹਰਿਆਣਾ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਅਤੇ ਸਿਹਤ ਵਿਭਾਗਾਂ ਵਿਚਕਾਰ ਸੰਸਥਾਗਤ ਪੱਧਰ 'ਤੇ ਬਿਹਤਰ ਤਾਲਮੇਲ ਨਾਲ ਇਨਫੋਰਸਮੈਂਟ ਕਾਰਵਾਈਆਂ ਦੀ ਪ੍ਰਭਾਵਸ਼ੀਲਤਾ ਨੂੰ ਹੋਰ ਵਧਾਇਆ ਜਾ ਸਕਦਾ ਹੈ।

ਉਨ੍ਹਾਂ ਅਨੁਸਾਰ, ਸਫ਼ਲ ਛਾਪੇਮਾਰੀ, ਐਫ.ਆਈ.ਆਰ. ਦਰਜ ਕਰਵਾਉਣ, ਮੁਲਜ਼ਮਾਂ ਖ਼ਿਲਾਫ਼ ਕੇਸ ਚਲਾਉਣ ਅਤੇ ਦੋਸ਼ੀ ਕਰਾਰ ਦਿਵਾਉਣਾ ਯਕੀਨੀ ਬਣਾਉਣ ਲਈ ਇਸ ਤਰ੍ਹਾਂ ਦਾ ਸਹਿਯੋਗ ਬਹੁਤ ਮਹੱਤਵਪੂਰਨ ਹੈ।

ਡਾ. ਮਿਸ਼ਰਾ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਬੇਨਤੀ ਕੀਤੀ ਕਿ ਹਰਿਆਣਾ ਨਾਲ ਲੱਗਦੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਮੈਜਿਸਟ੍ਰੇਟਾਂ ਅਤੇ ਮੁੱਖ ਮੈਡੀਕਲ ਅਫ਼ਸਰਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਜਾਣ, ਤਾਂ ਜੋ ਲੋੜ ਪੈਣ 'ਤੇ ਉੱਥੇ ਪਹੁੰਚਣ ਵਾਲੀਆਂ ਪੀਸੀਪੀਐਨਡੀਟੀ ਟੀਮਾਂ ਨੂੰ ਤੁਰੰਤ ਪ੍ਰਸ਼ਾਸਨਿਕ ਅਤੇ ਪੁਲਿਸ ਸਹਾਇਤਾ ਉਪਲਬਧ ਕਰਵਾਈ ਜਾ ਸਕੇ। ਉਨ੍ਹਾਂ ਨੇ ਅਜਿਹੀਆਂ ਮੁਹਿੰਮਾਂ ਨਾਲ ਜੁੜੇ ਅਦਾਲਤੀ ਮਾਮਲਿਆਂ ਦੀ ਨਿਰੰਤਰ ਨਿਗਰਾਨੀ ਅਤੇ ਪ੍ਰਭਾਵਸ਼ਾਲੀ ਪੈਰਵੀ ਦੀ ਲੋੜ 'ਤੇ ਵੀ ਜ਼ੋਰ ਦਿੱਤਾ, ਤਾਂ ਜੋ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿਵਾਈ ਜਾ ਸਕੇ।

ਉਨ੍ਹਾਂ ਨੇ ਦੱਸਿਆ ਕਿ ਇਹ ਪਹਿਲਕਦਮੀ ਅਵੈਧ ਲਿੰਗ ਜਾਂਚ ਪ੍ਰਤੀ ਹਰਿਆਣਾ ਸਰਕਾਰ ਦੀ 'ਜ਼ੀਰੋ ਟੋਲਰੈਂਸ' ਨੀਤੀ ਅਤੇ ਕੁੜੀ ਸੁਰੱਖਿਆ ਪ੍ਰਤੀ ਉਸਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਸਿਹਤ ਵਿਭਾਗ ਦਾ ਮੰਨਣਾ ਹੈ ਕਿ ਗੁਆਂਢੀ ਰਾਜਾਂ ਵਿਚਕਾਰ ਮਜ਼ਬੂਤ ਤਾਲਮੇਲ ਨਾਲ ਅਵੈਧ ਨੈੱਟਵਰਕ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਤਬਾਹ ਕੀਤਾ ਜਾ ਸਕੇਗਾ ਅਤੇ ਜਨਮ ਸਮੇਂ ਲਿੰਗ ਅਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਵਿੱਚ ਮਦਦ ਮਿਲੇਗੀ।

# ਊਧਵ ਠਾਕਰੇ ਦੀ ਪਾਰਟੀ ਵਿੱਚ ਬਗਾਵਤ; 9 ਵਿੱਚੋਂ 6 ਸੰਸਦ ਮੈਂਬਰਾਂ ਨੇ ਕਿਨਾਰਾ ਕੀਤਾ

**ਮੁੰਬਈ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਵਿੱਚ ਊਧਵ ਠਾਕਰੇ ਦੀ ਪਾਰਟੀ ਸ਼ਿਵਸੈਨਾ ("2") ਨੂੰ ਇੱਕ ਹੋਰ ਬਹੁਤ ਵੱਡਾ ਝਟਕਾ ਲੱਗਾ ਹੈ, ਜਿੱਥੇ ਪਾਰਟੀ ਦੇ 9 ਵਿੱਚੋਂ 6 ਲੋਕ ਸਭਾ ਸੰਸਦ ਮੈਂਬਰਾਂ ਨੇ ਬਗਾਵਤ ਕਰ ਦਿੱਤੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਛੇ ਸੰਸਦ ਮੈਂਬਰਾਂ ਨੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਸ਼ਿਵਸੈਨਾ ਵਿੱਚ ਸ਼ਾਮਲ ਹੋਣ ਲਈ ਬੁੱਧਵਾਰ ਸਵੇਰੇ 9:30 ਵਜੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਇੱਕ ਚਿੱਠੀ ਭੇਜੀ ਹੈ। ਦੱਸਿਆ ਜਾ ਰਿਹਾ ਹੈ ਕਿ ਚਿੱਠੀ ਭੇਜਣ ਵਾਲੇ ਮੈਂਬਰਾਂ ਵਿੱਚ ਨਾਗੇਸ਼ ਪਾਟਿਲ ਆਸ਼ਟੀਕਰ ਅਤੇ ਸੰਜੇ ਦੀਨਾ ਪਾਟਿਲ ਦੇ ਨਾਮ ਸ਼ਾਮਲ ਹਨ, ਹਾਲਾਂਕਿ ਸੰਜੇ ਦੀਨਾ ਪਾਟਿਲ ਨੇ ਪਹਿਲਾਂ ਪਾਰਟੀ ਛੱਡਣ ਦੀਆਂ ਅਫ਼ਵਾਹਾਂ ਨੂੰ ਗਲਤ ਦੱਸਦੇ ਹੋਏ ਕਿਹਾ ਸੀ ਕਿ ਉਹ ਊਧਵ ਠਾਕਰੇ ਨਾਲ ਹਨ ਅਤੇ ਇਸੇ ਪਾਰਟੀ ਵਿੱਚ ਰਹਿਣਗੇ। ਇਸ ਬਗਾਵਤ ਤੋਂ ਬਾਅਦ ਸ਼ਿਵਸੈਨਾ (UBT) ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਰਾਊਤ ਨੇ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ



ਆਪਣਾ ਗੁੱਸਾ ਜ਼ਾਹਰ ਕਰਦਿਆਂ ਬਾਗੀ ਸੰਸਦ ਮੈਂਬਰਾਂ ਨੂੰ ਸ਼ਰੇਆਮ ਗਾਲਾਂ ਕੱਢੀਆਂ।

ਬਾਅਦ ਵਿੱਚ ਜਦੋਂ ਮੀਡੀਆ ਨੇ ਇਸ ਬਾਰੇ ਪੁੱਛਿਆ ਤਾਂ ਰਾਊਤ ਨੇ ਸਫਾਈ ਦਿੰਦੇ ਹੋਏ ਕਿਹਾ ਕਿ ਮਰਾਠੀ ਭਾਸ਼ਾ ਵਿੱਚ ਅਜਿਹੇ ਸ਼ਬਦ ਆਮ ਬੋਲਚਾਲ ਦਾ ਹਿੱਸਾ ਹਨ। ਸ਼ਿਵਸੈਨਾ ਵਿੱਚ 4 ਸਾਲਾਂ ਦੇ ਅੰਦਰ ਇਹ ਦੂਜਾ ਵੱਡਾ ਪਾੜ ਹੈ।

ਇਸ ਤੋਂ ਪਹਿਲਾਂ ਜੂਨ 2022 ਵਿੱਚ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ 39 ਵਿਧਾਇਕ ਪਾਰਟੀ ਤੋਂ ਵੱਖ ਹੋ ਗਏ ਸਨ, ਜਿਸ ਕਾਰਨ ਊਧਵ ਠਾਕਰੇ ਦੀ ਸਰਕਾਰ ਡਿੱਗ ਗਈ ਸੀ ਅਤੇ ਬਾਅਦ ਵਿੱਚ ਸ਼ਿੰਦੇ ਗੁੱਟ ਨੂੰ ਹੀ ਅਸਲੀ ਸ਼ਿਵਸੈਨਾ ਦਾ ਨਾਮ ਅਤੇ 'ਧਨੁਸ਼-ਬਾਣ' ਦਾ ਚੋਣ ਨਿਸ਼ਾਨ ਮਿਲਿਆ ਸੀ।

**ਸੰਸਦ ਮੈਂਬਰਾਂ ਨੂੰ 50-50 ਕਰੋੜ ਦਾ ਆਫਰ ਅਤੇ ਚਾਰਟਰਡ ਜਹਾਜ਼ਾਂ ਰਾਹੀਂ ਦਿੱਲੀ ਲਿਆਉਣ ਦਾ ਦਾਅਵਾ**

ਸੰਜੇ ਰਾਊਤ ਨੇ ਪ੍ਰੈੱਸ ਕਾਨਫਰੰਸ ਦੌਰਾਨ ਇੱਕ ਬਹੁਤ ਵੱਡਾ ਦਾਅਵਾ ਕਰਦਿਆਂ ਕਿਹਾ ਕਿ ਬਾਗੀ ਸੰਸਦ ਮੈਂਬਰਾਂ ਨੂੰ ਖਰੀਦਣ ਲਈ 50-50 ਕਰੋੜ ਰੁਪਏ ਦਾ ਆਫਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਪੱਕੀ ਜਾਣਕਾਰੀ ਹੈ ਕਿ ਇਨ੍ਹਾਂ ਨੂੰ 15-15 ਕਰੋੜ ਰੁਪਏ ਪਹੁੰਚਾਏ ਵੀ ਜਾ ਚੁੱਕੇ ਹਨ ਅਤੇ ਉਨ੍ਹਾਂ ਨੂੰ 3 ਵਿਸ਼ੇਸ਼ ਚਾਰਟਰਡ ਜਹਾਜ਼ਾਂ ਰਾਹੀਂ ਦਿੱਲੀ ਲਿਆਂਦਾ ਗਿਆ ਹੈ। ਰਾਊਤ ਦੀ ਇਸ ਪ੍ਰੈੱਸ ਕਾਨਫਰੰਸ ਵਿੱਚ ਪਾਰਟੀ ਦੇ 9 ਵਿੱਚੋਂ ਸਿਰਫ਼ 3 ਸੰਸਦ ਮੈਂਬਰ ਅਨਿਲ ਦੇਸਾਈ, ਰਾਜਾਭਾਊ ਵਾਜੇ ਅਤੇ ਅਰਵਿੰਦ ਸਾਵੰਤ ਹੀ ਮੌਜੂਦ ਸਨ। ਰਾਊਤ ਨੇ ਇਹ ਵੀ ਕਿਹਾ ਕਿ ਬਾਕੀ ਸੰਸਦ ਮੈਂਬਰਾਂ ਨੂੰ ਖੁਦ ਸਾਹਮਣੇ ਆ ਕੇ ਇਨ੍ਹਾਂ ਅਫ਼ਵਾਹਾਂ ਦਾ ਖੰਡਨ ਕਰਨਾ ਚਾਹੀਦਾ ਹੈ।

# ਯੂ.ਐਸ. ਇਰਾਨ ਸਮਝੌਤੇ 'ਤੇ ਦੁਚਿੱਤੀ; ਸ਼ਰਤਾਂ ਨਾ ਮੰਨਣ 'ਤੇ ਮੁੜ ਬੰਬਾਰੀ ਕਰਾਂਗੇ: ਟਰੰਪ

**ਵਾਸ਼ਿੰਗਟਨ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਅਤੇ ਇਰਾਨ ਵਿਚਾਲੇ ਹੋਣ ਵਾਲੇ ਸਮਝੌਤੇ ਨੂੰ ਲੈ ਕੇ ਅਜੇ ਵੀ ਦੁਚਿੱਤੀ ਬਣੀ ਹੋਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਇਰਾਨ ਨਾਲ ਹੋਇਆ ਸਮਝੌਤਾ ਹਾਲੇ ਪੂਰੀ ਤਰ੍ਹਾਂ ਅੰਤਿਮ ਨਹੀਂ ਹੋਇਆ।

77 ਸੰਮੇਲਨ ਦੌਰਾਨ ਮਿਸਰ ਦੇ ਰਾਸ਼ਟਰਪਤੀ ਅਬਦਲ ਫਤਹਿ ਅਲ-ਸੀਸੀ ਨਾਲ ਮੁਲਾਕਾਤ ਸਮੇਂ ਟਰੰਪ ਨੇ ਕਿਹਾ ਕਿ ਇਸ ਵੇਲੇ ਦੋਵੇਂ ਦੇਸ਼ਾਂ ਵਿਚਕਾਰ ਸਿਰਫ਼ ਇੱਕ ਮੈਮੋਰੈਂਡਮ ਆਫ ਅੰਡਰਸਟੈਂਡਿੰਗ (MoU) ਹੋਇਆ ਹੈ ਅਤੇ ਅਜੇ ਕਈ ਮਹੱਤਵਪੂਰਨ ਗੱਲਾਂ




'ਤੇ ਸਹਿਮਤੀ ਬਣਨੀ ਬਾਕੀ ਹੈ।

ਟਰੰਪ ਨੇ ਇਰਾਨ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਹ ਸਮਝੌਤੇ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਅਮਰੀਕਾ ਦੁਬਾਰਾ ਫੌਜੀ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਕਿਹਾ, ਜੇ ਉਹ ਠੀਕ ਤਰੀਕੇ ਨਾਲ ਵਿਹਾਰ ਨਹੀਂ ਕਰਨਗੇ, ਤਾਂ ਅਸੀਂ ਮੁੜ ਬੰਬਾਰੀ ਕਰਾਂਗੇ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਰਾਨ ਨਾਲ ਹੋਏ ਸਮਝੌਤੇ ਕਾਰਨ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਭਰੋਸਾ ਵਧਿਆ ਹੈ ਅਤੇ ਇਸ ਦੇ ਸਕਾਰਾਤਮਕ ਅਸਰ ਵੀ ਦਿਖਾਈ ਦੇ ਰਹੇ ਹਨ। ਟਰੰਪ ਮੁਤਾਬਕ ਦੁਨੀਆ ਦੇ ਸਭ ਤੋਂ ਅਹਿਮ ਸਮੁੰਦਰੀ ਵਪਾਰਕ ਰਸਤਿਆਂ ਵਿੱਚੋਂ ਇੱਕ ਹਰਮੁਜ਼ ਜਲ ਮਾਰਗ ਅਗਲੇ ਇੱਕ ਜਾਂ ਦੋ ਦਿਨਾਂ ਵਿੱਚ ਪੂਰੀ ਤਰ੍ਹਾਂ ਖੁੱਲ੍ਹ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਸਮੁੰਦਰੀ ਰਸਤੇ 'ਤੇ ਜਹਾਜ਼ਾਂ ਦੀ ਆਵਾਜਾਈ ਹੌਲੀ-ਹੌਲੀ ਮੁੜ ਆਮ ਹੋ ਰਹੀ ਹੈ, ਜਿਸ ਨਾਲ ਵਿਸ਼ਵ ਵਪਾਰ ਅਤੇ ਤੇਲ ਸਪਲਾਈ ਨੂੰ ਵੀ ਰਾਹਤ ਮਿਲਣ ਦੀ ਉਮੀਦ ਹੈ।

ਇਸ ਦਰਮਿਆਨ, ਇਰਾਨ ਨੇ ਇਜ਼ਰਾਈਲ 'ਤੇ ਵੀ ਗੰਭੀਰ ਦੋਸ਼ ਲਗਾਏ ਹਨ। ਇਰਾਨ ਦਾ ਕਹਿਣਾ ਹੈ ਕਿ ਲੈਬਨਾਨ ਵਿੱਚ ਅਮਰੀਕਾ ਦੀ ਮਦਦ ਨਾਲ ਹੋਏ ਜੰਗਬੰਦੀ ਸਮਝੌਤੇ ਤੋਂ ਬਾਅਦ ਇਜ਼ਰਾਈਲ ਨੇ 84 ਵਾਰ ਇਸ ਦੀ ਉਲੰਘਣਾ ਕੀਤੀ ਹੈ। ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹ ਹਮਲੇ ਜਾਰੀ ਰਹੇ ਤਾਂ ਇਸ ਦਾ ਸਖ਼ਤ ਜਵਾਬ ਦਿੱਤਾ ਜਾਵੇਗਾ।

# ਸ਼ਿਮਲਾ 'ਚ ਸੈਲਾਨੀਆਂ ਦਾ ਹਜੂਮ ਉਮੜਿਆ; 45 ਦਿਨਾਂ ਵਿੱਚ 15 ਲੱਖ ਵਾਹਨ ਪੁੱਜੇ

**ਸ਼ਿਮਲਾ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੁੰਦਿਆਂ ਹੀ ਦਿੱਲੀ, ਪੰਜਾਬ, ਹਰਿਆਣਾ ਵਿਚੋਂ ਲੋਕਾਂ ਨੇ ਆਪਣੇ ਪਰਿਵਾਰਾਂ ਨਾਲ ਹਿਮਾਚਲ ਪ੍ਰਦੇਸ਼ ਵੱਲ ਵਹੀਰਾਂ ਘੱਤ ਲਈਆਂ ਹਨ। ਇਸ ਕਾਰਨ ਸ਼ਿਮਲਾ ਵਿੱਚ ਸੈਲਾਨੀਆਂ ਦੀ ਭਾਰੀ ਭੀੜ ਜੁੱਟ ਗਈ ਹੈ। ਪਹਿਲੀ ਮਈ ਤੋਂ 15 ਜੂਨ ਦਰਮਿਆਨ ਪਿਛਲੇ 45 ਦਿਨਾਂ ਵਿੱਚ ਲਗਪਗ 15 ਲੱਖ ਵਾਹਨ ਸ਼ਿਮਲਾ ਵਿੱਚ ਦਾਖਲ ਹੋਏ ਹਨ। ਇਸ ਭੀੜ ਕਾਰਨ ਹਾਈਵੇਅ ਅਤੇ ਲਿੰਕ ਰੋਡ 'ਤੇ ਜਾਮ ਦੀ ਸਥਿਤੀ ਬਣ ਰਹੀ ਹੈ। ਹੋਟਲ ਮਾਲਕਾਂ ਮੁਤਾਬਕ ਹਿਮਾਚਲ ਪ੍ਰਦੇਸ਼ ਵਿੱਚ ਸੈਲਾਨੀਆਂ ਦੀ ਗਿਣਤੀ ਆਮ ਦਿਨਾਂ ਵਿੱਚ 60 ਤੋਂ 70 ਫੀਸਦੀ ਅਤੇ ਹਫ਼ਤੇ ਦੇ ਆਖ਼ਰੀ ਦਿਨਾਂ (ਵੀਕੈਂਡ) ਵਿੱਚ 80 ਤੋਂ 90 ਫੀਸਦੀ ਤੱਕ ਪਹੁੰਚ ਗਈ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਸ਼ਿਮਲਾ ਪੁਲੀਸ ਨੇ ਵਿਸ਼ੇਸ਼ ਪੰਜ-ਨੁਕਾਤੀ ਯੋਜਨਾ ਤਿਆਰ ਕੀਤੀ ਹੈ ਤਾਂ ਜੋ ਟਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਿਆ ਜਾ ਸਕੇ। ਸ਼ਿਮਲਾ ਦੇ ਪੁਲੀਸ ਸੁਪਰਡੈਂਟ ਗੌਰਵ ਸਿੰਘ ਨੇ ਦੱਸਿਆ ਕਿ ਅੰਦਰੂਨੀ ਸੜਕਾਂ ਵਿਚਲੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾ ਕੇ ਰੁਕਾਵਟਾਂ ਦੂਰ ਕੀਤੀਆਂ ਜਾ ਰਹੀਆਂ ਹਨ ਜਿਸ ਤੋਂ ਬਾਅਦ ਸੈਲਾਨੀਆਂ ਦੀ ਭੀੜ ਨੂੰ ਸੰਭਾਲਣਾ ਕੋਈ ਵੱਡੀ ਸਮੱਸਿਆ ਨਹੀਂ ਹੈ।

ਇੱਥੇ ਟਰੈਫਿਕ ਨੂੰ ਕੰਟਰੋਲ ਕਰਨ ਲਈ ਪੁਲੀਸ ਨੇ 210 ਵਾਧੂ ਪੁਲੀਸ ਕਰਮਚਾਰੀ, ਹੋਮ ਗਾਰਡ ਅਤੇ ਵਾਲੰਟੀਅਰ ਤਾਇਨਾਤ ਕੀਤੇ ਹਨ। ਸ਼ਿਮਲਾ ਨੂੰ ਪੰਜ ਵੱਖ-ਵੱਖ ਸੈਕਟਰਾਂ ਵਿੱਚ ਵੰਡਿਆ ਗਿਆ ਹੈ ਅਤੇ ਹਰੇਕ ਸੈਕਟਰ ਦੀ ਜ਼ਿੰਮੇਵਾਰੀ ਇੱਕ ਗਜ਼ਟਿਡ ਅਫ਼ਸਰ ਨੂੰ ਸੌਂਪੀ ਗਈ ਹੈ। ਇਸ ਤੋਂ ਇਲਾਵਾ ਤੁਰੰਤ ਕਾਰਵਾਈ ਲਈ ਮੋਟਰਸਾਈਕਲ ਸਵਾਰ ਪੁਲੀਸ ਕਰਮਚਾਰੀਆਂ ਦੀ ਗਿਣਤੀ ਵਧਾ ਕੇ 32 ਕਰ ਦਿੱਤੀ ਗਈ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਨਜ਼ਰ ਰੱਖਣ ਲਈ ਇੰਟਰਸੈਪਟਰ ਵਾਹਨ ਵੀ ਲਗਾਏ ਗਏ ਹਨ। ਮੁੱਖ ਪਾਰਕਿੰਗ ਵਾਲੀਆਂ ਥਾਵਾਂ 'ਤੇ ਵੀ ਪੁਲੀਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਵਾਹਨਾਂ ਦੀ ਆਵਾਜਾਈ ਆਸਾਨੀ ਨਾਲ ਹੋ ਸਕੇ ਅਤੇ ਜਾਮ ਨਾ ਲੱਗੇ।

**ਖਰਾਬ ਵਾਹਨਾਂ ਦੀ ਸਮੱਸਿਆ ਅਤੇ ਬਦਲਵੇਂ ਰਸਤਿਆਂ ਦੀ ਵਰਤੋਂ**

ਪੁਲੀਸ ਮੁਤਾਬਕ ਸ਼ਹਿਰ ਦੀ ਮੁੱਖ ਕਾਰਟ ਰੋਡ 'ਤੇ ਬੱਸਾਂ ਜਾਂ ਟਰੱਕਾਂ ਵਰਗੇ ਭਾਰੀ ਵਾਹਨਾਂ ਦਾ ਖਰਾਬ ਹੋਣਾ ਅਤੇ ਪ੍ਰਾਈਵੇਟ ਬੱਸਾਂ ਦਾ ਗਲਤ ਥਾਵਾਂ 'ਤੇ ਰੁਕਣਾ ਜਾਮ ਦਾ ਵੱਡਾ ਕਾਰਨ ਬਣਦਾ ਹੈ।

ਸਿੰਗਲ ਲੇਨ ਸੜਕ ਹੋਣ ਕਰਕੇ ਖਰਾਬ ਵਾਹਨ ਨੂੰ ਹਟਾਉਣ ਲਈ ਕ੍ਰੇਨ ਲਿਆਉਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ, ਇਸ ਲਈ ਹੁਣ ਵੱਖ-ਵੱਖ ਇਲਾਕਿਆਂ ਵਿੱਚ ਤਿੰਨ ਕ੍ਰੇਨਾਂ ਪਹਿਲਾਂ ਹੀ ਤਾਇਨਾਤ ਕਰ ਦਿੱਤੀਆਂ ਗਈਆਂ ਹਨ। ਮੰਗਲਵਾਰ ਨੂੰ ਵੀ ਅਜਿਹੇ ਪੰਜ ਵਾਹਨ ਖਰਾਬ ਹੋਏ ਸਨ।

# ਪੰਜਾਬ ਉਦਯੋਗ ਲਈ ਆਲਮੀ ਹੱਬ ਬਣਨ ਦੀ ਰਾਹ 'ਤੇ: ਸਪੀਕਰ ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ 1.74 ਲੱਖ ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕਰਕੇ, ਪੰਜਾਬ ਨੇ ਇਤਿਹਾਸਕ ਮੀਲ ਮੀਲ ਪੱਥਰ ਸਥਾਪਤ ਕੀਤਾ ਹੈ, ਜਿਸ ਨਾਲ ਸੂਬੇ ਵਿੱਚ ਵੱਡੇ ਪੱਧਰ 'ਤੇ ਉਦਯੋਗਿਕ ਵਿਕਾਸ ਹੋਇਆ ਹੈ। ਇਸ ਵੱਡੇ ਪੂੰਜੀ ਨਿਵੇਸ਼ ਨੇ ਰੋਜ਼ਗਾਰ ਦੇ 5.89 ਲੱਖ ਨਵੇਂ ਮੌਕੇ ਪੈਦਾ ਕਰਕੇ ਸਥਾਨਕ ਨੌਜਵਾਨਾਂ ਨੂੰ ਸਸ਼ਕਤ ਬਣਾਇਆ ਹੈ, ਜਿਸ ਨਾਲ ਖਿੱਤੇ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲਿਆ ਹੈ। ਸਪੀਕਰ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ ਉਪਜਾਊ ਜ਼ਮੀਨ ਹੁਣ ਉਦਯੋਗਿਕ ਵਿਕਾਸ ਲਈ ਵੀ ਖੇਤੀਬਾੜੀ ਜਿੰਨੀ ਹੀ ਲਾਹੇਵੰਦ ਸਿੱਧ ਹੋ ਰਹੀ ਹੈ। ਉਨ੍ਹਾਂ ਨੇ ਵੱਡੇ ਆਲਮੀ ਅਤੇ ਘਰੇਲੂ ਉਦਯੋਗਿਕ ਘਰਾਣਿਆਂ ਨੂੰ ਰਾਜ ਵਿੱਚ ਨਿਵੇਸ਼ ਕਰਨ ਦਾ ਨਿੱਘਾ ਸੱਦਾ ਦਿੱਤਾ।

ਉੱਦਮਤਾ ਦੀ ਸਮਰੱਥਾ ਬਾਰੇ ਗੱਲ ਕਰਦਿਆਂ ਸਪੀਕਰ ਸੰਧਵਾਂ ਨੇ ਬੱਚਿਆਂ ਨੂੰ ਸਟਾਰਟਅੱਪ ਵੱਲ ਪ੍ਰੇਰਿਤ ਕਰਨ ਲਈ ਮਾਪਿਆਂ ਨੂੰ ਪੁਰਜ਼ੋਰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਸਲ ਰਾਸ਼ਟਰੀ ਵਿਕਾਸ ਉਦਯੋਗੀਕਰਨ 'ਤੇ ਕਾਫ਼ੀ ਹੱਦ ਤੱਕ ਨਿਰਭਰ ਕਰਦਾ ਹੈ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਨਸੀਹਤ ਦਿੱਤੀ ਕਿ ਉਹ ਆਪਣੀ ਮਾਨਸਿਕਤਾ ਨੂੰ ਨੌਕਰੀਆਂ ਦੀ ਭਾਲ ਤੋਂ ਬਦਲ ਕੇ ਨੌਕਰੀ ਦੇਣ ਵਾਲੇ ਬਣਨ ਵੱਲ ਸੇਧਿਤ ਕਰਨ। ਉਨ੍ਹਾਂ ਕਿਹਾ ਕਿ ਆਪਣੇ ਕਾਰੋਬਾਰ ਸ਼ੁਰੂ ਕਰਕੇ ਅਤੇ ਆਪਣੇ ਕੰਮ ਦੇ ਮਾਲਕ ਬਣ ਕੇ ਨੌਜਵਾਨ ਬੇਮਿਸਾਲ ਤਰੱਕੀ ਅਤੇ ਆਰਥਿਕ ਖੁਸ਼ਹਾਲੀ ਹਾਸਲ ਕਰ ਸਕਦੇ ਹਨ ਅਤੇ ਨਾਲ ਹੀ ਦੂਜਿਆਂ ਲਈ ਰੋਜ਼ਗਾਰ ਪੈਦਾ ਕਰ ਸਕਦੇ ਹਨ।

ਵਿਸ਼ਵ ਆਰਥਿਕ ਮਾਡਲਾਂ ਨਾਲ ਤੁਲਨਾ ਕਰਦਿਆਂ ਸਪੀਕਰ ਨੇ ਜ਼ੋਰ ਦੇ ਕੇ ਕਿਹਾ ਕਿ ਚੀਨ ਦੀ ਇੰਨੀ ਜ਼ਿਆਦਾ ਤਰੱਕੀ ਵੱਡੇ ਪੱਧਰ 'ਤੇ ਉਦਯੋਗ ਨੂੰ ਅਪਨਾਉਣ ਨਾਲ ਹੋਈ ਹੈ।

# ਪਾਰਕਿੰਗ ਨੂੰ ਲੈ ਕੇ ਸਿੱਖ ਸ਼ਰਧਾਲੂਆਂ ਦੀ ਹਿੰਸਕ ਝੜਪ; ਚਾਰ ਨਿਹੰਗ ਗ੍ਰਿਫ਼ਤਾਰ

**ਉੱਤਰਾਖੰਡ ਦੇ ਕਰਨਪ੍ਰਯਾਗ ਵਿੱਚ ਗੱਡੀ ਪਾਰਕਿੰਗ ਨੂੰ ਲੈ ਕੇ ਹੋਇਆ ਸੀ ਝਗੜਾ; ਇੱਕ ਗੰਭੀਰ ਜ਼ਖ਼ਮੀ ਏਅਰ ਐਂਬੂਲੈਂਸ ਰਾਹੀਂ ਦੇਹਰਾਦੂਨ ਰੈਫ਼ਰ**



**ਗੋਪੇਸ਼ਵਰ (ਚਮੋਲੀ), 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

: ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਅਧੀਨ ਪੈਂਦੇ ਕਰਨਪ੍ਰਯਾਗ ਬਜ਼ਾਰ ਵਿੱਚ ਗੱਡੀ ਪਾਰਕਿੰਗ ਨੂੰ ਲੈ ਕੇ ਹੋਈ ਮਾਮੂਲੀ ਤਕਰਾਰ ਤੋਂ ਬਾਅਦ ਸਥਾਨਕ ਲੋਕਾਂ 'ਤੇ ਤਲਵਾਰਾਂ ਨਾਲ ਹਮਲਾ ਕਰਨ ਦੇ ਦੋਸ਼ ਹੇਠ ਚਮੋਲੀ ਪੁਲੀਸ ਨੇ ਪੰਜਾਬ ਦੇ ਮੁਹਾਲੀ ਨਾਲ ਸਬੰਧਤ ਚਾਰ ਨਿਹੰਗ ਸ਼ਰਧਾਲੂਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਮੁਤਾਬਕ ਇਹ ਸ਼ਰਧਾਲੂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੋਂ ਪਰਤ ਰਹੇ ਸਨ। ਹਮਲੇ ਵਿੱਚ ਚਾਰ ਸਥਾਨਕ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਏਅਰ ਐਂਬੂਲੈਂਸ ਰਾਹੀਂ ਦੇਹਰਾਦੂਨ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

ਕਰਨਪ੍ਰਯਾਗ ਥਾਣੇ ਦੇ ਮੁਖੀ ਵਿਨੋਦ ਥਪਲਿਆਲ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ ਨੂੰ ਕ੍ਰਿਸ਼ਨਾ ਪੈਲੇਸ ਹੋਟਲ ਦੇ ਨੇੜੇ ਵਾਪਰੀ। ਸਥਾਨਕ ਨਿਵਾਸੀ ਗਜਪਾਲ ਸਿੰਘ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪੁਲੀਸ ਨੇ ਚਾਰਾਂ ਮੁਲਜ਼ਮਾਂ- ਮੰਤਰੀ ਸਿੰਘ (21), ਜਸਨਪ੍ਰੀਤ ਸਿੰਘ (23), ਅਜੇ ਸਿੰਘ (23) ਅਤੇ ਸਤਵਿੰਦਰ ਸਿੰਘ (21), ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਜੋ ਸਾਰੇ ਮੁਹਾਲੀ (ਪੰਜਾਬ) ਦੇ ਰਹਿਣ ਵਾਲੇ ਹਨ।

**ਮਾਮੂਲੀ ਬਹਿਸ ਤੋਂ ਬਾਅਦ ਚੱਲੀਆਂ ਤਲਵਾਰਾਂ**

ਪੁਲੀਸ ਅਨੁਸਾਰ ਹੋਟਲ ਨੇੜੇ ਸਥਾਨਕ ਵਪਾਰੀਆਂ, ਪ੍ਰਕਾਸ਼ ਰਾਵਤ ਨਾਮ ਦੇ ਇੱਕ ਸਥਾਨਕ ਨਿਵਾਸੀ ਅਤੇ ਨਿਹੰਗ ਸਿੰਘਾਂ ਦੇ ਸਮੂਹ ਵਿਚਕਾਰ ਗੱਡੀ ਖੜ੍ਹੀ ਕਰਨ ਨੂੰ ਲੈ ਕੇ ਬਹਿਸ ਹੋ ਗਈ ਸੀ। ਦੇਖਦੇ ਹੀ ਦੇਖਦੇ ਮਾਮਲਾ ਇੰਨਾ ਵਧ ਗਿਆ ਕਿ ਦੋ ਨਿਹੰਗ ਨੌਜਵਾਨਾਂ ਨੇ ਕਥਿਤ ਤੌਰ 'ਤੇ ਪ੍ਰਕਾਸ਼ ਰਾਵਤ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਦੋਂ ਬਾਕੀ ਦੋ ਨਿਹੰਗਾਂ ਨੇ ਬਚਾਅ ਕਰਨ ਆਏ ਸਥਾਨਕ ਲੋਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੇ ਵੀ ਹਮਲਾ ਕਰਕੇ ਚਾਰ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਬਾਕੀ ਤਿੰਨ ਜ਼ਖ਼ਮੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਚਮੋਲੀ ਦੇ ਐੱਸ.ਪੀ. ਸੁਰਜੀਤ ਸਿੰਘ ਪੰਵਾਰ ਨੇ ਦੱਸਿਆ, ਅਸੀਂ ਚਾਰਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਲੋਕ ਸੰਪਰਕ ਵਿਭਾਗ ਪੰਜਾਬ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਅਤੇ ਨਿਰਜਲਾ ਇਕਾਦਸ਼ੀ ਨੂੰ ਸਮਰਪਿਤ ਛਬੀਲ



**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਨਿਰਜਲਾ ਇਕਾਦਸ਼ੀ ਨੂੰ ਸਮਰਪਿਤ ਕਰਦਿਆਂ ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਅੱਜ ਪੰਜਾਬ ਸਿਵਲ ਸਕੱਤਰੇਤ - 1, ਚੰਡੀਗੜ੍ਹ ਵਿਖੇ 'ਛਬੀਲ' ਅਤੇ ਛੋਲਿਆਂ ਅਤੇ ਕੜਾਹ ਪ੍ਰਸ਼ਾਦ' ਦਾ ਲੰਗਰ ਲਗਾਇਆ ਗਿਆ। ਇਸ ਨੇਕ ਕਾਰਜ ਰਾਹੀਂ ਸੰਗਤ ਦੀ ਸੇਵਾ ਕਰਦਿਆਂ, ਵਿਭਾਗ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਲਗਪਗ ਪੰਜ ਘੰਟਿਆਂ ਤੱਕ ਪੂਰੀ ਸ਼ਰਧਾ ਨਾਲ ਲੋਕਾਂ ਨੂੰ ਠੰਡਾ ਮਿੱਠਾ ਜਲ ਅਤੇ 'ਕੜਾਹ - ਛੋਲਿਆਂ ਦਾ ਪ੍ਰਸ਼ਾਦ' ਵਰਤਾਇਆ।

ਲੋਕ ਭਲਾਈ ਦੇ ਇਸ ਕਾਰਜ ਵਿੱਚ ਵਿਭਾਗ ਦੀ ਅਗਵਾਈ ਵਿਸ਼ੇਸ਼ ਸਕੱਤਰ ਕਮ ਡਾਇਰੈਕਟਰ ਸ੍ਰੀ ਪੁਨੀਤ ਗੋਇਲ ਅਤੇ ਡਿਪਟੀ ਸਕੱਤਰ ਸ੍ਰੀ ਦੀਪਾਂਕਰ ਗਰਗ ਨੇ ਕੀਤੀ। ਇਸ ਮੌਕੇ ਵਿਭਾਗ ਦੇ ਵਧੀਕ ਡਾਇਰੈਕਟਰ ਰਣਦੀਪ ਸਿੰਘ ਆਹਲੂਵਾਲੀਆ, ਜੁਆਇੰਟ ਡਾਇਰੈਕਟਰ ਇਸ਼ਵਿੰਦਰ ਸਿੰਘ ਗਰੇਵਾਲ, ਪ੍ਰੀਤ ਕੰਵਲ ਸਿੰਘ ਅਤੇ ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਨਵਦੀਪ ਸਿੰਘ ਗਿੱਲ ਅਤੇ ਸ਼ੇਰਜੰਗ ਸਿੰਘ ਹੁੰਦਲ ਸਮੇਤ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵੀ ਸ਼ਰਧਾ ਭਾਵਨਾ ਨਾਲ ਸੰਗਤ ਦੀ ਸੇਵਾ ਕੀਤੀ। ਇਸ ਨੇਕ ਕਾਰਜ ਵਿੱਚ ਵੱਡੀ ਗਿਣਤੀ 'ਚ ਮੀਡੀਆ ਕਰਮੀਆਂ ਨੇ ਵੀ ਹਾਜ਼ਰੀ ਭਰੀ। ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲੀ ਲੰਗਰ ਸੇਵਾ ਦੌਰਾਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ਼ਬਦ ਕੀਰਤਨ ਰਾਹੀਂ ਵੀ ਸੰਗਤਾਂ ਨਿਹਾਲ ਹੋਈਆਂ।

# ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ ਮੋਹਾਲੀ ਤੋਂ 60ਵੀਂ ਅਤੇ 61ਵੀਂ ਬੱਸ ਹੋਈ ਰਵਾਨਾ



**ਮੁਹਾਲੀ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਅੱਜ ਵਿਧਾਨ ਸਭਾ ਹਲਕਾ ਮੋਹਾਲੀ ਤੋਂ 2 ਬੱਸਾਂ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਹੋਈਆਂ, ਸ਼ਰਧਾਲੂਆਂ ਨਾਲ ਭਰੀ ਇੱਕ ਬੱਸ- ਜੀ ਬਲਾਕ- ਐਰੋਸਿਟੀ ਮੋਹਾਲੀ ਤੋਂ ਨਸ਼ਾ ਮੁਕਤੀ ਮੋਰਚਾ- ਹਲਕਾ ਇੰਚਾਰਜ ਕਵਲਜੀਤ ਸਿੰਘ ਦੀ ਅਗਵਾਈ ਹੇਠ ਜਦਕਿ 61ਵੀਂ ਬੱਸ ਕੌਂਸਲਰ ਨਸੀਬ ਸਿੰਘ ਸੰਧੂ ਦੀ ਅਗਵਾਈ ਹੇਠ ਰਵਾਨਾ ਕੀਤੀ ਗਈ, ਇਹਨਾਂ ਬੱਸਾਂ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਕੋਆਰਡੀਨੇਟਰ ਅਤੇ ਸਟੇਟ ਅਵਾਰਡੀ - ਫੂਲਰਾਜ ਸਿੰਘ ਹੋਰਾਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਪੱਤਰਕਾਰਾਂ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸਬੰਧੀ ਗੱਲਬਾਤ ਕਰਦੇ ਹੋਏ ਹਲਕਾ ਕੋਆਰਡੀਨੇਟਰ- ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੀ ਇਹ ਦਿੱਲੀ ਇੱਛਾ ਸੀ ਕਿ ਪੰਜਾਬ ਭਰ ਦੇ ਸੀਨੀਅਰ ਸਿਟੀਜਨ ਨੂੰ ਸੰਗਤੀ ਰੂਪ ਦੇ ਵਿੱਚ ਤੀਰਥ ਯਾਤਰਾ ਕਰਵਾਈ ਜਾਵੇ, ਅਤੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਮੋਹਾਲੀ ਹਲਕੇ ਸਮੇਤ ਪੰਜਾਬ ਭਰ ਦੇ ਵਿੱਚੋਂ ਵੱਡੀ ਗਿਣਤੀ ਵਿੱਚ ਬੱਸਾਂ ਰੋਜ਼ਾਨਾ ਹੀ ਸ਼੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਰਾਮ ਤੀਰਥ ਵਾਲਮੀਕੀ ਮੰਦਰ, ਵਾਹਗਾ ਬਾਰਡਰ ਅਤੇ ਜਲਿਆਂ ਵਾਲੇ ਬਾਗ ਦੇ ਦਰਸ਼ਨ ਕਰ ਦੇ ਲਈ ਜਾ ਰਹੀਆਂ ਹਨ, ਉਹਨਾਂ ਕਿਹਾ ਕਿ ਇਹ ਸੰਗਤ ਦੇ ਰੂਪ ਵਿੱਚ ਸੰਗਤਾਂ ਵੱਲੋਂ ਤੀਰਥ ਯਾਤਰਾ ਤੇ ਜਾਣਾ ਆਪਣੇ ਆਪ ਵਿੱਚ ਵਧੀਆ ਅਨੁਭਵ ਹੈ, ਇਹਨਾਂ ਤਜਰਬਿਆਂ ਨੂੰ ਉਮਰ ਭਰ ਯਾਦ ਰੱਖਿਆ ਜਾਂਦਾ ਹੈ ਅਤੇ ਇਹਨਾਂ ਯਾਦਾਂ ਨੂੰ ਇੱਕ ਦੂਸਰੇ ਨਾਲ ਸਾਂਝੀ ਕਰਕੇ ਜੋ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੀ ਪ੍ਰਾਪਤੀ ਹੁੰਦੀ ਹੈ, ਉਹ ਉਹ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੋ ਨਿਬੜਦੀ ਹੈ, ਫੂਡਰਾਜ ਸਿੰਘ ਹੋਰਾਂ ਕਿਹਾ ਕਿ ਵਿਧਾਇਕ ਕੁਲਵੰਤ ਸਿੰਘ ਹੋਰਾਂ ਵੱਲੋਂ ਰੋਜ਼ਾਨਾ ਹੀ ਇਸ ਤੀਰਥ ਯਾਤਰਾ ਯੋਜਨਾ ਸਬੰਧੀ ਵਿਸਥਾਰਤ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ, ਅਤੇ ਜੋ ਵੀ ਸ਼ਰਧਾਲੂ ਇਸ ਯਾਤਰਾ ਤੇ ਜਾ ਕੇ ਵਾਪਸ ਪਰਤਦੇ ਹਨ ਉਹਨਾਂ ਵੱਲੋਂ ਵਿਧਾਇਕ ਕੁਲਵੰਤ ਸਿੰਘ ਹੋਰਾਂ ਨੂੰ ਫੋਨ ਕਰਕੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਾਂਦਾ ਹੈ ਅਤੇ ਇਸ ਤਜਰਬੇ ਨੂੰ ਸਾਂਝਾ ਕਰਦੇ ਹੋਏ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਵੀ ਕਰਦੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੇ ਵੱਲੋਂ ਪੰਜਾਬ ਦੇ ਵਿੱਚ ਵਿਕਾਸ ਦੀ ਰਫਤਾਰ ਨੂੰ ਲਗਾਤਾਰ ਤੇਜ਼ ਕਰਨ ਦੇ ਲਈ ਯੋਜਨਾਵਾਂ ਦਾ ਐਲਾਨ ਕੀਤਾ ਜਾ ਰਿਹਾ ਹੈ ਅਤੇ ਜਿਸ ਤਬਕੇ ਦੇ ਲੋਕਾਂ ਦੇ ਪਿਛਲੇ ਲੰਬੇ ਸਮੇਂ ਤੋਂ ਕੰਮ ਰੁਕੇ ਹੋਏ ਸਨ, ਉਹਨਾਂ ਨੂੰ ਵੀ ਪੂਰਾ ਕੀਤਾ ਜਾ ਰਿਹਾ ਹੈ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਮੈਥਾਨੌਲ ਨੂੰ ਨਿਯਮਤ ਕਰਨ ਅਤੇ ਜ਼ਹਿਰੀਲੀ ਸ਼ਰਾਬ ਦੇ ਦੁਖਾਂਤਾਂ ਨੂੰ ਰੋਕਣ ਲਈ ਤੁਰੰਤ ਕੇਂਦਰੀ ਕਾਨੂੰਨ ਬਣਾਉਣ ਦੀ ਮੰਗ

**ਪੰਜਾਬ ਸਰਕਾਰ ਨੇ ਦੇਸ਼ ਵਿਆਪੀ ਨਿਗਰਾਨੀ ਲਈ ਕੇਂਦਰ ਸਰਕਾਰ ਨੂੰ 5-ਨੁਕਾਤੀ ਪ੍ਰਸਤਾਵ ਭੇਜਿਆ: ਹਰਪਾਲ ਸਿੰਘ ਚੀਮਾ**

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਅਤੇ ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕੇਂਦਰ ਸਰਕਾਰ ਨੂੰ ਮਿਥਾਈਲ ਅਲਕੋਹਲ (ਮੈਥਾਨੌਲ) ਨੂੰ ਨਿਯਮਤ ਅਤੇ ਨਿਗਰਾਨੀ ਕਰਨ ਲਈ ਤੁਰੰਤ ਅਤੇ ਫੈਸਲਾਕੁੰਨ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕੀਮਤੀ ਮਨੁੱਖੀ ਜਾਨਾਂ ਬਚਾਉਣ ਅਤੇ ਭਵਿੱਖ ਵਿੱਚ ਜ਼ਹਿਰੀਲੀ ਸ਼ਰਾਬ ਦੇ ਦੁਖਾਂਤ ਨੂੰ ਰੋਕਣ ਲਈ ਇੱਕ ਵਿਸ਼ੇਸ਼ ਕੇਂਦਰੀ ਕਾਨੂੰਨ ਬਣਾਉਣ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ। ਵਿੱਤ ਮੰਤਰੀ ਨੇ ਅੱਜ ਇੱਥੇ ਇਹ ਵਿਚਾਰ ਆਬਕਾਰੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਡੀ.ਕੇ. ਤਿਵਾੜੀ ਅਤੇ ਆਬਕਾਰੀ ਤੇ ਕਰ ਕਮਿਸ਼ਨਰ ਜਿਤੇਂਦਰ ਜੋਰਵਾਲ ਨਾਲ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪ੍ਰਗਟ ਕੀਤੇ।

ਮੈਥਾਨੌਲ ਦੀ ਢੋਆ ਢੋਆਈ ਅਤੇ ਪ੍ਰਬੰਧਕੀ ਮੁਸ਼ਕਲਾਂ ਬਾਰੇ ਵਿਸਥਾਰ ਵਿੱਚ ਦੱਸਦਿਆਂ, ਆਬਕਾਰੀ ਮੰਤਰੀ ਚੀਮਾ ਨੇ ਕਿਹਾ ਕਿ ਭਾਰਤ ਵਿੱਚ ਵਰਤੀ ਜਾਣ ਵਾਲੀ ਲਗਭਗ 90 ਪ੍ਰਤੀਸ਼ਤ ਮੈਥਾਨੌਲ ਵਿਦੇਸ਼ਾਂ ਤੋਂ ਦਰਾਮਦ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਵੱਖ-ਵੱਖ ਬੰਦਰਗਾਹਾਂ ਅਤੇ ਕਸਟਮ ਪੁਆਇੰਟਾਂ ਰਾਹੀਂ ਦੇਸ਼ ਵਿੱਚ ਦਾਖਲ ਹੋਣ ਤੋਂ ਬਾਅਦ, ਇਹ ਖ਼ਤਰਨਾਕ ਰਸਾਇਣ ਆਪਣੇ ਨਿਰਧਾਰਤ ਉਦਯੋਗਿਕ ਖਪਤਕਾਰਾਂ ਤੱਕ ਪਹੁੰਚਣ ਤੋਂ ਪਹਿਲਾਂ ਕਈ ਰਾਜਾਂ ਦੀਆਂ ਸਰਹੱਦਾਂ ਨੂੰ ਪਾਰ ਕਰਦਾ ਹੈ। ਆਬਕਾਰੀ ਮੰਤਰੀ ਨੇ ਅੱਗੇ ਕਿਹਾ, ਕਿਉਂਕਿ ਮੈਥਾਨੌਲ ਆਪਣੀ ਯਾਤਰਾ ਦੌਰਾਨ ਕਈ ਅੰਤਰ-ਰਾਜ ਸਰਹੱਦਾਂ ਨੂੰ ਪਾਰ ਕਰਦਾ ਹੈ, ਇਸ ਲਈ ਇਸਦੀ ਆਵਾਜਾਈ ਸਿੱਧੇ ਤੌਰ 'ਤੇ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ-1 ਦੀ ਐਂਟਰੀ 41 ਦੇ ਅਧੀਨ ਆਉਂਦੀ ਹੈ, ਜੋ ਵਿਦੇਸ਼ਾਂ ਨਾਲ ਵਪਾਰ ਅਤੇ ਅੰਤਰ-ਰਾਜ ਵਪਾਰ ਨੂੰ ਨਿਯੰਤ੍ਰਿਤ ਕਰਦੀ ਹੈ। ਨਤੀਜੇ ਵਜੋਂ, ਕੋਈ ਵੀ ਇੱਕ ਰਾਜ ਸਰਕਾਰ, ਇਕੱਲੇ ਤੌਰ 'ਤੇ ਕੰਮ ਕਰਦਿਆਂ, ਇਸ ਦੇਸ਼ ਵਿਆਪੀ ਸਪਲਾਈ ਚੇਨ ਨੂੰ ਸੁਤੰਤਰ ਤੌਰ 'ਤੇ ਟਰੈਕ ਜਾਂ ਨਿਯੰਤ੍ਰਿਤ ਕਰਨ ਦਾ ਕਾਨੂੰਨੀ ਅਧਿਕਾਰ ਖੇਤਰ ਜਾਂ ਤਕਨੀਕੀ ਬੁਨਿਆਦੀ ਢਾਂਚਾ ਨਹੀਂ ਰੱਖਦੀ। ਇਹ ਪ੍ਰਭਾਵਸ਼ਾਲੀ ਨਿਗਰਾਨੀ ਲਈ ਇੱਕ ਕੇਂਦਰੀ ਕਾਨੂੰਨੀ ਢਾਂਚੇ ਨੂੰ ਸੰਵਿਧਾਨਕ ਤੌਰ 'ਤੇ ਜ਼ਰੂਰੀ ਬਣਾਉਂਦਾ ਹੈ। ਇਸ ਰੈਗੂਲੇਟਰੀ ਚੁਣੌਤੀ ਦੇ ਇੱਕ ਚਿੰਤਾਜਨਕ ਪਹਿਲੂ 'ਤੇ ਜ਼ੋਰ ਦਿੰਦਿਆਂ, ਆਬਕਾਰੀ ਮੰਤਰੀ ਚੀਮਾ ਨੇ ਇਸ ਰਸਾਇਣ ਦੀ ਆਨਲਾਈਨ ਬੇਰੋਕ ਉਪਲਬਧਤਾ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, ਮੈਥਾਨੌਲ ਪ੍ਰਮੁੱਖ ਈ-ਕਾਮਰਸ ਪਲੇਟਫਾਰਮਾਂ 'ਤੇ ਆਸਾਨੀ ਨਾਲ ਉਪਲਬਧ ਹੈ। ਵਰਤਮਾਨ ਵਿੱਚ, ਇਸ ਨੂੰ ਇੱਕ ਆਮ ਰਸਾਇਣਕ ਵਸਤੂ



ਵਜੋਂ ਦੇਖਿਆ ਜਾਂਦਾ ਹੈ, ਜਿਸ ਕਾਰਨ ਇਸਦੀ ਆਨਲਾਈਨ ਲਿਸਟਿੰਗ ਅਤੇ ਵਿਕਰੀ ਪੂਰੀ ਤਰ੍ਹਾਂ ਅਨਿਯਮਤ ਰਹਿੰਦੀ ਹੈ। ਇਹ ਕਿਸੇ ਵੀ ਵਿਅਕਤੀ ਨੂੰ ਬਿਨਾਂ ਪਛਾਣ ਦੀ ਪੁਸ਼ਟੀ, ਦਸਤਾਵੇਜ਼ਾਂ ਜਾਂ ਕਿਸੇ ਐਲਾਨੇ ਉਦੇਸ਼ ਦੇ ਇਸ ਜ਼ਹਿਰੀਲੇ ਪਦਾਰਥ ਨੂੰ ਖਰੀਦਣ ਦੀ ਇਜਾਜ਼ਤ ਦਿੰਦਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਪ੍ਰਚੂਨ ਪਹੁੰਚ ਦੀ ਇਹ ਸੌਖ ਰਾਜ ਦੀਆਂ ਇਨਫੋਰਸਮੈਂਟ ਏਜੰਸੀਆਂ ਦੀ ਇਸ ਰਸਾਇਣ ਦੀ ਨਾਜਾਇਜ਼ ਵਰਤੋਂ ਨੂੰ ਰੋਕਣ, ਨਿਗਰਾਨੀ ਕਰਨ ਜਾਂ ਫੜਨ ਦੀ ਸਮਰੱਥਾ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦੀ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ, ਕਿਉਂਕਿ ਕੌਮੀ ਈ-ਕਾਮਰਸ ਚੈਨਲ ਵਿਸ਼ੇਸ਼ ਤੌਰ 'ਤੇ ਕੇਂਦਰੀ ਕਾਨੂੰਨਾਂ ਦੁਆਰਾ ਚਲਾਏ ਜਾਂਦੇ ਹਨ, ਇਸ ਲਈ ਆਨਲਾਈਨ ਸਪਲਾਈ ਚੇਨਾਂ ਵਿੱਚ ਸ਼ੁਰੂ ਤੋਂ ਅੰਤ ਤੱਕ ਜਵਾਬਦੇਹੀ ਲਾਜ਼ਮੀ ਕਰਨ ਲਈ ਇੱਕ ਕੇਂਦਰੀ ਕਾਨੂੰਨ ਹੀ ਇੱਕਮਾਤਰ ਪ੍ਰਭਾਵਸ਼ਾਲੀ ਤੰਤਰ ਹੈ।

ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਮੌਜੂਦਾ ਰੈਗੂਲੇਟਰੀ ਪ੍ਰਣਾਲੀ ਕਾਫੀ ਖਿੰਡੀ ਹੋਈ ਹੈ ਅਤੇ ਕਈ ਪੁਰਾਣੇ ਕਾਨੂੰਨਾਂ ਵਿੱਚ ਵੰਡੀ ਹੋਈ ਹੈ, ਜਿਸ ਵਿੱਚ ਪੋਇਜ਼ਨਜ਼ ਐਕਟ 1919, ਪੈਟਰੋਲੀਅਮ ਐਕਟ 1934, ਅਤੇ ਜਲਣਸ਼ੀਲ ਪਦਾਰਥ ਐਕਟ 1952 ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕੋਈ ਵੀ ਕਾਨੂੰਨ ਵਿਸ਼ੇਸ਼ ਤੌਰ 'ਤੇ ਮੈਥਾਨੌਲ ਦੇ ਗਲਤ ਇਸਤੇਮਾਲ ਦੇ ਵਿਲੱਖਣ ਖ਼ਤਰਿਆਂ ਨਾਲ ਨਜਿੱਠਣ ਲਈ ਨਹੀਂ ਬਣਾਇਆ ਗਿਆ ਸੀ। ਉਨ੍ਹਾਂ ਕਿਹਾ, ਇਹ ਮੌਜੂਦਾ ਕਾਨੂੰਨ ਮੈਥਾਨੌਲ ਨੂੰ ਸਿਰਫ਼ ਇੱਕ ਜ਼ਹਿਰੀਲੇ, ਜਲਣਸ਼ੀਲ ਜਾਂ ਖ਼ਤਰਨਾਕ ਰਸਾਇਣ ਵਜੋਂ ਸੰਬੋਧਿਤ ਕਰਦੇ ਹਨ, ਅਤੇ ਇੱਕ ਸਮਰਪਿਤ ਟ੍ਰੈਕਿੰਗ ਪ੍ਰਣਾਲੀ, ਖਰੀਦਦਾਰ ਦੀ ਰਜਿਸਟ੍ਰੇਸ਼ਨ, ਜਾਂ ਤਾਲਮੇਲ ਵਾਲੀ ਅੰਤਰ-ਰਾਜ ਟ੍ਰੈਕਿੰਗ ਸਥਾਪਤ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹਿੰਦੇ ਹਨ।

ਇਹ ਉਜਾਗਰ ਕਰਦਿਆਂ ਕਿ ਰਾਜ ਦੇ ਆਬਕਾਰੀ ਕਾਨੂੰਨ ਗੈਰ-ਕਾਨੂੰਨੀ ਉਦੇਸ਼ਾਂ ਲਈ ਮੈਥਾਨੌਲ ਦੀ ਵਿਕਰੀ ਨੂੰ ਰੋਕਣ ਲਈ ਨਾਕਾਫ਼ੀ ਹਨ, ਆਬਕਾਰੀ ਮੰਤਰੀ ਚੀਮਾ ਨੇ ਕਿਹਾ, ਸੂਬਿਆਂ ਦੇ ਰਵਾਇਤੀ ਆਬਕਾਰੀ ਕਾਨੂੰਨ ਸੰਰਚਨਾਤਮਕ ਤੌਰ 'ਤੇ ਸਖਤ ਰਾਜ ਲਾਇਸੈਂਸ ਦੇ ਤਹਿਤ ਸਥਾਨਕ ਤੌਰ 'ਤੇ ਫਰਮੈਂਟੇਸ਼ਨ ਦੁਆਰਾ ਤਿਆਰ ਕੀਤੇ ਗਏ ਐਥਾਈਲ ਅਲਕੋਹਲ ਨੂੰ ਨਿਯਮਤ ਕਰਨ ਲਈ ਤਿਆਰ ਕੀਤੇ ਗਏ ਹਨ। ਹਾਲਾਂਕਿ, ਮੈਥਾਨੌਲ ਇੱਕ ਪੈਟਰੋਲੀਅਮ-ਅਧਾਰਤ ਉਪ-ਉਤਪਾਦ ਹੈ ਜੋ ਪੈਟਰੋ ਕੈਮੀਕਲ ਪ੍ਰਕਿਰਿਆਵਾਂ ਦੁਆਰਾ ਤਿਆਰ ਹੁੰਦਾ ਹੈ ਅਤੇ ਅੰਤਰ-ਰਾਜ ਹਾਈਵੇਅ ਰਾਹੀਂ ਰਾਜਾਂ ਵਿੱਚ ਦਾਖਲ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਰੈਗੂਲੇਟਰੀ ਪਾੜਾ ਤੇਜ਼ੀ ਨਾਲ ਨਾਜ਼ੁਕ ਹੁੰਦਾ ਜਾ ਰਿਹਾ ਹੈ ਕਿਉਂਕਿ ਨੀਤੀ ਆਯੋਗ ਦਾ ਰਣਨੀਤਕ ਰੋਡਮੈਪ ਭਾਰਤ ਦੀ ਮੈਥਾਨੌਲ ਉਤਪਾਦਨ ਸਮਰੱਥਾ ਨੂੰ ਵਧਾ ਰਿਹਾ ਹੈ। ਇਹ ਵਾਧਾ ਚੋਰੀ ਨੂੰ ਖਤਮ ਕਰਨ ਲਈ ਐਥਾਈਲ ਅਤੇ ਮਿਥਾਈਲ ਅਲਕੋਹਲ ਦੀ ਸਪਲਾਈ ਚੇਨ ਨੂੰ ਪੂਰੀ ਤਰ੍ਹਾਂ ਵੱਖ ਕਰਨ ਨੂੰ ਬਹੁਤ ਜ਼ਰੂਰੀ ਬਣਾਉਂਦਾ ਹੈ।

# ਕੋਕਾ-ਕੋਲਾ ਮੈਚਡੇ ਹੈਂਗਆਉਟ: ਫੁੱਟਬਾਲ ਰਾਤਾਂ ਨੂੰ ਸਿਰਜਣਹਾਰ-ਅਗਵਾਈ ਵਾਲੇ ਵਾਚਲੌਂਗ ਵਿੱਚ ਬਦਲਣਾ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਕਾ-ਕੋਲਾ ਨੇ ਅੱਜ ਮੈਚਡੇ ਹੈਂਗਆਉਟ ਦੀ ਸ਼ੁਰੂਆਤ ਦਾ ਐਲਾਨ ਕੀਤਾ, ਜੋ ਕਿ ਭਾਰਤ ਦੇ ਫੁੱਟਬਾਲ ਪ੍ਰਸ਼ੰਸਕਾਂ ਦੀ ਵਧ ਰਹੀ ਪੀੜ੍ਹੀ ਲਈ ਸਿਰਜਣਹਾਰ-ਅਗਵਾਈ ਵਾਲਾ ਲਾਈਵ ਫੁੱਟਬਾਲ ਦੇਖਣ ਦਾ ਅਨੁਭਵ ਹੈ। ਫੀਫਾ ਵਿਸ਼ਵ ਕੱਪ ਸੀਜ਼ਨ ਦੇ ਆਲੇ-ਦੁਆਲੇ, ਕੋਕਾ-ਕੋਲਾ ਮੈਚਡੇ ਹੈਂਗਆਉਟ ਦੇਰ ਰਾਤ ਫੁੱਟਬਾਲ ਦੇਖਣ ਨੂੰ ਇੱਕ ਸਾਂਝੇ ਲਾਈਵ ਅਨੁਭਵ ਵਿੱਚ ਬਦਲਦਾ ਹੈ, ਪ੍ਰਸ਼ੰਸਕਾਂ ਨੂੰ ਅਸਲ ਸਮੇਂ ਵਿੱਚ ਪ੍ਰਤੀਕਿਰਿਆ ਕਰਨ, ਹਰ ਵੱਡੇ ਪਲ 'ਤੇ ਬਹਿਸ ਕਰਨ, ਅਤੇ ਸਿਰਜਣਹਾਰਾਂ ਦੇ ਨਾਲ ਮੈਚ ਰਾਤਾਂ ਦਾ ਜਸ਼ਨ ਮਨਾਉਣ ਲਈ ਵਰਚੁਅਲ ਤੌਰ 'ਤੇ ਇਕੱਠੇ ਕਰਦਾ ਹੈ, 12 ਰਾਸ਼ਟਰੀ ਸਟ੍ਰੀਮਾਂ ਵਿੱਚ ਜੋ ਇਹ ਦਰਸਾਉਂਦੇ ਹਨ ਕਿ ਭਾਰਤ ਅੱਜ ਸਮਾਜਿਕ-ਅਗਵਾਈ ਵਾਲੇ ਵਾਤਾਵਰਣ ਵਿੱਚ ਫੁੱਟਬਾਲ ਨੂੰ ਅਸਲ ਵਿੱਚ ਕਿਵੇਂ ਦੇਖਦਾ ਹੈ। ਕੋਕਾ-ਕੋਲਾ ਦਾ ਫੀਫਾ ਨਾਲ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਸਬੰਧ ਹਮੇਸ਼ਾ ਫੁੱਟਬਾਲ ਦੇ ਪ੍ਰੇਰਿਤ ਜਨੂੰਨ ਅਤੇ ਏਕਤਾ ਦਾ ਜਸ਼ਨ ਮਨਾਉਣ ਵਿੱਚ ਜੜ੍ਹਿਆ ਹੋਇਆ ਹੈ। ਕੋਕਾ-ਕੋਲਾ ਮੈਚਡੇ ਹੈਂਗਆਉਟ ਦੇ ਨਾਲ, ਉਹ ਭਾਵਨਾ ਇੱਕ ਨਵੇਂ ਯੁੱਗ ਦੇ ਸਿਰਜਣਹਾਰ-ਅਗਵਾਈ ਵਾਲੇ ਡਿਜੀਟਲ ਫਾਰਮੈਟ ਵਿੱਚ ਜ਼ਿੰਦਾ ਹੁੰਦੀ ਹੈ। ਇਹ ਅਨੁਭਵ ਭਾਰਤ ਦੇ ਪ੍ਰਮੁੱਖ ਸੁਤੰਤਰ ਸੰਪਾਦਕੀ ਖੇਡ ਪਲੇਟਫਾਰਮਾਂ ਵਿੱਚੋਂ ਇੱਕ, ਦੁਆਰਾ ਤਿਆਰ ਅਤੇ ਹੋਸਟ ਕੀਤਾ ਗਿਆ ਹੈ, ਜੋ ਸ਼ੋਅ ਦੇ ਲਾਈਵ ਪ੍ਰਸਾਰਣ ਅਤੇ ਕਹਾਣੀ ਸੁਣਾਉਣ ਨੂੰ ਨਿਰਵਿਘਨ ਸ਼ਕਤੀ ਪ੍ਰਦਾਨ ਕਰੇਗਾ। ਇਸ ਸਪੋਰਟੇਂਮੈਂਟ ਸ਼ੋਅ ਦੀ ਅਗਵਾਈ ਸਿਰਜਣਹਾਰ ਰੋਹਨ ਜੋਸ਼ੀ, ਸਾਕਸ਼ੀ ਸ਼ਿਵਦਾਸਾਨੀ ਅਤੇ ਕਾਸ਼ਵੀ ਹੀਰਾਨੰਦਾਨੀ ਕਰਨਗੇ, ਜਿਸ ਵਿੱਚ ਚੋਣਵੇਂ ਮੈਚ ਦਿਨਾਂ ਵਿੱਚ ਜ਼ਰਵਾਨ ਬੰਸ਼ਾਹ, ਵਰੁਣ ਠਾਕੁਰ ਅਤੇ ਫੁੱਟਬਾਲਰ ਡਾਲੀਮਾ ਛਿੱਬਰ ਵੀ ਸ਼ਾਮਲ ਹੋਣਗੇ। ਲਾਂਚ ਬਾਰੇ ਬੋਲਦੇ ਹੋਏ, ਕਾਰਤਿਕ ਸੁਬਰਾਮਨੀਅਨ, ਸੀਨੀਅਰ ਡਾਇਰੈਕਟਰ, ਮਾਰਕੀਟਿੰਗ, ਕੋਕਾ-ਕੋਲਾ ਟੀਐਮ ਇੰਡੀਆ ਅਤੇ ਦੱਖਣ-ਪੱਛਮੀ ਏਸ਼ੀਆ ਨੇ ਕਿਹਾ, ਫੀਫਾ ਨਾਲ ਸਾਡੇ ਲੰਬੇ ਸਮੇਂ ਤੋਂ ਚੱਲ ਰਹੇ ਸਹਿਯੋਗ ਰਾਹੀਂ, ਕੋਕਾ-ਕੋਲਾ ਦਹਾਕਿਆਂ ਤੋਂ ਫੁੱਟਬਾਲ ਪ੍ਰਸ਼ੰਸਕਾਂ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਇੱਕ ਮੈਚ ਰਾਤ ਰਸਮਾਂ, ਪ੍ਰਤੀਕਿਰਿਆਵਾਂ ਅਤੇ ਸਾਂਝੀਆਂ ਭਾਵਨਾਵਾਂ ਬਾਰੇ ਹੁੰਦੀ ਹੈ। ਕੋਕਾ-ਕੋਲਾ ਮੈਚਡੇ ਹੈਂਗਆਉਟ ਸਮਾਜਿਕ-ਅਗਵਾਈ ਵਾਲੇ ਅਨੁਭਵਾਂ ਰਾਹੀਂ ਉਸ ਸਬੰਧ ਨੂੰ ਉਤਸ਼ਾਹਿਤ ਕਰਨ ਦਾ ਸਾਡਾ ਤਰੀਕਾ ਹੈ। ਇੱਕ ਕਮਿਊਨਿਟੀ-ਪਹਿਲੀ ਪਹੁੰਚ ਅਪਣਾ ਕੇ, ਅਸੀਂ ਇੱਕ ਲਾਈਵ, ਸਿਰਜਣਹਾਰ-ਅਗਵਾਈ ਵਾਲਾ ਅਨੁਭਵ ਤਿਆਰ ਕੀਤਾ ਹੈ, ਅਤੇ ਰੇਵਸਪੋਰਟਜ਼ ਨਾਲ ਸਾਂਝੇਦਾਰੀ ਸਾਨੂੰ ਇਸ ਇੰਟਰਐਕਟਿਵ ਫਾਰਮੈਟ ਨੂੰ ਸਿੱਧੇ ਦਰਸ਼ਕਾਂ ਤੱਕ ਪਹੁੰਚਾਉਣ ਵਿੱਚ ਮਦਦ ਕਰਦੀ ਹੈ। ਬੋਰੀਆ ਮਜੂਮਦਾਰ, ਸੰਸਥਾਪਕ ਅਤੇ ਸੀਈਓ ਰੇਵਸਪੋਰਟਜ਼ ਨੇ ਕਿਹਾ,

ਫੁੱਟਬਾਲ ਹਮੇਸ਼ਾ ਭਾਵਨਾਵਾਂ, ਗੱਲਬਾਤ ਅਤੇ ਭਾਈਚਾਰੇ ਬਾਰੇ ਰਿਹਾ ਹੈ। ਕੋਕਾ-ਕੋਲਾ ਮੈਚਡੇ ਹੈਂਗਆਉਟ ਦੇ ਨਾਲ, ਅਸੀਂ ਉਨ੍ਹਾਂ ਮੈਚ-ਰਾਤ ਦੀਆਂ ਗੱਲਬਾਤਾਂ ਨੂੰ ਲੈ ਕੇ ਜਾ ਰਹੇ ਹਾਂ ਅਤੇ ਉਨ੍ਹਾਂ ਨੂੰ ਦੇਸ਼ ਭਰ ਦੇ ਪ੍ਰਸ਼ੰਸਕਾਂ ਲਈ ਇੱਕ ਸਾਂਝੇ ਲਾਈਵ ਅਨੁਭਵ ਵਿੱਚ ਬਦਲ ਰਹੇ ਹਾਂ। ਰੇਵਸਪੋਰਟਜ਼ ਵਿਖੇ, ਅਸੀਂ ਪ੍ਰਸ਼ੰਸਕਾਂ ਲਈ ਖੇਡ ਨਾਲ ਜੁੜਨ ਲਈ ਨਵੀਨਤਾਕਾਰੀ ਤਰੀਕੇ ਬਣਾਉਣ ਵਿੱਚ ਲਗਾਤਾਰ ਵਿਸ਼ਵਾਸ ਰੱਖਦੇ ਹਾਂ, ਅਤੇ ਕੋਕਾ-ਕੋਲਾ ਨਾਲ ਇਹ ਸਾਂਝੇਦਾਰੀ ਸਾਨੂੰ ਖੇਡ, ਮਨੋਰੰਜਨ ਅਤੇ ਡਿਜੀਟਲ ਸੱਭਿਆਚਾਰ ਨੂੰ ਇੱਕ ਸਮਾਜਿਕ ਫਾਰਮੈਟ ਵਿੱਚ ਇਕੱਠੇ ਕਰਨ ਦੀ ਆਗਿਆ ਦਿੰਦੀ ਹੈ ਜੋ ਅੱਜ ਦੇ ਦਰਸ਼ਕ ਲਾਈਵ ਪ੍ਰੋਗਰਾਮਾਂ ਨੂੰ ਕਿਵੇਂ ਵਰਤਦੇ ਹਨ ਇਸ ਦੇ ਅਨੁਸਾਰ ਪ੍ਰਮਾਣਿਕ ਮਹਿਸੂਸ ਹੁੰਦਾ ਹੈ। ਅਸੀ ਇੱਕ ਅਜਿਹੀ ਮੰਜ਼ਿਲ ਬਣਾਉਣ ਲਈ ਉਤਸ਼ਾਹਿਤ ਹਾਂ ਜਿੱਥੇ ਪ੍ਰਸ਼ੰਸਕ ਇਕੱਠੇ ਫੀਫਾ ਵਿਸ਼ਵ ਕੱਪ ਦੇ ਸਭ ਤੋਂ ਵੱਡੇ ਪਲਾਂ ਨੂੰ ਦੇਖ ਸਕਦੇ ਹਨ, ਪ੍ਰਤੀਕਿਰਿਆ ਕਰ ਸਕਦੇ ਹਨ, ਬਹਿਸ ਕਰ ਸਕਦੇ ਹਨ ਅਤੇ ਜਸ਼ਨ ਮਨਾ ਸਕਦੇ ਹਨ।

# ਸੂਬੇ ਦੇ ਇੰਜੀਨੀਅਰਿੰਗ ਅਤੇ ਪੌਲੀਟੈਕਨਿਕ ਸੰਸਥਾਵਾਂ ਵਿੱਚ ਤਕਨੀਕੀ ਸਿੱਖਿਆ ਨੂੰ ਕੀਤਾ ਜਾ ਰਿਹਾ ਹੈ ਅਪਗ੍ਰੇਡ : ਸਿੱਖਿਆ ਮੰਤਰੀ ਮਹੀਪਾਲ ਢਾਂਡਾ

**ਚੰਡੀਗੜ੍ਹ, 18 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰਨ ਅਤੇ ਤਕਨੀਕੀ ਸਿੱਖਿਆ ਨੂੰ ਸਮੇਂ ਦੇ ਅਨੁਕੂਲ ਆਧੁਨਿਕ ਬਣਾਉਣ ਲਈ ਪੂਰੀ ਤਤਪਰਤਾ ਨਾਲ ਕੰਮ ਕਰ ਰਹੀ ਹੈ। ਸਰਕਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਅਤੇ ਉੱਚ ਪੱਧਰੀ ਤਕਨੀਕੀ ਗਿਆਨ ਦੇਣਾ ਹੈ, ਤਾਂ ਜੋ ਉਹ ਗਲੋਬਲ ਪੱਧਰ 'ਤੇ ਮੁਕਾਬਲਾ ਕਰ ਸਕਣ। ਇਸੇ ਦਿਸ਼ਾ ਵਿੱਚ ਕਦਮ ਵਧਾਉਂਦੇ ਹੋਏ ਸੂਬੇ ਦੇ ਇੰਜੀਨੀਅਰਿੰਗ ਅਤੇ ਬਹੁ-ਤਕਨੀਕੀ ਸੰਸਥਾਵਾਂ ਲਈ ਉੱਚ ਵਿਸ਼ੇਸ਼ਤਾਵਾਂ ਵਾਲੇ 2512 ਨਵੇਂ ਕੰਪਿਊਟਰ ਸਿਸਟਮਾਂ ਦੀ ਖਰੀਦ ਕੀਤੀ ਗਈ ਹੈ।

ਸ੍ਰੀ ਮਹੀਪਾਲ ਢਾਂਡਾ ਅੱਜ ਹਰਿਆਣਾ ਸਿਵਲ ਸਕੱਤਰੇਤ ਵਿੱਚ ਤਕਨੀਕੀ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਇੱਕ ਅਹਿਮ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਵਿਭਾਗ ਦੇ ਵੱਖ-ਵੱਖ ਪ੍ਰੋਜੈਕਟਾਂ ਅਤੇ ਆਗਾਮੀ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ।

**ਸੰਸਥਾਵਾਂ ਵਿੱਚ ਕੰਪਿਊਟਰਾਂ ਦੀ ਕੀਤੀ ਜਾ ਰਹੀ ਹੈ ਵੰਡ**

ਸਿੱਖਿਆ ਮੰਤਰੀ ਨੇ ਦੱਸਿਆ ਕਿ ਖਰੀਦੇ ਗਏ ਕੰਪਿਊਟਰਾਂ ਵਿੱਚੋਂ ਸੂਬੇ ਦੀਆਂ 5 ਇੰਜੀਨੀਅਰਿੰਗ ਅਤੇ ਉਦਯੋਗਿਕ ਸੰਸਥਾਵਾਂ ਵਿੱਚ 730 ਕੰਪਿਊਟਰ ਸਿਸਟਮ ਅਤੇ 36 ਸਰਕਾਰੀ ਬਹੁ-ਤਕਨੀਕੀ ਤੇ ਬਹੁ-ਤਕਨੀਕੀ ਸਿੱਖਿਆ ਕਮੇਟੀਆਂ ਵਿੱਚ ਲੋੜੀਂਦੇ ਕੰਪਿਊਟਰ ਪ੍ਰਦਾਨ ਕੀਤੇ ਜਾ ਚੁੱਕੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬਾਕੀ ਬਚੇ 281 ਕੰਪਿਊਟਰ ਸਿਸਟਮ ਵੀ ਜਲਦੀ ਤੋਂ ਜਲਦੀ ਸਬੰਧਤ ਸੰਸਥਾਵਾਂ ਵਿੱਚ ਉਪਲਬਧ ਕਰਵਾ ਦਿੱਤੇ ਜਾਣ, ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਪ੍ਰੈਕਟੀਕਲ ਟ੍ਰੇਨਿੰਗ ਵਿੱਚ ਕੋਈ ਰੁਕਾਵਟ ਨਾ ਆਵੇ।

**ਇੰਫਰਾਸਟ੍ਰਕਚਰ ਨੂੰ ਮਜ਼ਬੂਤ ਕਰਨ 'ਤੇ ਹੈ ਜ਼ੋਰ**

ਤਕਨੀਕੀ ਸਿੱਖਿਆ ਦੇ ਪੱਧਰ ਨੂੰ ਸੁਧਾਰਨ ਲਈ ਬੁਨਿਆਦੀ ਢਾਂਚੇ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਿੱਖਿਆ ਮੰਤਰੀ ਨੇ ਦੱਸਿਆ ਕਿ ਕੰਪਿਊਟਰਾਂ ਤੋਂ ਇਲਾਵਾ ਸੂਬੇ ਦੀਆਂ 9 ਸਰਕਾਰੀ ਬਹੁ-ਤਕਨੀਕੀ ਸੰਸਥਾਵਾਂ ਵਿੱਚ ਸਿਵਲ ਇੰਜੀਨੀਅਰਿੰਗ ਨਾਲ ਸਬੰਧਤ 51 ਆਧੁਨਿਕ ਮਸ਼ੀਨਾਂ ਅਤੇ ਉਪਕਰਨ ਵੀ ਉਪਲਬਧ ਕਰਵਾਏ ਜਾ ਚੁੱਕੇ ਹਨ।

# ਧਰਮ ਪਰਿਵਰਤਨ ਦਾ ਮੁੱਦਾ ਗਰਮਾਇਆ, ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੇ ਦਿੱਤੇ ਸਖ਼ਤ ਹੁਕਮ

**ਕੌਮੀ ਪਤ੍ਰਿਕਾ**

ਜਲੰਧਰ 18 ਜੂਨ। ਪੱਛਮੀ ਹਲਕੇ ਦੇ ਮਿੱਠੂ ਬਸਤੀ ਖੇਤਰ ਦੇ ਅੰਦਰ ਸਥਿਤ ਗੁਰੂ ਅਰਜੁਨ ਨਗਰ ਵਿੱਚ ਧਰਮ ਪਰਿਵਰਤਨ ਦਾ ਮੁੱਦਾ ਤੇਜ਼ ਹੁੰਦਾ ਜਾ ਰਿਹਾ ਹੈ। 1 ਜੂਨ ਨੂੰ ਸਥਾਨਕ ਨਿਵਾਸੀਆਂ ਨੇ ਇੱਕ ਘਰ ਦੇ ਮਾਲਕ ਗੁਰਦਿਆਲ ਸਿੰਘ 'ਤੇ ਹੁਸ਼ਿਆਰਪੁਰ ਦੀਆਂ ਔਰਤਾਂ ਨੂੰ ਦੂਜੇ ਧਰਮ ਵਿੱਚ ਧਰਮ ਪਰਿਵਰਤਨ ਕਰਵਾਉਣ ਦਾ ਦੋਸ਼ ਲਗਾਇਆ। ਪੁਲਸ ਕਾਰਵਾਈ ਦੀ ਘਾਟ ਤੋਂ ਬਾਅਦ, ਈਸਾਈ ਭਾਈਚਾਰੇ ਨੇ 10 ਜੂਨ ਨੂੰ ਸੜਕਾਂ ਜਾਮ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ। ਹਾਲਾਂਕਿ, ਪੀੜਤ ਪਰਿਵਾਰ ਨੇ ਇਨਸਾਫ਼ ਦੀ ਮੰਗ ਕਰਨ ਲਈ ਅੱਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਗੌਰਵ ਮਸੀਹ ਕੋਲ ਪਹੁੰਚ ਕੀਤੀ। ਪਰਿਵਾਰ ਨੇ ਦੋਸ਼ ਲਗਾਇਆ ਕਿ ਉਨ੍ਹਾਂ 'ਤੇ ਸਮਝੌਤਾ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਏਸੀਪੀ ਆਤਿਸ਼ ਭਾਟੀਆ ਜਤਿੰਦਰ ਗੌਰਵ ਮਸੀਹ ਦੇ ਸਾਹਮਣੇ ਪੇਸ਼ ਹੋਏ ਅਤੇ ਦੱਸਿਆ ਕਿ ਸ਼ਰਾਰਤੀ ਅਨਸਰਾਂ ਨੇ ਗੜ੍ਹਸ਼ੰਕਰ ਦੀਆਂ ਔਰਤਾਂ ਦੁਆਰਾ ਘਰ ਵਿੱਚ ਕਥਿਤ ਤੌਰ 'ਤੇ ਕੀਤੇ ਜਾ ਰਹੇ ਧਰਮ ਪਰਿਵਰਤਨ ਬਾਰੇ ਗਲਤ ਜਾਣਕਾਰੀ ਫੈਲਾਈ ਹੈ। ਗੌਰਵ ਮਸੀਹ ਨੇ ਮਾਮਲੇ ਦੀ ਨਿਰਪੱਖ ਜਾਂਚ ਦੇ ਹੁਕਮ ਦਿੱਤੇ ਅਤੇ ਨਿਰਦੇਸ਼ ਦਿੱਤੇ ਕਿ ਘੱਟ ਗਿਣਤੀ ਕਮਿਸ਼ਨ ਨੂੰ ਰਿਪੋਰਟ ਸੌਂਪੀ ਜਾਵੇ। ਪੀੜਤ ਪਰਿਵਾਰ ਨੇ ਕਾਰਵਾਈ ਲਈ ਚੇਅਰਮੈਨ ਨੂੰ ਅਪੀਲ ਵੀ ਕੀਤੀ। ਮਸੀਹ ਨੇ ਮਾਮਲੇ ਨੂੰ ਢਿੱਲੇ ਢੰਗ ਨਾਲ ਸੰਭਾਲਣ ਲਈ ਸਟੇਸ਼ਨ ਹਾਊਸ ਅਫਸਰ ਨੂੰ ਝਿੜਕਿਆ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ। ਭਾਟੀਆ ਨੇ ਕਿਹਾ ਕਿ ਪੀੜਤ ਧਿਰ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਹੈ ਅਤੇ ਜਾਂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਨੂੰ ਮੌਕੇ 'ਤੇ ਸਥਿਤੀ ਨੂੰ ਵਧਣ ਤੋਂ ਰੋਕਣ ਲਈ ਪੁਲਸ ਸਟੇਸ਼ਨ ਲਿਜਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਵਿਅਕਤੀਆਂ ਨੂੰ ਆਪਣੀ ਮਰਜ਼ੀ ਨਾਲ ਧਰਮ ਬਦਲਣ ਦਾ ਅਧਿਕਾਰ ਹੈ ਜੇਕਰ ਉਹ ਅਜਿਹਾ ਕਰਨਾ ਚਾਹੁੰਦੇ ਹਨ। ਭਾਟੀਆ ਨੇ ਮਾਮਲੇ ਨੂੰ ਸੰਭਾਲਣ ਲਈ ਸੱਤ ਦਿਨਾਂ ਦਾ ਸਮਾਂ ਮੰਗਿਆ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਫਿਰਕੂ ਮੁੱਦਾ ਨਾ ਬਣ ਜਾਵੇ। ਇਸ ਦੌਰਾਨ, ਗੌਰਵ ਮਸੀਹ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੀੜਤ ਪਰਿਵਾਰ ਨੂੰ ਧਮਕੀਆਂ ਮਿਲ ਰਹੀਆਂ ਹਨ ਅਤੇ ਜ਼ਿੰਮੇਵਾਰ ਲੋਕਾਂ ਵਿਰੁੱਧ ਤੁਰੰਤ ਕਾਰਵਾਈ ਦੇ ਨਿਰਦੇਸ਼ ਜਾਰੀ ਕੀਤੇ।



## ਭਾਜਪਾ ਪ੍ਰਦੇਸ਼ ਪ੍ਰਧਾਨ ਕੇਵਲ ਢਿੱਲੋਂ ਨੇ ਰਾਜਿੰਦਰ ਗੁਪਤਾ ਨਾਲ ਕੀਤੀ ਮੁਲਾਕਾਤ

ਬਰਨਾਲਾ 18 ਜੂਨ। ਪੰਜਾਬ ਦੀ ਰਾਜਨੀਤੀ ਅਤੇ ਉਦਯੋਗ ਜਗਤ 'ਚ ਇਨ੍ਹੀਂ ਦਿਨੀਂ ਭਾਜਪਾ ਦੇ ਨਵ-ਨਿਯੁਕਤ ਪ੍ਰਦੇਸ਼ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਟ?ਰਾਈਡੈਂਟ ਗਰੁੱਪ ਦੇ ਸੰਸਥਾਪਕ ਤੇ ਸਾਬਕਾ ਰਾਜਸਭਾ ਮੈਂਬਰ ਰਾਜਿੰਦਰ ਗੁਪਤਾ ਦੀ ਮੁਲਾਕਾਤ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਦੋਵਾਂ ਆਗੂਆਂ ਦੀ ਇਹ ਮੁਲਾਕਾਤ ਭਾਵੇਂ ਹੀ ਰਸਮੀ ਤੌਰ 'ਤੇ ਸ਼ਿਸ਼ਟਾਚਾਰ ਭੇਟ ਤੇ ਸਿਹਤ ਸਬੰਧੀ ਕੁਸ਼ਲ-ਖੇਮ ਜਾਣਨ ਲਈ ਦੱਸੀ ਜਾ ਰਹੀ ਹੋਵ ਪਰ ਰਾਜਨੀਤਕ ਅਤੇ ਉਦਯੋਗਿਕ ਹਲਕਿਆਂ 'ਚ ਇਸ ਦੇ ਵੱਖ-ਵੱਖ ਮਾਅਨੇ ਕੱਢੇ ਜਾ ਰਹੇ ਹਨ। ਹਾਲ ਹੀ 'ਚ ਕੇਵਲ ਸਿੰਘ ਢਿੱਲੋਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਰਾਜਿੰਦਰ ਗੁਪਤਾ ਨਾਲ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਉਨ੍ਹਾਂ ਦੀ ਉੱਤਮ ਸਿਹਤ ਤੇ ਲੰਬੀ ਉਮਰ ਦੀ ਕਾਮਨਾ ਕੀਤੀ। ਤਸਵੀਰਾਂ 'ਚ ਦੋਵਾਂ ਆਗੂਆਂ ਵਿਚਾਲੇ ਨਿੱਘ ਅਤੇ ਸੁਹਾਰਦ ਸਪੱਸ਼ਟ ਦਿਖਾਈ ਦਿੱਤਾ, ਜਿਸ ਨਾਲ ਰਾਜਨੀਤਕ ਗਲਿਆਰਿਆਂ 'ਚ ਕਈ ਤਰ੍ਹਾਂ ਦੀਆਂ ਚਰਚਾਵਾਂ ਨੂੰ ਬਲ ਮਿਲਿਆ ਹੈ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮੁਲਾਕਾਤ ਭਾਜਪਾ ਦੇ ਅੰਦਰ ਇਕਜੁੱਟਤਾ ਦਾ ਸੰਦੇਸ਼ ਦੇਣ ਦੇ ਨਾਲ-ਨਾਲ ਉਦਯੋਗ ਅਤੇ ਰਾਜਨੀਤੀ ਦੇ ਵਿਚਕਾਰ ਬਿਹਤਰ ਤਾਲਮੇਲ ਵੱਲ ਵੀ ਇਸ਼ਾਰਾ ਕਰਦੀ ਹੈ। ਰਾਜਿੰਦਰ ਗੁਪਤਾ ਨਾ ਸਿਰਫ ਇਕ ਵੱਕਾਰੀ ਉਦਯੋਗਪਤੀ ਹਨ, ਬਲਕਿ ਮਾਲਵਾ ਖੇਤਰ ਦੇ ਆਰਥਿਕ ਵਿਕਾਸ ਅਤੇ ਰੋਜ਼ਗਾਰ ਪੈਦਾ ਕਰਨ 'ਚ ਵੀ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

# '...ਨਹੀਂ ਤਾਂ ਥਾਣੇ ਲੈਜੂੰ' ਪੰਜਾਬ ਪੁਲਸ ਦਾ ਫਰਜ਼ੀ ਮੁਲਾਜ਼ਮ ਗ੍ਰਿਫ਼ਤਾਰ !

ਲੁਧਿਆਣਾ 18 ਜੂਨ। ਮੁੰਡੀਆਂ ਕਲਾਂ ਇਲਾਕੇ ਵਿਚ ਖ਼ਾਕੀ ਵਰਦੀ ਦਾ ਰੋਅਬ ਦਿਖਾ ਕੇ ਗਰੀਬ ਰੇਹੜੀ ਵਾਲਿਆਂ ਨੂੰ ਆਪਣਾ ਸ਼ਿਕਾਰ ਬਣਾਉਣ ਵਾਲਾ ਇਕ ਫਰਜ਼ੀ ਪੁਲਸ ਮੁਲਾਜ਼ਮ ਬੇਨਕਾਬ ਹੋਇਆ ਹੈ। ਅਸਲੀ ਪੁਲਸ ਨੇ ਮੁਸਤੈਦੀ ਦਿਖਾਉਂਦਿਆਂ ਇਸ ਨਕਲੀ ਪੁਲਸ ਵਾਲੇ ਨੂੰ ਕਾਬੂ ਕਰ ਲਿਆ ਹੈ। ਜਾਣਕਾਰੀ ਮੁਤਾਬਕ, ਥਾਣਾ ਪੁਲਸ ਦੀ ਇਕ ਵਿਸ਼ੇਸ਼ ਟੀਮ ਏ. ਐੱਸ. ਆਈ. ਬਲਕਾਰ ਸਿੰਘ ਦੀ ਅਗਵਾਈ ਵਿਚ ਕਾਨੂੰਨ ਵਿਵਸਥਾ ਦੇ ਮੱਦੇਨਜ਼ਰ ਇਲਾਕੇ ਵਿਚ ਗਸ਼ਤ 'ਤੇ ਤਾਇਨਾਤ ਸੀ। ਇਸੇ ਦੌਰਾਨ ਪੁਲਸ ਪਾਰਟੀ ਨੂੰ ਇਕ ਮੁਖਬਰ ਖ਼ਾਸ ਨੇ ਸੂਚਨਾ ਦਿੱਤੀ ਕਿ ਇਲਾਕੇ ਵਿਚ ਇਕ ਠੱਗ ਖ਼ੁਦ ਨੂੰ ਪੁਲਸ ਵਾਲਾ ਦੱਸ ਕੇ ਲੋਕਾਂ ਨੂੰ ਲੁੱਟ ਰਿਹਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਪੀੜਤ ਸੁਨੀਲ ਯਾਦਵ ਨੇ ਦੱਸਿਆ ਕਿ ਉਹ ਤੇ ਉਸ ਦੇ ਚਾਚੇ ਦਾ ਮੁੰਡਾ ਚੰਦ ਕਿਸ਼ੋਰ ਯਾਦਵ 33 ਫੁੱਟਾ ਰੋਡ 'ਤੇ ਸਰਕਾਰੀ ਫ਼ਲੈਟਾਂ ਨੇੜੇ ਰੇਹੜੀ ਲਗਾ ਕੇ ਫ਼ਲ ਵੇਚ ਰਹੇ ਸਨ। ਇਸੇ ਦੌਰਾਨ ਇਕ ਅਣਪਛਾਤਾ ਨੌਜਵਾਨ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਨ੍ਹਾਂ ਕੋਲ ਆਇਆ ਤੇ ਖ਼ੁਦ ਨੂੰ ਪੁਲਸ ਮੁਲਾਜ਼ਮ ਦੱਸ ਕੇ ਉਨ੍ਹਾਂ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਥਾਣੇ ਲਿਜਾਉਣ ਦਾ ਖ਼ੌਫ਼ ਦਿਖਾ ਕੇ ਫਰਜ਼ੀ ਪੁਲਸ ਮੁਲਾਜ਼ਮ ਨੇ ਉਸ ਤੋਂ 2 ਹਜ਼ਾਰ ਰੁਪਏ ਤੇ ਚੰਦ ਕਿਸ਼ੋਰ ਦੀ ਜੇਬ 'ਚੋਂ 6 ਹਜ਼ਾਰ ਰੁਪਏ ਦੀ ਨਕਦੀ ਸਮੇਤ ਉਨ੍ਹਾਂ ਦਾ ਕੀਮਤ ਆਈ ਫ਼ੋਨ 11 ਜ਼ਬਰਦਸਤੀ ਕੱਢ ਲਿਆ। ਇਸ ਮਗਰੋਂ ਉਹ ਸ਼ਿਕਾਇਤਕਰਤਾ ਨੂੰ ਡਰਾ ਕੇ ਆਪਣੇ ਨਾਲ ਮੋਟਰਸਾਈਕਲ 'ਤੇ ਬਿਠਾ ਕੇ ਥਾਣੇ ਲਿਜਾਣ ਦੇ ਬਹਾਨੇ ਨਾਲ ਲੈ ਗਿਆ। ਹਾਲਾਂਕਿ ਥੋੜ੍ਹੀ ਦੂਰ ਜਾ ਕੇ ਉਸ ਨੇ ਸ਼ਿਕਾਇਤਕਰਤਾ ਨੂੰ ਰਾਹ ਵਿਚ ਉਤਾਰ ਦਿੱਤਾ ਤੇ ਨਕਦੀ ਤੇ ਮੋਬਾਈਲ ਲੈ ਕੇ ਫ਼ਰਾਰ ਹੋ ਗਿਆ। ਵਾਰਦਾਤ ਮਗਰੋਂ ਜਦੋਂ ਪੀੜਤਾਂ ਨੇ ਆਪਣੇ ਪੱਧਰ 'ਤੇ ਆਲੇ-ਦੁਆਲੇ ਦੇ ਇਲਾਕੇ ਵਿਚ ਪੁੱਛਗਿੱਛ ਕੀਤੀ ਤੇ ਭਾਲ ਸ਼ੁਰੂ ਕੀਤੀ ਤਾਂ ਇਸ ਸ਼ਾਤਰ ਠੱਗ ਦੀ ਅਸਲ ਪਛਾਣ ਗੁਰਜੀਤ ਸਿੰਘ ਵਜੋਂ ਹੋਈ। ਪੁਲਸ ਨੇ ਮੁਦੱਈ ਦੇ ਬਿਆਨਾਂ ਦੇ ਅਧਾਰ 'ਤੇ ਮੁਲਜ਼ਮ ਗੁਰਜੀਤ ਸਿੰਘ ਦੇ ਖ਼?ਲਾਫ਼ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ ਤੇ ਉਸ ਨੂੰ ਕਾਬੂ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਗੈਸ ਏਜੰਸੀ ਦੇ ਡਲਿਵਰੀਮੈਨ ਨੂੰ ਗੰਨ ਪੁਆਇੰਟ 'ਤੇ ਲੁੱਟਿਆ ! ਫੈਡਰੇਸ਼ਨ ਵੱਲੋਂ ਸਪਲਾਈ ਠੱਪ ਕਰਨ ਦੀ ਚੇਤਾਵਨੀ

ਲੁਧਿਆਣਾ 18 ਜੂਨ। ਮਹਾਨਗਰ ਵਿਚ ਚੋਰਾਂ ਅਤੇ ਲੁਟੇਰਿਆਂ ਦੀ ਅੱਤ ਲਗਾਤਾਰ ਵਧਦੀ ਜਾ ਰਹੀ ਹੈ ਤੇ ਪੁਲਸ ਪ੍ਰਸ਼ਾਸਨ ਇਸ ਗੰਭੀਰ ਮਾਮਲੇ ਨੂੰ ਲੈ ਕੇ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਿਹਾ ਹੈ। ਤਾਜ਼ਾ ਮਾਮਲਾ ਦੀਵਾਨ ਗੈਸ ਏਜੰਸੀ ਦੇ ਡਲਿਵਰੀਮੈਨ ਦੇ ਨਾਲ ਇਕ ਵਾਰ ਫਿਰ ਹੋਈ ਲੁੱਟਖੋਹ ਦੀ ਵਾਰਦਾਤ ਨਾਲ ਜੁੜਿਆ ਹੋਇਆ ਹੈ। ਜਾਣਕਾਰੀ ਮੁਤਾਬਕ ਬੇਖੌਫ ਲੁਟੇਰਿਆਂ ਵੱਲੋਂ ਸਿਰਫ 3 ਦਿਨਾ ਵਿਚ ਹੀ ਦੀਵਾਨ ਗੈਸ ਏਜੰਸੀ ਦੇ ਡਲਿਵਰੀਮੈਨ ਵੱਲੋਂ ਪ੍ਰਸਾਦ ਯਾਦਵ ਨੂੰ ਜਾਨਲੇਵਾ ਹਥਿਆਰਾਂ ਦੀ ਨੋਕ 'ਤੇ ਲੈਂਦੇ ਲੁੱਟਖੋਹ ਦੀ ਦੂਜੀ ਵਾਰਦਾਤ ਕੀਤੀ ਹੈ। ਜਾਣਕਾਰੀ ਦਿੰਦੇ ਪੀੜਤ ਦਵਾਰਕਾ ਪ੍ਰਸਾਦ ਯਾਦਵ ਨੇ ਦੱਸਿਆ ਕਿ ਬਸਤੀ ਜੋਧੇਵਾਲ ਦੇ ਰਾਹੋਂ ਰੋਡ ਸਥਿਤ ਇਲਾਕੇ ਵਿਚ ਘਰੇਲੂ ਗੈਸ ਦੀ ਸਪਲਾਈ ਕਰ ਰਿਹਾ ਸੀ। ਇਸ ਦੌਰਾਨ ਬਿਨਾਂ ਨੰਬਰ ਦੇ ਮੋਟਰਸਾਈਕਲ 'ਤੇ ਆਏ ਦੋ ਨਕਾਬਪੋਸ਼ ਲੁਟੇਰਿਆਂ ਨੇ ਉਸ ਦੇ ਮੱਥੇ 'ਤੇ ਪਿਸਤੌਲ ਤਾਣ ਕੇ ਗੋਲੀ ਮਾਰਨ ਦੀ ਧਮਕੀ ਦਿੰਦੇ ਗੀਬ 16000 ਦੀ ਨਗਦੀ ਲੁੱਟ ਲਈ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦੇ ਫਰਾ ਹੋ ਗਏ। ਦੀਵਾਨ ਗੈਸ ਏਜੰਸੀ ਦੇ ਮਾਲਕ ਭਾਰਤ ਦੀਵਾਨ ਨੇ ਕਿਹਾ ਕਿ ਆਏ ਦਿਨ ਲੁੱਟਖੋਹ ਦੀਆਂ ਹੋ ਰਹੀਆਂ ਵਾਰਦਾਤਾਂ ਕਾਰਨ ਗੈਸ ਏਜੰਸੀ ਦੇ ਡਲਿਵਰੀਮੈਨ ਡਰ ਤੇ ਦਹਿਸ਼ਤ ਵਿਚ ਕੰਮ ਕਰਨ ਲਈ ਮਜਬੂਰ ਹਨ। ਲੁਟੇਰਿਆਂ ਨੂੰ ਪੁਲਸ ਦਾ ਕੋਈ ਡਰ ਨਹੀਂ ਰਿਹਾ ਖੱਲੇਆਮ ਦਿਨ ਦਿਹਾੜੇ ਵਾਰਦਾਤਾਂ ਕਰ ਰਹੇ ਹਨ। ਲੁਧਿਆਣਾ ਵਿਚ ਜੰਗਲ ਰਾਜ ਕਾਇਮ ਹੋ ਚੁੱਕਾ ਹੈ। ਪੁਲਸ ਅਧਿਕਾਰੀ ਖੁੱਲ੍ਹੀਆਂ ਅੱਖਾਂ ਨਾਲ ਸਾਰਾ ਤਮਾਸ਼ਾ ਦੇਖ ਰਹੇ ਹਨ। ਲੁਟੇਰਿਆਂ ਵੱਲੋਂ ਮਚਾਈ ਜਾ ਰਹੀ ਅੱਤ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਵਿਚ ਹੋਣ ਸਬੰਧੀ ਕੀਤੇ ਜਾ ਰਹੇ ਸਾਰੇ ਦਾਅਵਿਆਂ ਦਾ ਮਜ਼ਾਕ ਉਡਾਉਂਦੇ ਨਜ਼ਰ ਆ ਰਹੇ ਹਨ। ਅਜਿਹੀਆਂ ਵਾਰਦਾਤਾਂ ਹੋਣ ਕਾਰਨ ਵੱਖ ਵੱਖ ਗੈਸ ਏਜੰਸੀਆਂ ਦੇ ਡਲਿਵਰੀਮੈਨਾਂ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਜਾਨ ਜੋਖਮ ਵਿਚ ਪਾ ਕੇ ਕੰਮ ਨਹੀਂ ਕਰ ਸਕਦੇ ਤੇ ਕੰਮ ਛੱਡ ਕੇ ਘਰਾਂ ਨੂੰ ਪਰਤਣ ਦੀ ਸੋਚ ਰਹੇ ਹਨ। ਜਾਣਕਾਰੀ ਦਿੰਦੇ ਦੀਵਾਨ ਗੈਸ ਏਜੰਸੀ ਦੇ ਮਾਲਕ ਭਾਰਤ ਦੀਵਾਨ ਨੇ ਦੱਸਿਆ ਕਿ ਲੁੱਟਖੋਹ ਦੀ ਵਾਰਦਾਤ ਤੋਂ ਤੁਰੰਤ ਬਾਅਦ ਡਲਿਵਰੀਮੈਨ ਦਵਾਰਕਾ ਪ੍ਰਸਾਦ ਵੱਲੋਂ ਪੁਲਸ ਨੂੰ ਜਾਣਕਾਰੀ ਦਿੱਤੀ । ਮੌਕੇ 'ਤੇ ਪੀ.ਸੀ.ਆਰ. ਪੁਲਸ ਮੁਲਾਜ਼ਮ ਬੁਲਾਏ ਗਏ ਸਨ ਤੇ ਉਨ੍ਹਾਂ ਵੱਲੋਂ ਮਾਮਲੇ ਦੀ ਸ਼ਿਕਾਇਤ ਥਾਣਾ ਬਸਤੀ ਜੋਧੇਵਾਲ ਦੀ ਪੁਲਸ ਕੋਲ ਦਰਜ ਕਰਵਾ ਦਿੱਤੀ ਗਈ ਸੀ। ਲੁਧਿਆਦਾ ਐੱਲ.ਪੀ.ਜੀ. ਗੈਸ ਫੈਡਰੇਸ਼ਨ ਦਾ ਕਹਿਣਾ ਹੈ ਕਿ ਜੇਕਰ ਪੁਲਸ ਵੱਲੋਂ ਜਲਦ ਇਸ ਮਾਮਲੇ ਵਿਚ ਮੁਲਜ਼ਮਾਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਮਜਬੂਰੀ ਵੱਸ ਗੈਸ ਸਿਲੰਡਰਾਂ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ।



# ਈਡੀ ਨੇ ਨਰੇਸ਼ ਕੁਮਾਰ ਨੂੰ ਕੀਤਾ ਗ੍ਰਿਫ਼ਤਾਰ, ਸ਼ੈੱਲ ਕੰਪਨੀਆਂ ਦਾ ਨੈੱਟਵਰਕ ਆਇਆ ਸਾਹਮਣੇ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 18 ਜੂਨ। ਈਡੀ ਨੇ 9463 ਬੈਂਕ ਨਾਲ ਜੁੜੇ 645 ਕਰੋੜ ਰੁਪਏ ਦੇ ਵੱਡੇ ਘੁਟਾਲੇ ਵਿੱਚ ਇੱਕ ਹੋਰ ਵੱਡੀ ਕਾਰਵਾਈ ਕੀਤੀ ਹੈ। ਜਾਂਚ ਏਜੰਸੀ ਨੇ 10 ਜੂਨ, 2026 ਨੂੰ ਹਰਿਆਣਾ ਪੰਚਾਇਤ ਵਿਭਾਗ ਦੇ ਤਤਕਾਲੀ ਸੁਪਰਡੈਂਟ ਨਰੇਸ਼ ਕੁਮਾਰ ਨੂੰ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਗ੍ਰਿਫ਼ਤਾਰ ਕੀਤਾ ਸੀ। ਅਦਾਲਤ ਨੇ ਦੋਸ਼ੀ ਨਰੇਸ਼ ਕੁਮਾਰ ਨੂੰ 14 ਜੂਨ ਤੱਕ ਚਾਰ ਦਿਨਾਂ ਲਈ ਈਡੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸ ਮਾਮਲੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਸਰਕਾਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦੋ ਨਿੱਜੀ ਸਕੂਲਾਂ ਦੇ ਖਾਤਿਆਂ ਵਿੱਚੋਂ ਲਗਭਗ 645 ਕਰੋੜ ਰੁਪਏ ਦਾ ਗਬਨ ਕੀਤਾ ਗਿਆ ਸੀ। ਈਡੀ ਮੁਤਾਬਕ ਇਹ ਪੂਰੀ ਯੋਜਨਾ ਵਿਕਰਮ ਵਧਵਾ, ਰਿਭਵ ਰਿਸ਼ੀ, ਅਭੈ ਕੁਮਾਰ, ਕੁਝ ਬੈਂਕ ਅਧਿਕਾਰੀਆਂ ਅਤੇ ਸਰਕਾਰੀ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਅੰਜਾਮ ਦਿੱਤੀ ਗਈ ਸੀ। ਸਵਾਸਤਿਕ ਦੇਸ਼ ਪ੍ਰੋਜੈਕਟ ਨਾਮ ਦੀ ਇੱਕ ਸ਼ੈੱਲ ਕੰਪਨੀ ਦੀ ਵਰਤੋਂ ਸਰਕਾਰੀ ਫੰਡਾਂ ਨੂੰ ਲਾਂਡਰ ਕਰਨ ਲਈ ਕੀਤੀ ਗਈ ਸੀ। ਗ੍ਰਿਫ਼ਤਾਰ ਨਰੇਸ਼ ਕੁਮਾਰ 'ਤੇ ਸਰਕਾਰੀ ਫੰਡ ਸਿੱਧੇ ਪ੍ਰਾਪਤ ਕਰਨ ਅਤੇ ਨਕਦੀ ਦੇ ਟਰੇਲ ਨੂੰ ਲੁਕਾਉਣ ਵਿੱਚ ਮੁੱਖ ਭੂਮਿਕਾ ਨਿਭਾਉਣ ਦਾ ਦੋਸ਼ ਹੈ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਨਰੇਸ਼ ਕੁਮਾਰ ਅਤੇ ਉਸਦੇ ਪਰਿਵਾਰ ਦੇ ਬੈਂਕ ਖਾਤਿਆਂ ਵਿੱਚ 1.20 ਕਰੋੜ ਰੁਪਏ ਟ?ਰਾਂਸਫਰ ਕੀਤੇ ਗਏ ਸਨ। ਕਈ ਸ਼ੈੱਲ ਕੰਪਨੀਆਂ ਜਿਵੇਂ ਕੈਪਕੋ ਫਿਨਟੈਕ, ਆਰਐਸ ਟਰੇਡਰਜ਼ ਅਤੇ ਐਸਆਰਆਰ ਪਲੈਨਿੰਗ ਗੁਰੂ, ਨੂੰ ਘੁਟਾਲੇ ਦੀ ਕਮਾਈ ਨੂੰ ਲਾਂਡਰ ਕਰਨ ਲਈ ਵਰਤਿਆ ਗਿਆ ਸੀ। ਈਡੀ ਦਾ ਦਾਅਵਾ ਹੈ ਕਿ ਸੈਂਕੜੇ ਕਰੋੜ ਰੁਪਏ ਵੱਖ-ਵੱਖ ਵਪਾਰੀਆਂ ਨੂੰ ਭੇਜੇ ਗਏ ਸਨ ਅਤੇ ਬਦਲੇ ਵਿੱਚ ਨਕਦੀ ਪ੍ਰਾਪਤ ਕੀਤੀ ਗਈ ਸੀ। ਇਹ ਨਕਦੀ ਫਿਰ ਰਿਭਵ ਰਿਸ਼ੀ ਅਤੇ ਉਸਦੇ ਸਾਥੀਆਂ ਦੁਆਰਾ ਰਿਸ਼ਵਤ ਦੇ ਰੂਪ ਵਿੱਚ ਵੱਖ-ਵੱਖ ਸਰਕਾਰੀ ਅਧਿਕਾਰੀਆਂ ਨੂੰ ਵੰਡੀ ਗਈ ਸੀ। ਇਸ ਮਾਮਲੇ ਵਿੱਚ ਰਿਭਵ ਰਿਸ਼ੀ, ਅਭੈ ਕੁਮਾਰ ਅਤੇ ਵਿਕਰਮ ਵਧਵਾ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਈਡੀ ਟੀਮ ਹੁਣ ਪੂਰੇ ਵਿੱਤੀ ਟ?ਰੇਲ, ਘੁਟਾਲੇ ਤੋਂ ਲਾਭ ਉਠਾਉਣ ਵਾਲੇ ਹੋਰ ਵਿਅਕਤੀਆਂ ਅਤੇ ਇਸ ਪੈਸੇ ਨਾਲ ਖਰੀਦੀਆਂ ਗਈਆਂ ਜਾਇਦਾਦਾਂ ਦੀ ਜਾਂਚ ਕਰ ਰਹੀ ਹੈ।

## ਸਿਵਲ ਸਰਜਨ ਗੁਰਦਾਸਪੁਰ ਨੇ ਸਿਵਲ ਹਸਪਤਾਲ ਬਟਾਲਾ ਦਾ ਕੀਤਾ ਅਚਨਚੇਤ ਦੌਰਾ

ਬਟਾਲਾ 18 ਜੂਨ। ਅੱਜ ਸਿਵਲ ਸਰਜਨ ਗੁਰਦਾਸਪੁਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਵੱਲੋਂ ਸਿਵਲ ਹਸਪਤਾਲ ਬਟਾਲਾ ਦਾ ਅਚਨਚੇਤ ਦੌਰਾ ਕੀਤਾ ਗਿਆ ਅਤੇ ਹਸਪਤਾਲ ਦੇ ਵੱਖ-ਵੱਖ ਵਾਰਡਾਂ ਤੇ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਐੱਸ. ਐੱਮ. ਓ. ਬਟਾਲਾ ਡਾ. ਮਨਿੰਦਰਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ। ਸਿਵਲ ਸਰਜਨ ਡਾ. ਮਹੇਸ਼ ਕੁਮਾਰ ਪ੍ਰਭਾਕਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਸਪਤਾਲ 'ਚ ਮਰੀਜ਼ਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਸ਼ਹਿਰ ਦੇ ਹਾਥੀ ਗੇਟ ਅਤੇ ਸੁੱਖਾ ਸਿੰਘ ਮਹਿਤਾਬ ਸਿੰਘ ਚੌਕ 'ਚ ਉਸਾਰੀ ਅਧੀਨ ਮੁਹੱਲਾ ਕਲੀਨਿਕਾਂ ਦਾ ਵੀ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਐੱਸ. ਐੱਮ. ਓ. ਡਾ. ਮਨਿੰਦਰਜੀਤ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਬਟਾਲਾ ਵੱਲੋਂ ਲੋਕਾਂ ਨੂੰ 24 ਘੰਟੇ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਸਪਤਾਲ 'ਚ ਨਵੀਂ ਅਲਟਰਾਸਾਊਂਡ ਮਸ਼ੀਨ ਪਹੁੰਚ ਚੁੱਕੀ ਹੈ, ਜੋ ਇਕ-ਦੋ ਦਿਨਾਂ 'ਚ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਨਵੀਂ ਡਿਜੀਟਲ ਐਕਸਰੇ ਮਸ਼ੀਨ ਵੀ ਜਲਦ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਥੀ ਗੇਟ ਅਤੇ ਸੁੱਖਾ ਸਿੰਘ ਮਹਿਤਾਬ ਸਿੰਘ ਚੌਕ 'ਚ ਬਣ ਰਹੇ ਮੁਹੱਲਾ ਕਲੀਨਿਕਾਂ ਦਾ ਕੰਮ ਅੱਜ ਮੁਕੰਮਲ ਹੋ ਜਾਵੇਗਾ ਅਤੇ 15 ਜੂਨ ਨੂੰ ਇਹ ਲੋਕਾਂ ਨੂੰ ਸਮਰਪਿਤ ਕਰ ਦਿੱਤੇ ਜਾਣਗੇ।

# ਜਲੰਧਰ 'ਚ ਕੁਲਚੇ ਵੇਚਣ ਵਾਲੇ ਦੇ ਮੁੰਡੇ ਦੀ ਹੋ ਗਈ ਭਾਰਤੀ ਕ੍ਰਿਕਟ ਟੀਮ ਲਈ ਚੋਣ, ਪਰਿਵਾਰ 'ਚ ਖ਼ੁਸ਼ੀ ਦੀ ਲਹਿਰ

**ਕੌਮੀ ਪਤ੍ਰਿਕਾ**

ਜਲੰਧਰ 18 ਜੂਨ। ਜਲੰਧਰ ਦੇ ਨੌਜਵਾਨ ਕ੍ਰਿਕਟਰ ਅਰਜੁਨ ਰਾਜਪੂਤ ਦੀ ਭਾਰਤੀ ਅੰਡਰ-19 ਕ੍ਰਿਕਟ ਟੀਮ ਵਿਚ ਚੋਣ ਹੋਈ ਹੈ। ਦਰਅਸਲ ਸ਼?ਰੀਲੰਕਾ ਦੌਰੇ 'ਤੇ ਜਾਣ ਵਾਲੀ ਬੀ.ਸੀ.ਸੀ.ਆਈ. ਦੀ ਟੀਮ ਵਿਚ ਉਸ ਦਾ ਨਾਂ ਸ਼ਾਮਲ ਹੋਇਆ ਹੈ। ਕੂਚ ਬਿਹਾਰ ਟ?ਰਾਫ਼ੀ ਵਿਚ ਕੇਰਲ ਦੇ ਖ਼?ਲਾਫ਼ 200 ਦੌੜਾਂ ਬਣਾ ਕੇ ਅਰਜੁਨ ਸਿਲੈਕਟਰ ਦੀ ਨਜ਼ਰ ਵਿਚ ਆਏ। ਅਰਜੁਨ ਨੇ ਅੰਡਰ-14 ਅਤੇ ਅੰਡਰ-16 ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਕੂਚ ਬਿਹਾਰ ਟਰਾਫੀ ਐਲੀਟ ਮੁਕਾਬਲੇ ਵਿਚ ਪੰਜਾਬ ਲਈ ਖੇਡਦੇ ਹੋਏ ਉਸ ਦੇ ਸੌਰਾਸ਼ਟਰ ਖ਼?ਲਾਫ਼ 121 ਦੌੜਾਂ ਦੀ ਯਾਦਗਾਰ ਸੈਂਕੜੇ ਵੀ ਖੇਡੀ ਸੀ। ਪੰਜਾਬ ਤੋਂ ਚਾਰ ਖਿਡਾਰੀਆਂ ਦੀ ਟੀਮ ਇੰਡੀਆ ਦੀ ਅੰਡਰ-19 ਟੀਮ ਵਿਚ ਸਿਲੈਕਸ਼ਨ ਹੋਈ ਹੈ। ਇਨ੍ਹਾਂ ਵਿਚ ਸਾਗਰ ਵਿਰਕ (ਪਟਿਆਲਾ) ਅਰਜੁਨ ਰਾਜਪੂਤ (ਜਲੰਧਰ), ਅਨਮੋਲਜੀਤ ਸਿੰਘ (ਲੁਧਿਆਣਾ) ਅਤੇ ਇਸ਼ਾਨ ਸੂਦ (ਰੋਪੜ) ਸ਼ਾਮਲ ਹਨ। ਜਲੰਧਰ ਦੇ ਰਾਮ ਨਗਰ ਦੇ ਰਹਿਣ ਵਾਲੇ ਅਰਜੁਨ ਨੇ 7 ਸਾਲ ਦੀ ਉਮਰ ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਸੀ। ਖੱਬੇ ਹੱਥ ਦੇ ਅਰਜੁਨ ਨੇ ਆਪਣੀ ਸ਼ੁਰੂਆਤੀ ਕੋਚਿੰਗ ਜਲੰਧਰ ਦੇ ਕੋਚ ਵਿਕਰਮ ਸਿੱਧੂ ਤੋਂ ਪ੍ਰਾਪਤ ਕੀਤੀ ਸੀ। ਵਿਕਰਮ ਸਿੱਧੂ ਉਹ ਵਿਅਕਤੀ ਹਨ, ਜਿਨ੍ਹਾਂ ਨੇ ਬਚਪਨ 'ਚ ਅਰਜੁਨ ਦੀ ਪ੍ਰਤਿਭਾ ਨੂੰ ਪਛਾਣਿਆ, ਉਸ ਨੂੰ ਮਾਰਗਦਰਸ਼ਨ ਕੀਤਾ ਅਤੇ ਉਸ ਦੇ ਪਹਿਲੇ ਬੱਲੇ ਨੂੰ ਸਪਾਂਸਰ ਵੀ ਕੀਤਾ। ਇਸ ਤੋਂ ਇਲਾਵਾ ਅਰਜੁਨ ਨੇ ਜਲੰਧਰ 'ਚ ਪੀ. ਏ. ਪੀ. ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਅਕੈਡਮੀਆਂ ਵਿੱਚ ਹਿੱਸਾ ਲੈ ਕੇ ਆਪਣੇ ਹੁਨਰ ਨੂੰ ਨਿਖਾਰਿਆ। ਪੀ. ਏ. ਪੀ. ਜਲੰਧਰ ਸਾਬਕਾ ਕ੍ਰਿਕਟਰ ਹਰਭਜਨ ਸਿੰਘ (ਭੱਜੀ) ਦੀ ਅਕੈਡਮੀ ਹੈ। ਅਰਜੁਨ ਦੇ ਕ੍ਰਿਕਟ ਪ੍ਰਤੀ ਜਨੂੰਨ ਨੂੰ ਵੇਖਦੇ ਹੋਏ ਜਲੰਧਰ ਦੇ ਇਕ ਨਿੱਜੀ ਸਕੂਲ ਨੇ ਉਸ ਨੂੰ 100 ਫ਼ੀਸਦੀ ਸਕਾਲਰਸ਼ਿਪ ਦੀ ਪੇਸ਼ਕਸ਼ ਕੀਤੀ, ਜਿਸ ਨਾਲ ਉਸ ਨੂੰ ਆਪਣੀ ਪੜ੍ਹਾਈ ਜਾਰੀ ਰੱਖਦੇ ਹੋਏ ਆਪਣੇ ਹੁਨਰ ਨੂੰ ਨਿਖਾਰਨ ਦਾ ਮੌਕਾ ਮਿਲਿਆ। ਅਰਜੁਨ ਦੇ ਪਿਤਾ ਹੋਤੀ ਰਾਮ ਡੀ. ਏ. ਵੀ. ਕਾਲਜ ਨੇੜੇ ਛੋਲੇ-ਕੁਲਚੇ ਵੇਚਦੇ ਹਨ। ਉਨ੍ਹਾਂ ਦੱਸਿਆ ਕਿ ਆਪਣੀ ਘੱਟ ਆਮਦਨ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਪੁੱਤਰ ਦੇ ਕ੍ਰਿਕਟਰ ਬਣਨ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ. ਸੀ. ਏ) ਅਤੇ ਜਲੰਧਰ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਅਰਜੁਨ ਨੂੰ ਉਸ ਦੀ ਚੋਣ 'ਤੇ ਵਧਾਈ ਦਿੱਤੀ। ਮਾਂ ਨੰਦਿਨੀ ਦੇਵੀ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਦੀ ਭਾਰਤੀ ਅੰਡਰ-19 ਕ੍ਰਿਕਟ ਟੀਮ 'ਚ ਚੋਣ ਤੋਂ ਬਾਅਦ ਪਰਿਵਾਰ ਬਹੁਤ ਖ਼ੁਸ਼ ਹੈ। ਉਸ ਦਾ ਸੁਫ਼ਨਾ ਸੱਚ ਹੋ ਰਿਹਾ ਹੈ। ਉਸ ਦੀ ਭੈਣ ਨੇ ਕਿਹਾ ਕਿ ਉਸ ਦੇ ਭਰਾ ਨੂੰ ਇਕ ਰਾਤ ਪਹਿਲਾਂ ਉਸ ਦੀ ਚੋਣ ਬਾਰੇ ਪਤਾ ਲੱਗਾ। ਵਧਾਈ ਦੇਣ ਵਾਲਿਆਂ ਦੇ ਹੁਣ ਫੋਨ ਆ ਰਹੇ ਹਨ। ਅਰਜੁਨ ਰਾਜਪੂਤ ਟੀਮ ਲਈ ਇਕ ਆਲਰਾਊਂਡਰ ਵਜੋਂ ਖੇਡਦਾ ਹੈ। ਉਹ ਇਕ ਖੱਬੇ ਹੱਥ ਦੇ ਬੱਲੇਬਾਜ਼ ਅਤੇ ਸੱਜੇ ਹੱਥ ਦਾ ਮੱਧਮ ਗਤੀ ਵਾਲਾ ਗੇਂਦਬਾਜ਼ ਹੈ। ਉਹ ਆਪਣੀ ਬੱਲੇਬਾਜ਼ੀ ਅਤੇ ਗੇਂਦਬਾਜ਼ੀ ਨਾਲ ਟੀਮ ਦਾ ਸਮਰਥਨ ਕਰਦਾ ਹੈ। 2007 ਵਿੱਚ ਜਲੰਧਰ ਵਿੱਚ ਜੰਮਿਆ ਅਰਜੁਨ ਰਾਜਪੂਤ ਸਾਬਕਾ ਭਾਰਤੀ ਕ੍ਰਿਕਟ ਦਿੱਗਜ ਯੁਵਰਾਜ ਸਿੰਘ ਨੂੰ ਆਦਰਸ਼ ਮੰਨਦਾ ਹੈ ਅਤੇ ਉਸ ਵਾਂਗ ਬੱਲੇਬਾਜ਼ੀ ਕਰਨਾ ਪਸੰਦ ਕਰਦਾ ਹੈ।



# ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਰਾਜਾ ਵੜਿੰਗ ਦਾ ਵੱਡਾ ਬਿਆਨ

ਚੰਡੀਗੜ੍ਹ 18 ਜੂਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ 'ਚ ਹੋਣ ਵਾਲੀਆਂ ਅਗਲੀਆਂ ਚੋਣਾਂ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਲੀਡਰ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਇਸ ਲੜੀ ਹੇਠ ਇੱਕ ਸਵਾਲ ਦੇ ਜਵਾਬ 'ਚ ਕਿ ਪੰਜਾਬ ਵਿਧਾਨ ਸਭਾ ਚੋਣਾਂ ਪਾਰਟੀ ਕਿਸ ਦੀ ਅਗਵਾਈ ਹੇਠ ਲੜੇਗੀ, ਵੜਿੰਗ ਨੇ ਕਿਹਾ ਕਿ ਕਾਂਗਰਸ ਖੜਗੇ ਅਤੇ ਰਾਹੁਲ ਦੀ ਅਗਵਾਈ ਹੇਠ ਹੀ ਚੋਣ ਲੜੇਗੀ ਅਤੇ ਇਸ 'ਚ ਕੋਈ ਸ਼ੱਕ ਨਹੀਂ ਹੈ। ਇਨ੍ਹਾਂ ਚੋਣਾਂ 'ਚ ਵੜਿੰਗ ਦੀ ਭੂਮਿਕਾ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਤੋਂ ਪਾਰਟੀ ਦੇ ਇੱਕ ਵਰਕਰ ਰਹੇ ਹਨ ਅਤੇ ਅੱਗੇ ਵੀ ਵਰਕਰ ਵਜੋਂ ਹੀ ਪਾਰਟੀ ਦੀ ਸੇਵਾ ਕਰਦੇ ਰਹਿਣਗੇ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ 'ਚ ਕਾਂਗਰਸ ਮਜ਼ਬੂਤ ਸਥਿਤੀ 'ਚ ਹੈ ਅਤੇ ਇਹ ਕੰਧ 'ਤੇ ਲਿਖਿਆ ਹੋਇਆ ਸਾਫ਼ ਨਜ਼ਰ ਆ ਰਿਹਾ ਹੈ ਕਿ ਅਗਲੀ ਸਰਕਾਰ ਕਾਂਗਰਸ ਦੀ ਬਣੇਗੀ। ਉਨ੍ਹਾਂ ਨੇ ਕਿਹਾ ਕਿ ਇਹ ਪੰਜਾਬ ਦੇ ਹਰ ਕਾਂਗਰਸੀ ਦਾ ਟੀਚਾ ਹੈ ਅਤੇ ਹਰ ਕੋਈ ਇਸ ਟੀਚੇ ਨੂੰ ਹਾਸਲ ਕਰਨ ਲਈ ਵਚਨਬੱਧ ਹੈ। ਉੱਥੇ ਹੀ ਵੜਿੰਗ ਨੇ ਬੇਅਦਬੀ ਅਤੇ ਬਹਿਬਲ ਕਲਾਂ ਪੁਲਸ ਗੋਲੀਕਾਂਡ ਦੇ ਮੁੱਦੇ 'ਤੇ ਸੂਬਾ ਸਰਕਾਰ ਦੀ ਸੁਸਤੀ ਅਤੇ ਮਾਮਲੇ 'ਚ ਕਾਰਵਾਈ ਨਾ ਕਰਨ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਨੇ ਹੈਰਾਨੀ ਜਤਾਈ ਕਿ ਸਾਢੇ ਚਾਰ ਸਾਲ ਬੀਤ ਜਾਣ ਅਤੇ ਤਤਕਾਲੀਨ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲ ਤਖ਼ਤ ਸਾਹਿਬ ਸਾਹਮਣੇ ਆਪਣੀ ਜ਼ਿੰਮੇਵਾਰੀ ਮੰਨਣ ਦੇ ਬਾਵਜੂਦ ਸਰਕਾਰ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੀ ਹੈ। ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਇੱਕ ਅਜਿਹੀ ਪਾਰਟੀ ਹੈ, ਜਿਹੜੀ ਆਪਣੇ ਆਗੂਆਂ ਦਾ ਸਨਮਾਨ ਕਰਦੀ ਹੈ ਅਤੇ ਉਨ੍ਹਾਂ ਦੀ ਅਹਿਮੀਅਤ ਨੂੰ ਕਾਇਮ ਰੱਖਦੀ ਹੈ।



## ਪੂਰਾ ਪਰਿਵਾਰ ਹੀ ਖ਼ਤਮ, ਪੰਜਾਬ 'ਚ ਵਾਪਰੇ ਹਾਦਸੇ 'ਚ ਪਿਓ ਸਣੇ ਦੋ ਧੀਆਂ ਦੀ ਮੌਤ

ਫ਼ਰੀਦਕੋਟ 18 ਜੂਨ। ਫ਼ਰੀਦਕੋਟ-ਫਿਰੋਜ਼ਪੁਰ ਰੋਡ 'ਤੇ ਨਾਨਕਸਰ ਬਸਤੀ ਨਜ਼ਦੀਕ ਇਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ, ਜਿੱਥੇ ਇੱਕ ਕਾਰ ਸਵਿਫਟ ਅਤੇ ਮੋਟਰਸਾਈਕਲ ਦੀ ਆਹਮੋ-ਸਾਹਮਣੇ ਟੱਕਰ ਦੌਰਾਨ ਇਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਹਾਦਸੇ ਵਿਚ ਮੋਟਰਸਾਈਕਲ ਸਵਾਰ ਵਿਅਕਤੀ ਅਤੇ ਉਸ ਦੀਆਂ ਦੋ ਮਾਸੂਮ ਧੀਆਂ ਦੀ ਮੌਤ ਹੋ ਗਈ, ਜਦੋਂ ਕਿ ਉਸਦੀ ਪਤਨੀ ਗੰਭੀਰ ਜ਼ਖਮੀ ਹੋ ਗਈ। ਰਾਹਗੀਰਾਂ ਪਾਸੋਂ ਮਿਲੀ ਜਾਣਕਾਰੀ ਅਨੁਸਾਰ ਇਕ ਸਵਿਫਟ ਕਾਰ ਫ਼ਰੀਦਕੋਟ ਤੋਂ ਫਿਰੋਜ਼ਪੁਰ ਵਾਲੇ ਪਾਸੇ ਜਾ ਰਹੀ ਸੀ ਤੇ ਫਿਰੋਜ਼ਪੁਰ ਵਾਲੇ ਪਾਸਿਓਂ ਇਕ ਮੋਟਰਸਾਈਕਲ ਸਵਾਰ ਆਪਣੀ ਪਤਨੀ ਤੇ ਬੱਚਿਆਂ ਸਮੇਤ ਫ਼ਰੀਦਕੋਟ ਨੂੰ ਆ ਰਿਹਾ ਸੀ। ਇਸ ਦੌਰਾਨ ਜਦੋਂ ਦੋਵੇਂ ਵਾਹਨ ਨਾਨਕਸਰ ਬਸਤੀ ਫ਼ਰੀਦਕੋਟ ਕੋਲ ਦੁਪਹਿਰ ਵੇਲੇ ਪੁੱਜੇ ਤਾਂ ਆਪਸ ਵਿਚ ਟੱਕਰ ਹੋਣ ਕਰਕੇ ਇਹ ਹਾਦਸਾ ਵਾਪਰ ਗਿਆ। ਰਾਹਗੀਰਾਂ ਅਨੁਸਾਰ ਕਾਰ ਅਤੇ ਮੋਟਰਸਾਈਕਲ ਟੱਕਰ ਇੰਨੀ ਭਿਆਨਕ ਸੀ ਕਿ ਮੋਟਰਸਾਈਕਲ ਪੂਰੀ ਤਰ੍ਹਾਂ ਤਬਾਹ ਹੋ ਗਿਆ ਅਤੇ ਕਾਰ ਦੇ ਡਰਾਈਵਰ ਸਾਈਡ ਵਾਲਾ ਪਾਸਾ ਵੀ ਨੁਕਸਾਨਿਆ ਗਿਆ। ਉਨ੍ਹਾਂ ਦੱਸਿਆ ਕਿ ਕਾਰ ਸਵਾਰ ਮੌਕੇ ਤੋਂ ਫਰਾਰ ਹੋ ਗਿਆ। ਇਸ ਭਿਆਨਕ ਹਾਦਸੇ ਵਿਚ, 32 ਸਾਲਾ ਮੇਜਰ ਸਿੰਘ ਅਤੇ ਉਸ ਦੀਆਂ ਦੋ ਛੋਟੀਆਂ ਧੀਆਂ (1 ਸਾਲ ਅਤੇ 2 ਸਾਲ) ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੇਜਰ ਸਿੰਘ ਦੀ ਪਤਨੀ, ਹਰਪ੍ਰੀਤ ਕੌਰ, ਗੰਭੀਰ ਜ਼ਖਮੀ ਹੋ ਗਈ ਅਤੇ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਦੂਜੇ ਪਾਸੇ ਘਟਨਾ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਕਾਬੂ ਵਿਚ ਕਰ ਲਿਆ।

# ਨਹਾਉਂਦੇ ਸਮੇਂ ਸਲਮਾਨ ਖ਼ਾਨ ਨਾਲ ਵਾਪਰੀ ਅਣਹੋਣੀ ! ਨਹਿਰ 'ਚ ਰੁੜ੍ਹ ਆ ਪੰਜਾਬ ਪੁਲਸ ਦਾ ਮੁਲਾਜ਼ਮ

**ਕੌਮੀ ਪਤ੍ਰਿਕਾ**

ਸ੍ਰੀ ਕੀਰਤਪੁਰ ਸਾਹਿਬ 18 ਜੂਨ। ਸ੍ਰੀ ਕੀਰਤਪੁਰ ਸਾਹਿਬ ਦੀ ਲੋਹੰਡ ਖੱਡ ਦੇ ਪਾਣੀ 'ਚ ਨਹਾਉਂਦੇ ਸਮੇਂ ਪੰਜਾਬ ਪੁਲਸ ਦਾ ਇਕ ਮੁਲਾਜ਼ਮ ਪਾਣੀ ਦੇ ਤੇਜ਼ ਬਹਾਅ ਵਿਚ ਰੁੜ੍ਹ ਗਿਆ, ਜਿਸ ਦੀ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਵੱਲੋਂ ਤੇਜ਼ੀ ਨਾਲ ਭਾਲ ਕੀਤੀ ਜਾ ਰਹੀ ਹੈ। ਪੁਲਸ ਮੁਲਾਜ਼ਮ ਦੀ ਪਛਾਣ ਸਲਮਾਨ ਖ਼ਾਨ (32) ਉਰਫ਼ ਲਾਡੀ ਪੁੱਤਰ ਇਧੂ ਖਾਨ, ਪਿੰਡ ਬਾਲੇਵਾਲ ਜ਼ਿਲ੍ਹਾ ਮਲੇਰਕੋਟਲਾ ਵਜੋਂ ਹੋਈ ਹੈ ਜੋਕਿ ਪੰਜਾਬ ਪੁਲਸ 'ਚ ਲੁਧਿਆਣਾ ਦੇ ਡਿਵੀਜ਼ਨ ਨੰਬਰ ਸੱਤ ਦੇ ਥਾਣੇ ਵਿਚ ਤਾਇਨਾਤ ਸੀ। ਇਸ ਤੋਂ ਪਹਿਲਾਂ ਵੀ ਇਥੇ ਕਈ ਨੌਜਵਾਨ ਨਹਾਉਂਦੇ ਸਮੇਂ ਪਾਣੀ ਵਿਚ ਰੁੜ੍ਹ ਕੇ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਲੋਹੰਡ ਖੱਡ ਦੇ ਤੇਜ਼ ਪਾਣੀ ਵਿਚ ਰੁੜ੍ਹੇ ਨੌਜਵਾਨ ਦੀ ਭੈਣ ਜਸਪਾਲ ਨੇ ਦੱਸਿਆ ਕਿ ਉਸ ਦਾ ਭਰਾ ਸਲਮਾਨ ਖ਼ਾਨ ਪੰਜਾਬ ਪੁਲਸ 'ਚ ਲੁਧਿਆਣਾ ਦੇ ਡਿਵੀਜ਼ਨ ਨੰਬਰ ਸੱਤ ਦੇ ਥਾਣੇ ਵਿਚ ਤਾਇਨਾਤ ਸੀ। ਉਸ ਦਾ ਵਿਆਹ 11 ਫਰਵਰੀ 2026 ਨੂੰ ਹੋਇਆ ਸੀ। ਉਹ ਆਪਣੇ ਭਰਾ ਸਲਮਾਨ ਖ਼ਾਨ, ਭਰਜਾਈ ਜਸ਼ਨ ਅਤੇ ਭਰਜਾਈ ਦੇ ਭਰਾ ਪੁਨੀਤ ਨਾਲ ਮਾਤਾ ਨੈਣਾ ਦੇਵੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਗੁਰੂ ਘਰਾਂ ਅਤੇ ਵਿਰਾਸਤ-ਏ-ਖਾਲਸਾ ਦੇ ਦਰਸ਼ਨਾਂ ਲਈ ਆਏ ਹੋਏ ਸਨ। ਬੀਤੇ ਦਿਨ ਉਹ ਇਨ੍ਹਾਂ ਅਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਆਪਣੇ ਘਰ ਨੂੰ ਜਾ ਰਹੇ ਸਨ ਕਿ ਕੀਰਤਪੁਰ ਸਾਹਿਬ ਲੋਹੰਡ ਖੱਡ ਵਿਚ ਲੋਕਾਂ ਨੂੰ ਨਹਾਉਂਦੇ ਵੇਖ ਕੇ ਉਹ ਵੀ ਇਥੇ ਰੁਕ ਗਏ। ਸ੍ਰੀ ਕੀਰਤਪੁਰ ਸਾਹਿਬ ਦੀ ਲੋਹੰਡ ਖੱਡ ਜਿਸ ਵਿਚ ਅਨੰਦਪੁਰ ਸਾਹਿਬ ਹਾਈਡਲ ਚੈਨਲ ਨਹਿਰ ਦਾ ਪਾਣੀ ਆਉਂਦਾ ਹੈ ਅਤੇ ਇਹ ਪਾਣੀ ਅੱਗੇ ਸਤਲੁਜ ਦਰਿਆ ਨੂੰ ਜਾਂਦਾ ਹੈ, ਵਿਚ ਨਹਾਉਣ ਲੱਗ ਪਏ। ਇਸ ਦੌਰਾਨ ਸਲਮਾਨ ਖਾਨ ਦਾ ਸਾਲਾ ਪੁਨੀਤ ਪਾਣੀ ਵਿਚ ਡੁੱਬਣ ਲੱਗਾ ਸੀ, ਜਿਸ ਨੂੰ ਉਸ ਦੇ ਭਰਾ ਸਲਮਾਨ ਖ਼ਾਨ ਨੇ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਸਾਲਾ ਤਾਂ ਬਾਹਰ ਆ ਗਿਆ ਪਰ ਸਲਮਾਨ ਖਾਨ ਉਰਫ਼ ਲਾਡੀ ਤੇਜ਼ ਪਾਣੀ ਦੇ ਬਹਾਅ ਵਿਚ ਰੁੜ੍ਹ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਥਾਣਾ ਕੀਰਤਪੁਰ ਸਾਹਿਬ ਦੇ ਐੱਸ. ਐੱਚ. ਓ. ਰਾਹੁਲ ਸ਼ਰਮਾ ਵੱਲੋਂ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਦੀ ਮੰਗ 'ਤੇ ਐੱਸ. ਡੀ. ਆਰ. ਐੱਫ਼. ਦੀਆਂ ਟੀਮਾਂ ਨੂੰ ਮੌਕੇ 'ਤੇ ਤਾਇਨਾਤ ਕੀਤਾ ਗਿਆ। ਐੱਸ. ਡੀ. ਆਰ. ਐੱਫ਼. ਜਲੰਧਰ ਦੀ ਟੀਮ, ਜਿਸ ਦੀ ਅਗਵਾਈ ਸਬ ਇੰਸਪੈਕਟਰ ਦੀਪਕ ਕੁਮਾਰ ਕਰ ਰਹੇ ਸਨ, ਵੱਲੋਂ ਲਗਾਤਾਰ ਭਾਲ ਮੁਹਿੰਮ ਚਲਾਈ ਗਈ। ਅੱਜ ਸਵੇਰੇ ਕਰੀਬ ਸਾਢੇ 7 ਵਜੇ ਮੁੜ ਸ਼ੁਰੂ ਕੀਤੀ ਗਈ ਸਰਚ ਅਭਿਆਨ ਦੌਰਾਨ ਟੀਮ ਨੇ ਕਰੀਬ 11 ਵਜੇ ਘਟਨਾ ਸਥਾਨ ਤੋਂ ਲਗਭਗ ਡੇਢ ਕਿਲੋਮੀਟਰ ਦੂਰ ਸਤਲੁਜ ਦਰਿਆ ਵਿਚੋਂ ਸਲਮਾਨ ਖਾਨ ਦੀ ਲਾਸ਼ ਬਰਾਮਦ ਕਰ ਲਈ। ਲਾਸ਼ ਬਰਾਮਦ ਹੋਣ ਤੋਂ ਬਾਅਦ ਸ੍ਰੀ ਕੀਰਤਪੁਰ ਸਾਹਿਬ ਪੁਲਸ ਵੱਲੋਂ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਗਈ। ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਦੇਹ ਉਸ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਗਈ। ਸਲਮਾਨ ਖਾਨ ਦੀ ਮੌਤ ਨਾਲ ਪਰਿਵਾਰ ਅਤੇ ਪੁਲਸ ਮਹਿਕਮੇ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਵੀ ਉਕਤ ਥਾਂ 'ਤੇ ਇਕ ਫਰੀਦਾਬਾਦ ਯੂ.ਪੀ. ਦਾ ਨੌਜਵਾਨ ਨਹਾਉਂਦੇ ਸਮੇਂ ਪਾਣੀ ਦੇ ਵਿਚ ਰੁੜ੍ਹ ਗਿਆ ਸੀ। ਇਸ ਤੋਂ ਪਹਿਲਾਂ ਵੀ ਕਈ ਨੌਜਵਾਨ ਇੱਥੇ ਨਹਾਉਂਦੇ ਸਮੇਂ ਪਾਣੀ ਵਿਚ ਰੁੜ੍ਹ ਚੁੱਕੇ ਹਨ। ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐੱਸ. ਐੱਚ. ਓ. ਇੰਸਪੈਕਟਰ ਰਾਹੁਲ ਸ਼ਰਮਾ ਨੇ ਕਿਹਾ ਕਿ ਪੁਲਸ ਵੱਲੋਂ ਇਥੇ ਕਈ ਵਾਰ ਲੋਕਾਂ ਨੂੰ ਨਹਾਉਣ ਤੋਂ ਰੋਕਿਆ ਗਿਆ ਹੈ ਕਿਉਂਕਿ ਸਾਈਡ 'ਤੇ ਤਾਂ ਪਾਣੀ ਦਾ ਬਹਾਅ ਬਹੁਤ ਘੱਟ ਹੈ ਪਰ ਜਦੋਂ ਕੋਈ ਵਿਅਕਤੀ ਪਾਣੀ ਦੇ ਅੰਦਰ ਨੂੰ ਜਾਂਦਾ ਹੈ ਤਾਂ ਪਾਣੀ ਦਾ ਤੇਜ਼ ਵਹਾਅ ਉਸ ਨੂੰ ਅੱਗੇ ਨੂੰ ਰੋੜ ਕੇ ਲੈ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਾਣੀ ਵਿੱਚ ਬਹੁਤ ਵੱਡੇ ਛੋਟੇ ਪੱਥਰ ਹਨ, ਜਿਨ੍ਹਾਂ ਨਾਲ ਟਕਰਾ ਕੇ ਵਿਅਕਤੀ ਦੇ ਕਾਫ਼ੀ ਸੱਟਾਂ ਲੱਗ ਜਾਂਦੀਆਂ ਹਨ ਅਤੇ ਉਸ ਦਾ ਬਚਣਾ ਬਹੁਤ ਹੀ ਮੁਸ਼ਕਿਲ ਹੋ ਜਾਂਦਾ ਹੈ। ਥਾਣਾ ਮੁਖੀ ਨੇ ਕਿਹਾ ਕਿ ਲੋਕਾਂ ਨੂੰ ਆਪ ਵੀ ਚਾਹੀਦਾ ਹੈ ਕਿ ਉਹ ਡੂੰਘੇ ਪਾਣੀ ਵਿਚ ਨਾ ਨਹਾਉਣ। ਉਨ੍ਹਾਂ ਕਿਹਾ ਕਿ ਭਾਖੜਾ ਨਹਿਰ ਅਤੇ ਅਨੰਦਪੁਰ ਸਾਹਿਬ ਹਾਈਡਲ ਚੈਨਲ ਨਹਿਰ ਦੀਆਂ ਕੁਝ ਥਾਵਾਂ ਉੱਪਰ ਜੰਗਲੇ ਲੱਗੇ ਹੋਏ ਹਨ ਅਤੇ ਬੈਠਣ ਲਈ ਪੌੜੀਆਂ ਵੀ ਬਣੀਆਂ ਹੋਈਆਂ ਹਨ, ਅਜਿਹੀ ਥਾਂ 'ਤੇ ਜੋ ਵਿਅਕਤੀ ਨਹਾਉਂਦੇ ਹਨ, ਉਨ੍ਹਾਂ ਦਾ ਅਕਸਰ ਬਚਾਅ ਹੋ ਜਾਂਦਾ ਹੈ ਪਰ ਖੁੱਲ੍ਹੇ ਪਾਣੀ ਵਿਚ ਨਹਾਉਣ ਵਾਲੇ ਵਿਅਕਤੀਆਂ ਨੂੰ ਤੇਜ ਪਾਣੀ ਆਪਣੇ ਨਾਲ ਰੋੜ ਕੇ ਲੈ ਜਾਂਦਾ ਹੈ, ਜਿਨ੍ਹਾਂ ਦੀ ਬਾਅਦ ਵਿੱਚ ਸਿਰਫ਼ ਲਾਸ਼ ਹੀ ਮਿਲਦੀ ਹੈ।

